ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

6-12 ਸਤੰਬਰ 2023

ਸਾਲ 14ਵਾਂ - ਅੰਕ 37



email : info@sadelok.com

Ph. : 510-706-1300
Fax : 925-373-1300




ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਆਪ ਸਭ ਨੂੰ ਬਹੁਤ-ਬਹੁਤ ਮੁਬਾਰਕਾਂ। ਦੇਖੋ ਸਫ਼ਾ 39 'ਤੇ

## ਵਰਲਡ ਰਿਕਾਰਡ ਬਣਾਉਣ ਵਾਲੇ ਸਿੱਖ ਨੌਜਵਾਨ ਕੁੰਵਰ ਅੰਮ੍ਰਿਤਬੀਰ ਸਿੰਘ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ



23

## ਯੂ.ਕੇ. ਦੇ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੁਨਕ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਮੋਦੀ ਨਾਲ ਚੁੱਕਣ ਦੀ ਕੀਤੀ ਮੰਗ




4

## ਪਿੰਡ ਖਾਲੜਾ ਤੋਂ ਇੱਕ ਸਾਧਾਰਨ ਜਿਹੇ ਪਰਿਵਾਰ ਦੇ ਜਸਕਰਨ ਸਿੰਘ ਨੇ 'ਕੌਣ ਬਣੇਗਾ ਕਰੋੜਪਤੀ' 'ਚ ਜਿੱਤਿਆ 1 ਕਰੋੜ ਰੁਪਿਆ



25

# ਕੈਲੀਫੋਰਨੀਆ ਦੇ ਸ਼ਹਿਰ ਟਰੇਸੀ ਤੇ ਯੂਬਾਸਿਟੀ 'ਚ ਛਾਪੇ ਜਾਣਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ : ਐਸ.ਜੀ.ਪੀ.ਸੀ.



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ 'ਚ ਆਪਣੀ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪ੍ਰੈੱਸ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ 'ਚ ਲਗਾਈ ਜਾਵੇਗੀ, ਜਿੱਥੇ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਕੇਂਦਰ ਵੀ ਕਾਰਜਸ਼ੀਲ ਹੋਵੇਗਾ। ਇਸ ਦੇ ਨਾਲ ਹੀ ਅਮਰੀਕਾ ਦੇ ਯੂਬਾਸਿਟੀ ਵਿਖੇ ਵੀ ਧਰਮ ਪ੍ਰਚਾਰ ਕੇਂਦਰ ਬਣਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਇਹ ਫ਼ੈਸਲਾ ਕੀਤਾ ਗਿਆ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਵ. ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ

(ਦੇਖੋ ਸਫ਼ਾ 15 'ਤੇ)

# ਕੈਲੀਫੋਰਨੀਆ ਕਾਰੋਬਾਰੀ ਮਾਲਕਾਂ, ਸੰਸਦ ਮੈਂਬਰਾਂ ਨੇ ਖਤਰਨਾਕ ਚੋਰ ਨੀਤੀਆਂ ਵਿਰੁੱਧ ਗਵਰਨਰ ਹਾਊਸ ਸਾਹਮਣੇ ਪੰਜਾਬੀ ਸਟੋਰ ਮਾਲਕਾਂ ਵਲੋਂ ਭਾਰੀ ਰੋਸ ਮੁਜਾਹਰਾ




(ਦੇਖੋ ਸਫ਼ਾ 18 'ਤੇ)

# ਸਨਾਤਨ ਧਰਮ ਨੂੰ ਮਲੇਰੀਆ, ਡੇਂਗੂ ਤੇ ਕਰੋਨਾਵਾਇਰਸ ਵਾਂਗ ਖ਼ਤਮ ਕੀਤਾ ਜਾਵੇ: ਉਦੈਨਿਧੀ



ਚੇਨੱਈ : ਡੀਐੱਮਕੇ ਯੂਥ ਵਿੰਗ ਦੇ ਸਕੱਤਰ ਤੇ ਤਾਮਿਲਨਾਡੂ ਦੇ ਨੌਜਵਾਨ ਭਲਾਈ ਮੰਤਰੀ ਉਦੈਨਿਧੀ ਸਟਾਲਿਨ ਨੇ ਕਿਹਾ ਕਿ ਸਨਾਤਨ ਧਰਮ ਕਥਿਤ ਬਰਾਬਰੀ ਤੇ ਸਮਾਜਿਕ ਨਿਆਂ ਦੀ ਖਿਲਾਫ਼ਵਰਜ਼ੀ ਹੈ ਤੇ ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ।

## ਦੁਨੀਆ ਭਰ ਦੇ ਹਿੰਦੂਆਂ 'ਚ ਭਾਰੀ ਰੋਸ



ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ.ਸਟਾਲਿਨ ਦੇ ਪੁੱਤਰ ਉਦੈਨਿਧੀ ਨੇ ਕਿਹਾ ਕਿ ਸਨਾਤਨ ਧਰਮ ਕਰੋਨਾਵਾਇਰਸ, ਮਲੇਰੀਆ ਅਤੇ ਡੇਂਗੂ ਵਾਇਰਸ ਤੇ ਮੱਛਰਾਂ ਕਰਕੇ ਹੁੰਦੇ ਬੁਖਾਰ ਵਾਂਗ ਹੈ, ਤੇ ਅਜਿਹੀਆਂ ਚੀਜ਼ਾਂ ਦਾ ਵਿਰੋਧ ਨਹੀਂ ਬਲਕਿ ਇਨ੍ਹਾਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਉਦੈਨਿਧੀ ਸ਼ਨਿਚਰਵਾਰ ਨੂੰ ਤਾਮਿਲਨਾਡੂ ਪ੍ਰੋਗਰੈਸਿਵ

(ਦੇਖੋ ਸਫ਼ਾ 27 'ਤੇ)


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
USA Immigration
Citizenship
Green Card
Deportation Defense
Political Asylum
Detentaion Cases
Artists
Singers P3 Visas
Priest R1 Visas
Investors EB 5 Visas
L1 Business Visas
Family Law
Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇੱਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property



Property Address : 27022 River Roadm, Newman CA 95260.



## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਫਰਿਜ਼ਨੋ ਨਿਵਾਸੀ ਸ੍ਰ. ਅਰਵਿੰਦਰ ਸਹੋਤਾ ਦੇ ਪੁੱਤਰ ਦਿਲਪ੍ਰੀਤ ਦੇ ਵਿਆਹ 'ਤੇ ਲੱਗੀਆ ਰੌਣਕਾਂ

*ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਦਿੱਤਾ ਅਸ਼ੀਰਵਾਦ*



ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀਂ ਫਰਿਜ਼ਨੋ ਨਿਵਾਸੀ ਸ. ਅਰਵਿੰਦਰ ਸਿੰਘ ਸਹੋਤਾ ਦੇ ਲਾਡਲੇ ਸਪੁੱਤਰ ਦਿਲਪ੍ਰੀਤ ਸਿੰਘ ਸਹੋਤਾ (ਪੋਤਰਾ ਸ. ਨਿਰਮਲ ਸਿੰਘ ਸਹੋਤਾ ਅਤੇ ਭਤੀਜਾ ਨਰਿੰਦਰ ਸਿੰਘ ਨਿੱਕ ਸਹੋਤਾ) ਦਾ ਵਿਆਹ ਪੂਰਨ ਗੁਰ ਮਰਿਯਾਦਾ ਨਾਲ ਵਾਸ਼ਿੰਗਟਨ ਦੇ "ਗੁਰਦੁਆਰਾ ਸਿੰਘ ਸਭਾ ਆਫ ਵਸਿੰਗਟਨ" ਵਿਖੇ ਸ. ਗਗਨਦੀਪ ਸਿੰਘ ਬੈਂਸ ਦੀ ਲਾਡਲੀ ਬੇਟੀ ਹਰਕਿਰਤ ਕੌਰ ਬੈਂਸ ਨਾਲ ਹੋਇਆ। ਇਸ ਉਪਰੰਤ ਪਰਿਵਾਰ ਵੱਲੋਂ ਸਮੂੰਹ ਰਿਸ਼ਤੇਦਾਰਾਂ ਅਤੇ ਦੋਸ਼ਤਾਂ ਨੂੰ ਸ਼ਾਨਦਾਰ ਪਾਰਟੀ ਫਰਿਜ਼ਨੋ ਦੇ ਗੋਲਡਨ ਪੈਲਸ ਵਿੱਚ ਦਿੱਤੀ ਗਈ। ਜਿੱਥੇ ਸਮੂੰਹ ਪਰਿਵਾਰਕ ਰਿਸ਼ਤੇਦਾਰਾਂ ਅਤੇ ਮਿੱਤਰ-ਸੁਨੇਹੀਆਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ, ਉੱਥੇ ਹੋਰ ਇਲਾਕੇ ਭਰ ਦੀਆਂ ਅਮੈਰੀਕਨ ਅਤੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਰਾਜਨੀਤਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਵੀ ਆ ਕੇ ਨਵ-ਵਿਆਹੇ ਬੱਚਿਆਂ ਨੂੰ ਪਿਆਰ ਦਿੱਤਾ। ਇਸ ਖ਼ੁਸ਼ੀ ਭਰੇ ਮਾਹੌਲ ਵਿੱਚ ਸ਼ਾਨਦਾਰ ਪਾਰਟੀ ਦਾ ਸਭ ਨੇ ਭਰਪੂਰ ਅਨੰਦ ਮਾਣਿਆ। ਸਹੋਤਾ ਪਰਿਵਾਰ ਦਾ ਪਿਛੋਕੜ ਪੰਜਾਬ ਤੋਂ ਜ਼ਿਲ੍ਹਾ ਜਲੰਧਰ ਦੇ ਪਿੰਡ ਬੜਾ ਤੋਂ ਹੈ। ਜੋ ਬਹੁਤ ਲੰਮੇ ਅਰਸੇ ਤੋਂ ਕੈਲੇਫੋਰਨੀਆਂ ਦੇ ਸ਼ਹਿਰ ਸ਼ੈਲਮਾਂ ਅਤੇ ਫਰਿਜ਼ਨੋ ਵਿੱਚ ਰਹਿ ਰਹੇ ਹਨ। ਇਹ ਇਲਾਕੇ ਦੇ ਭਾਈਚਾਰਕ, ਧਾਰਮਿਕ ਅਤੇ ਰਾਜਨੀਤਿਕ ਕਾਰਜਾਂ ਵਿੱਚ ਹਿੱਸਾ ਲੈ ਪੰਜਾਬੀ ਭਾਈਚਾਰੇ ਦਾ ਮਾਣ ਵਧਾਉਣ ਵਾਲਾ ਪਰਿਵਾਰ ਹੈ। ਜੋ ਲੰਮੇ ਅਰਸੇ ਤੋਂ ਗੁਰਦੁਆਰਾ ਸੈਲਮਾਂ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਸਾਰੇ ਹਾਜ਼ਰ ਨਜਦੀਕੀਆਂ ਨੇ ਮਿਲ ਕੇ ਸਹੋਤਾ ਪਰਿਵਾਰ ਨਾਲ ਖ਼ੁਸ਼ੀ ਸਾਂਝੀ ਕੀਤੀ। ਮੇਰੇ ਅਤੇ ਸਾਡੇ ਮੀਡੀਆਂ ਗਰੁੱਪ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਸਮੂੰਹ ਸਹੋਤਾ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਾਂ। ਪਰਮਾਤਮਾ ਇਸ ਨਵ-ਵਿਆਹੀ ਜੋੜੀ ਨੂੰ ਖ਼ੁਸ਼ੀਆਂ ਅਤੇ ਚੜ੍ਹਦੀਕਲਾ ਬਖਸ਼ੇ।

# ਜੀ-20 ਸੰਮੇਲਨ 'ਚ ਕਿਹੜੀ ਭੂਮਿਕਾ ਨਿਭਾਉਣੀ ਹੈ ਇਸ ਸਬੰਧੀ ਚੀਨ ਕਰੇ ਫ਼ੈਸਲਾ: ਅਮਰੀਕਾ

ਵਾਸ਼ਿੰਗਟਨ : ਅਮਰੀਕਾ ਦੇ ਇਕ ਉੱਚ ਅਧਿਕਾਰੀ ਨੇ ਕਿਹਾ ਹੈ ਕਿ ਇਹ ਫੈਸਲਾ ਚੀਨ ਨੇ ਕਰਨਾ ਹੈ ਕਿ ਉਹ ਨਵੀਂ ਦਿੱਲੀ 'ਚ ਜੀ-20 ਸੰਮੇਲਨ 'ਚ ਕਿਹੜੀ ਭੂਮਿਕਾ ਨਿਭਾਉਣਾ ਚਾਹੁੰਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇ ਬੀਜਿੰਗ ਇਸ ਵਿਚ ਆਉਣਾ ਚਾਹੁੰਦਾ ਹੈ ਅਤੇ ÷ਵਿਗਾੜਨ ਵਾਲੇ÷ ਦੀ ਭੂਮਿਕਾ ਨਿਭਾਉਣਾ ਚਾਹੁੰਦਾ ਹੈ, ਤਾਂ ਇਹ ਵਿਕਲਪ ਉਸ ਲਈ ਉਪਲਬਧ ਹੈ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲਿਵਾਨ ਮੰਗਲਵਾਰ ਨੂੰ ਵ ?ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ 'ਚ ਜੀ-20 ਸੰਮੇਲਨ 'ਤੇ ਭਾਰਤ-ਚੀਨ ਸਰਹੱਦੀ ਤਣਾਅ ਦੇ ਪ੍ਰਭਾਵ 'ਤੇ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਕਿਹਾ, "ਜਿੱਥੋਂ ਤੱਕ ਭਾਰਤ ਅਤੇ ਚੀਨ ਦਰਮਿਆਨ ਤਣਾਅ ਦਾ (ਜੀ-20) ਸਿਖ਼ਰ ਸੰਮੇਲਨ ਨੂੰ ਪ੍ਰਭਾਵਿਤ ਕਰਨ ਦਾ ਸਵਾਲ ਹੈ, ਇਹ ਅਸਲ ਵਿੱਚ ਚੀਨ 'ਤੇ ਨਿਰਭਰ ਕਰਦਾ ਹੈ। ਜੇਕਰ ਚੀਨ ਇਸ ਵਿਚ ਆਉਣਾ ਚਾਹੁੰਦਾ



ਹੈ ਅਤੇ ਵਿਗਾੜਨ ਵਾਲੇ ਦੀ ਭੂਮਿਕਾ ਨਿਭਾਉਣਾ ਚਾਹੁੰਦਾ ਹੈ ਤਾਂ ਨਿਸ਼ਚਿਤ ਤੌਰ 'ਤੇ ਇਹ ਵਿਕਲਪ ਉਨ੍ਹਾਂ ਕੋਲ ਉਪਲਬਧ ਹੈ। ਸੁਲਿਵਨ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਜੀ-20 ਦਾ ਮੌਜੂਦਾ ਪ੍ਰਧਾਨ ਭਾਰਤ, ਉਨ੍ਹਾਂ ਨੂੰ ਉਹ ਕੰਮ ਕਰਨ ਲਈ ਉਤਸ਼ਾਹਿਤ ਕਰੇਗਾ, ਜੋ ਅਮਰੀਕਾ ਅਤੇ ਜੀ-20 ਦਾ ਹਰ ਦੂਜਾ ਮੈਂਬਰ ਕਰੇਗਾ, ਜੋ ਉਨ੍ਹਾਂ ਨੂੰ ਜਲਵਾਯੂ, ਬਹੁਪੱਖੀ ਵਿਕਾਸ, ਬੈਂਕ ਸੁਧਾਰ, ਕਰਜ਼ਾ ਰਾਹਤ, ਤਕਨਾਲੋਜੀ ਅਤੇ ਭੂ-ਰਾਜਨੀਤਿਕ ਸਵਾਲਾਂ ਤੋਂ ਪਰੇ ਸਮੱਸਿਆ-ਹੱਲ ਕਰਨ ਅਥੇ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਕੰਮ ਕਰਨ 'ਤੇ ਧਿਆਨ ਕੇਂਦਰਿਤ ਕਰਨ ਦੇ ਵਿਸ਼ੇ 'ਤੇ ਰਚਨਾਤਮਕ ਤਰੀਕੇ ਨਾਲ ਆਉਣ ਲਈ ਉਤਸ਼ਾਹਿਤ ਕਰੇਗਾ।'

ਚੀਨ ਦੇ ਵਿਦੇਸ਼ ਮੰਤਰਾਲਾ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਵੀਂ ਦਿੱਲੀ ਵਿੱਚ ਇਸ ਹਫ਼ਤੇ ਹੋਣ ਵਾਲੇ ਜੀ-20 ਸੰਮੇਲਨ ਵਿੱਚ ਸ਼ਾਮਲ ਨਹੀਂ ਹੋਣਗੇ ਅਤੇ ਵਫ਼ਦ ਦੀ ਅਗਵਾਈ ਪ੍ਰਧਾਨ ਮੰਤਰੀ ਲੀ ਕੇਕਿਯਾਂਗ ਕਰਨਗੇ। ਮੰਤਰਾਲਾ ਨੇ ਇਸ ਉੱਚ-ਪ੍ਰੋਫਾਈਲ ਮੀਟਿੰਗ ਨੂੰ ਸਫਲ ਬਣਾਉਣ ਲਈ ਸਾਰੀਆਂ ਪਾਰਟੀਆਂ ਨਾਲ ਕੰਮ ਕਰਨ ਲਈ ਬੀਜਿੰਗ ਦੀ ਇੱਛਾ ਜ਼ਾਹਰ ਕੀਤੀ। ਚੀਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਮਾਓ ਨਿੰਗ ਨੇ ਇਕ ਸੰਖੇਪ ਬਿਆਨ ਵਿਚ ਕਿਹਾ ਕਿ ਭਾਰਤ ਸਰਕਾਰ ਦੇ ਸੱਦੇ 'ਤੇ ਸਟੇਟ ਕੌਂਸਲ ਦੇ ਮੁਖੀ ਲੀ 9 ਅਤੇ 10 ਸਤੰਬਰ ਨੂੰ ਨਵੀਂ ਦਿੱਲੀ, ਭਾਰਤ ਵਿਚ ਹੋਣ ਵਾਲੇ 18ਵੇਂ ਜੀ-20 ਸੰਮੇਲਨ ਵਿਚ ਸ਼ਾਮਲ ਹੋਣਗੇ। ਭਾਰਤ 9 ਅਤੇ 10 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਸਾਲਾਨਾ 720 ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ।

# ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ 7 ਸਤੰਬਰ ਨੂੰ ਆਉਣਗੇ ਭਾਰਤ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਕੋਰੋਨਾ ਸੰਕਰਮਿਤ ਨਾ ਹੋਣ ਦੀ ਪੁਸ਼ਟੀ ਹੋ ਗਈ ਹੈ ਅਤੇ ਉਹ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਵੀਰਵਾਰ ਨੂੰ ਭਾਰਤ ਆਉਣਗੇ। ਇਸ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੀ ਬੈਠਕ ਕਰਨਗੇ। ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵ ?ਹਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ। ਇਸ ਐਲਾਨ ਤੋਂ ਇਕ ਦਿਨ ਪਹਿਲਾਂ ਸੋਮਵਾਰ ਨੂੰ ਅਮਰੀਕਾ ਦੀ



ਪਹਿਲੀ ਮਹਿਲਾ ਕੋਰੋਨਾ ਸੰਕਰਮਿਤ ਪਾਈ ਗਈ ਸੀ, ਜਿਸ ਤੋਂ ਬਾਅਦ ਬਾਈਡੇਨ ਦੀ ਵੀ ਜਾਂਚ ਕੀਤੀ ਗਈ ਸੀ। ਜਾਂਚ ਰਿਪੋਰਟ 'ਚ ਉਨ੍ਹਾਂ ਦੇ ਸੰਕਰਮਿਤ ਨਾ ਹੋਣ ਦੀ ਪੁਸ਼ਟੀ ਹੋਈ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਵ੍ਹਾਈਟ ਹਾਊਸ 'ਚ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਵੀਰਵਾਰ ਨੂੰ ਭਾਰਤ ਜਾਣਗੇ। ਉਨ੍ਹਾਂ ਦੱਸਿਆ ਕਿ ਬਾਈਡੇਨ ਪੀਐੱਮ ਮੋਦੀ ਨਾਲ ਦੁਵੱਲੀ ਮੀਟਿੰਗ ਕਰਨਗੇ। ਉਨ੍ਹਾਂ ਕਿਹਾ ਕਿ ਬਾਈਡੇਨ ਸ਼ਨੀਵਾਰ ਤੇ ਐਤਵਾਰ ਨੂੰ ਜੀ-20 ਸੰਮੇਲਨ ਦੇ ਅਧਿਕਾਰਤ ਸੈਸ਼ਨ 'ਚ ਹਿੱਸਾ ਲੈਣਗੇ।


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California
Benefits Identification Card
STATE OF CALIFORNIA
BENEFITS IDENTIFICATION CARD

Get more BENEFITS
at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਕੈਲੀਫੋਰਨੀਆ ਦੀ ਸੜਕ ਭਾਰਤੀ ਮੂਲ ਦੇ ਸ਼ਹੀਦ ਪੁਲਿਸ ਅਧਿਕਾਰੀ ਨੂੰ ਸਮਰਪਿਤ




ਵਾਸ਼ਿੰਗਟਨ : ਸ਼ਹੀਦ ਰਾਸ਼ਟਰੀ ਨਾਇਕ ਦਾ ਸਨਮਾਨ ਕਰਨ ਲਈ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਇਕ ਹਾਈਵੇਅ ਦਾ ਨਾਂ 33 ਸਾਲਾ ਭਾਰਤੀ ਮੂਲ ਦੇ ਪੁਲਸ ਅਧਿਕਾਰੀ ਰੋਨਿਲ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਸ ਦਾ ਸਾਲ 2018 ਵਿਚ ਇਕ ਗੈਰ-ਕਾਨੂੰਨੀ ਪ੍ਰਵਾਸੀ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਮੋਡੈਸਟੋ ਬੀ ਅਖ਼ਬਾਰ ਦੀ ਖ਼ਬਰ ਮੁਤਾਬਕ ਨਿਊਮੈਨ ਵਿੱਚ ਹਾਈਵੇਅ 33 ਦਾ ਇਹ ਭਾਗ ਸ਼ਨੀਵਾਰ ਨੂੰ ਨਿਊਮੈਨ ਪੁਲਸ ਵਿਭਾਗ ਦੇ ਲੀਓ ਨੂੰ ਸਮਰਪਿਤ ਕੀਤਾ ਗਿਆ। ਹਾਈਵੇਅ 33 ਅਤੇ ਸਟੂਹਰ ਰੋਡ 'ਤੇ ÷ਕਾਰਪੋਰਲ ਰੋਨਿਲ ਸਿੰਘ ਮੈਮੋਰੀਅਲ ਹਾਈਵੇਅ÷ ਦੀ ਘੋਸ਼ਣਾ ਕਰਨ ਵਾਲਾ ਇੱਕ ਚਿੰਨ੍ਹ ਲਗਾਇਆ ਗਿਆ ਹੈ। ਫਿਜੀ ਦਾ ਰਹਿਣ ਵਾਲਾ ਸਿੰਘ ਜੁਲਾਈ 2011 'ਚ ਫੋਰਸ 'ਚ ਭਰਤੀ ਹੋਇਆ ਸੀ। ਉਸ ਨੂੰ 26 ਦਸੰਬਰ, 2018 ਨੂੰ ਸ਼ੱਕੀ ਸ਼ਰਾਬੀ ਡਰਾਈਵਰ ਨੇ ਗੋਲੀ ਮਾਰ ਦਿੱਤੀ ਸੀ। ਤਿੰਨ ਦਿਨਾਂ ਦੀ ਭਾਲ ਤੋਂ ਬਾਅਦ ਉਸਦੇ ਕਾਤਲ ਪਾਉਲੋ ਵਰਜਨ ਮੇਂਡੋਜ਼ਾ ਨੂੰ ਕੇਰਨ ਕਾਉਂਟੀ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਤੋਂ ਫੜਿਆ ਗਿਆ। ਉਸ ਨੂੰ ਨਵੰਬਰ 2020 ਵਿੱਚ ਸਿੰਘ ਦੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਪੈਰੋਲ ਦੀ ਸੰਭਾਵਨਾ ਤੋਂ ਬਿਨਾਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਿੰਘ ਦੀ ਯਾਦ ਵਿੱਚ ਹਾਈਵੇਅ ਦੇ ਸੈਕਸ਼ਨ ਲਈ ਤਿਆਰ ਕੀਤੇ ਗਏ ਚਿੰਨ੍ਹ ਤੋਂ ਪਰਦਾ ਹਟਾਉਣ ਲਈ ਇੱਕ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਸਿੰਘ ਦੀ ਪਤਨੀ ਅਨਾਮਿਕਾ, ਪੁੱਤਰ ਅਰਨਵ ਅਤੇ ਹੋਰ ਪਰਿਵਾਰਕ ਮੈਂਬਰ ਮੌਜੂਦ ਸਨ। ਘਟਨਾ ਦੇ ਸਮੇਂ ਅਰਨਵ ਦੀ ਉਮਰ ਸਿਰਫ ਪੰਜ ਮਹੀਨੇ ਸੀ। ਸਿੰਘ ਦੇ ਨਿਊਮੈਨ ਪੁਲਸ ਵਿਭਾਗ ਦੇ ਸਹਿਯੋਗੀ ਅਤੇ ਕਾਉਂਟੀ ਸੁਪਰਵਾਈਜ਼ਰ ਚਾਂਸ ਕੌਂਡਿਟ, ਰਾਜ ਦੀ ਸੈਨੇਟਰ ਮੈਰੀ ਅਲਵਾਰਾਡੋ-ਗਿਲ, ਯੂ.ਐਸ ਦੇ ਪ੍ਰਤੀਨਿਧੀ ਜੌਹਨ ਡੁਆਰਟੇ ਅਤੇ ਅਸੈਂਬਲੀ ਮੈਂਬਰ ਜੁਆਨ ਅਲਾਨਿਸ ਸ਼ਾਮਲ ਹੋਏ। ਸਾਈਨ ਦੇ ਪਿਛਲੇ ਪਾਸੇ ਲਿਖੇ ਮੈਸੇਜ 'ਚ ਅਰਨਵ ਦਾ ਮੈਸੇਜ ਵੀ ਸ਼ਾਮਲ ਹੈ, ਜਿਸ 'ਚ ਉਸ ਨੇ ਲਿਖਿਆ ਹੈ, "ਲਵ ਯੂ ਪਾਪਾ"।

# ਯੂ.ਕੇ. ਦੇ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੂਨਕ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਮੋਦੀ ਨਾਲ ਚੁੱਕਣ ਦੀ ਕੀਤੀ ਮੰਗ

## *ਜੀ-20 ਸ਼ਿਖਰ ਸੰਮੇਲਨ ਲਈ ਨਵੀਂ ਦਿੱਲੀ ਆ ਰਹੇ ਹਨ ਪ੍ਰਧਾਨ ਮੰਤਰੀ ਰਿਸ਼ੀ ਸੂਨਕ*

ਲੰਡਨ: ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ 70 ਤੋਂ ਵੱਧ ਸੰਸਦ ਮੈਂਬਰਾਂ ਦੇ ਸਮੂਹ ਨੇ ਜੀ-20 ਸ਼ਿਖਰ ਸੰਮੇਲਨ 'ਚ ਸ਼ਾਮਲ ਹੋਣ ਲਈ ਨਵੀਂ ਦਿੱਲੀ ਦੀ ਯਾਤਰਾ ਦੌਰਾਨ ਭਾਰਤ 'ਚ ਨਜ਼ਰਬੰਦ ਬ੍ਰਿਟਿਸ਼ ਸਿੱਖ ਦੀ 'ਤੁਰਤ ਰਿਹਾਈ' ਦੀ ਮੰਗ ਕਰਨ ਲਈ ਕਿਹਾ ਹੈ। ਬੀ.ਬੀ.ਸੀ. ਦੀ ਰੀਪੋਰਟ ਅਨੁਸਾਰ ਇਕ ਚਿੱਠੀ ਰਾਹੀਂ ਸੰਸਦ ਮੈਂਬਰਾਂ ਨੇ ਸੂਨਕ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਗਤਾਰ ਸਿੰਘ ਜੌਹਲ ਨੂੰ 'ਤੁਰਤ ਰਿਹਾਅ' ਕਰਨ ਲਈ ਕਹਿਣ, ਜੋ ਕਿ ਭਾਰਤ 'ਚ ਪੰਜ ਸਾਲਾਂ ਤੋਂ 'ਆਹੁਦਰੇ ਤਰੀਕੇ ਨਾਲ ਨਜ਼ਰਬੰਦ' ਹੈ। ਡੰਬਰਟਨ ਵਾਸੀ ਜੌਹਲ ਅਪਣੇ ਵਿਆਹ ਲਈ ਪੰਜਾਬ 'ਚ ਆਇਆ ਸੀ ਜਦੋਂ ਉਸ ਨੂੰ 4 ਨਵੰਬਰ, 2017 ਨੂੰ ਇਕ ਪਾਬੰਦੀਸ਼ੁਦਾ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਵਲੋਂ ਕਤਲਾਂ 'ਚ ਉਸ ਦੀ ਕਥਿਤ ਸ਼ਮੂਲੀਅਤ ਲਈ ਜਲੰਧਰ 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੇ ਪਰਿਵਾਰ ਦਾ ਕਹਿਣਾ ਹੈ ਕਿ 36 ਵਰ੍ਹਿਆਂ ਦੇ ਜੌਹਲ ਨੂੰ ਇਕ ਖਾਲੀ ਕਬੂਲਨਾਮੇ ਦੇ ਦਸਤਾਵੇਜ਼ 'ਤੇ ਦਸਤਖ਼ਤ ਕਰਵਾਉਣ ਤੋਂ ਪਹਿਲਾਂ, ਬਿਜਲੀ ਦੇ ਝਟਕਿਆਂ ਸਮੇਤ ਕਈ ਤਸੀਹੇ ਦਿਤੇ ਗਏ ਸਨ। ਹਾਲਾਂਕਿ ਇਨ੍ਹਾਂ ਇਲਜ਼ਾਮਾਂ ਤੋਂ ਭਾਰਤੀ ਅਧਿਕਾਰੀਆਂ ਨੇ ਖ਼ਾਰਜ ਕੀਤਾ ਹੈ। ਜੌਹਲ ਇਸ ਸਮੇਂ ਤਿਹਾੜ ਜੇਲ੍ਹ 'ਚ ਬੰਦ ਹੈ ਅਤੇ ਕਤਲ ਅਤੇ ਕਤਲ ਦੀ ਸਾਜ਼ਸ਼ ਰਚਣ ਦੇ 10 ਦੋਸ਼ਾਂ 'ਚ ਸੰਭਾਵਤ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ।



ਟੋਰੀ ਐਮ.ਪੀ. ਡੇਵਿਡ ਡੇਵਿਸ ਨੇ ਬੀ.ਬੀ.ਸੀ. ਨੂੰ ਦਸਿਆ ਕਿ "ਕਿਸੇ ਦੇਸ਼ ਦਾ ਪਹਿਲਾ ਫਰਜ਼ ਅਪਣੇ ਕਿਸੇ ਨਾਗਰਿਕ ਨੂੰ ਨੁਕਸਾਨ ਹੋਣ ਤੋਂ ਰੋਕਣਾ ਹੋਣਾ ਚਾਹੀਦਾ ਹੈ", ਅਤੇ ਜੇਕਰ ਉਸ ਦੇ ਕਿਸੇ ਨਾਗਰਿਕ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ ਅਤੇ ਬੇਇਨਸਾਫ਼ੀ ਕੀਤੀ ਗਈ ਹੈ, ਤਾਂ "ਸਰਕਾਰ ਨੂੰ ਸਭ ਤੋਂ ਗੰਭੀਰ ਵਿਰੋਧ ਪ੍ਰਦਰਸ਼ਨ ਕਰਨਾ ਚਾਹੀਦਾ ਹੈ।"

"ਇਸ ਸਮੇਂ ਅਜਿਹਾ ਕੁਝ ਵੀ ਵਾਪਰਦਾ ਨਹੀਂ ਦਿਸ ਰਿਹਾ ਹੈ ਅਤੇ ਇਹ ਵਿਦੇਸ਼ ਦਫਤਰ ਦੀ ਅਪਣੀ ਸਭ ਤੋਂ ਬੁਨਿਆਦੀ ਫਰਜ਼ ਨਿਭਾਉਣ 'ਚ ਅਸਫਲਤਾ ਹੈ।" 'ਆਪਹੁਦਰੀ ਨਜ਼ਰਬੰਦੀ' 'ਤੇ ਸੰਯੁਕਤ ਰਾਸ਼ਟਰ ਦੇ ਕਾਰਜਕਾਰੀ ਸਮੂਹ ਨੇ ਕਿਹਾ ਕਿ ਜੌਹਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਕਿਉਂਕਿ ਉਹ ਸਿੱਖ ਮਨੁੱਖੀ ਅਧਿਕਾਰਾਂ ਦਾ ਹਮਾਇਤੀ ਸੀ ਅਤੇ ਉਸ ਨੇ "ਅਧਿਕਾਰੀਆਂ ਵਲੋਂ ਸਿੱਖਾਂ ਵਿਰੁਧ ਕੀਤੀਆਂ ਕਥਿਤ ਕਾਰਵਾਈਆਂ ਲਈ ਜਵਾਬਦੇਹੀ ਦੀ ਮੰਗ ਕਰਨ ਵਾਲੀਆਂ ਜਨਤਕ ਪੋਸਟਾਂ" ਲਿਖੀਆਂ ਸਨ।

ਸੰਸਦ ਮੈਂਬਰਾਂ ਦੀ ਚਿੱਠੀ 'ਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਵਰਕਿੰਗ ਗਰੁਪ ਨੇ "ਅਪਣੇ ਨਿਚੋੜ 'ਚ ਦਸਿਆ ਹੈ ਕਿ ਜਗਤਾਰ ਦੀ ਲਗਾਤਾਰ ਨਜ਼ਰਬੰਦੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ।"

ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ, ਜੋ ਡੰਬਰਟਨ 'ਚ ਇਕ ਵਕੀਲ ਅਤੇ ਲੇਬਰ ਕੌਂਸਲਰ ਹਨ, ਨੇ ਬੀ.ਬੀ.ਸੀ. ਨੂੰ ਦਸਿਆ ਕਿ ਸੂਨਕ ਦੇ ਮੋਦੀ ਨਾਲ ਚੰਗੇ ਸਬੰਧਾਂ ਨੂੰ ਵੇਖਦੇ ਹੋਏ, ਇਹ ਮੰਗ ਕਰਨਾ ਮੁਸ਼ਕਲ ਨਹੀਂ ਹੋਣਾ ਚਾਹੀਦਾ ਹੈ। ਗੁਰਪ੍ਰੀਤ ਨੇ ਕਿਹਾ, "ਲਗਭਗ ਛੇ ਸਾਲ ਬੀਤ ਗਏ ਹਨ, ਜਗਤਾਰ ਵਿਰੁਧ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ ਹੈ। ਇਹ ਸਿਰਫ ਉਸ ਦੇ ਵਿਰੁਧ ਲਗਾਏ ਗਏ ਦੋਸ਼ ਹਨ, ਅਤੇ ਦੋਸ਼ੀ ਸਾਬਤ ਹੋਣ ਤਕ ਉਹ ਨਿਰਦੋਸ਼ ਹੋਣਾ ਚਾਹੀਦਾ ਹੈ।"

ਇਹ ਮੁੱਦਾ ਪਿਛਲੇ ਸਮੇਂ 'ਚ ਸਾਬਕਾ ਪ੍ਰਧਾਨ ਮੰਤਰੀਆਂ ਬੋਰਿਸ ਜੌਹਨਸਨ ਅਤੇ ਥੈਰੇਸਾ ਮੇਅ ਵਲੋਂ ਉਠਾਇਆ ਗਿਆ ਸੀ, ਮੇਅ ਨੇ ਮੰਨਿਆ ਸੀ ਕਿ ਜੌਹਲ ਨੂੰ ਬਿਨਾਂ ਕੋਈ ਮੁਕੱਦਮਾ ਸ਼ੁਰੂ ਕੀਤੇ ਆਪਹੁਦਰੇ ਤਰੀਕੇ ਨਾਲ ਹਿਰਾਸਤ 'ਚ ਲਿਆ ਗਿਆ ਹੈ। ਵਿਰੋਧੀ ਧਿਰ ਦੀ ਲੇਬਰ ਪਾਰਟੀ ਦੇ ਨੇਤਾ ਕੀਰ ਸਟਾਰਮਰ ਨੇ ਫਰਵਰੀ ਦੇ ਸ਼ੁਰੂ 'ਚ ਸੂਨਕ ਨੂੰ ਚਿੱਠੀ ਲਿਖ ਕੇ ਪੁਛਿਆ ਸੀ ਕਿ ਉਹ ਇਸ ਮਾਮਲੇ 'ਤੇ ਕੀ ਕਾਰਵਾਈ ਕਰਨ ਦਾ ਇਰਾਦਾ ਰੱਖਦੇ ਹਨ। ਜਵਾਬ 'ਚ, ਦਿ ਗਾਰਡੀਅਨ ਦੇ ਅਨੁਸਾਰ, ਸੂਨਕ ਨੇ ਸਿੱਧੇ ਸਵਾਲ ਤੋਂ ਪਰਹੇਜ਼ ਕਰਦੇ ਹੋਏ ਕਿਹਾ ਕਿ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਜੌਹਲ ਅਤੇ ਉਸ ਦੇ ਪਰਿਵਾਰ ਨੂੰ 'ਕੌਂਸਲਰ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖੇਗਾ'।


**American Freight Corp.**

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

# ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਸਿਆਟਲ ਵਿਚ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ






ਕੁਲਦੀਪ ਸਿੰਘ ਕਾਹਲੋਂ ਤੇ ਮੇਜਰ ਸਿੰਘ ਸ਼ੇਰਪੁਰੀ ਨੂੰ ਭਾਈ ਮੋਹਣ ਸਿੰਘ ਤੇ ਹਰਸਿੰਦਰ ਸਿੰਘ ਸੰਧੂ ਸਿਰਪਾਓ ਦੇ ਕੇ ਨਿਵਾਜਦੇ ਸਮੇਂ।

ਸਿਆਟਲ : ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ ਸ੍ਰੀ ਅਖੰਡ ਪਾਠ ਰਖਵਾ ਕੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਕੁਲਦੀਪ ਸਿੰਘ ਕਾਹਲੋਂ, ਮੇਜਰ ਸਿੰਘ ਤੇ ਬਲਕਾਰ ਸਿੰਘ ਦਿਉਲ ਤੇ ਇਲਾਕੇ ਦੀ ਸੰਗਤ ਵਲੋਂ ਮਿਲ ਕੇ ਸ੍ਰੀ ਅਖੰਡ ਪਾਠ ਜੀ ਦੇ ਪਾਠ ਕਰਵਾ ਕੇ ਐਤਵਾਰ ਧਾਰਮਿਕ ਦੀਵਾਨ ਸਜਾਏ ਗਏ। ਜਿਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਗੁਰੂ ਦੀ ਉਪਮਾ ਕੀਤੀ। ਭਾਈ ਮੋਹਣ ਸਿੰਘ ਨੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਭਾਈ ਮੇਜਰ ਸਿੰਘ, ਕੁਲਦੀਪ ਸਿੰਘ ਕਾਹਲੋਂ ਦੇ ਪਰਿਵਾਰ ਨੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਅਖੀਰ ਵਿਚ ਕੁਲਦੀਪ ਸਿੰਘ ਕਾਹਲੋਂ ਤੇ ਮੇਜਰ ਸਿੰਘ ਨੂੰ ਗੁਰੂ ਘਰ ਵਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

# ਸੈਕਰਾਮੈਂਟੋ, ਕੈਲੀਫੋਰਨੀਆ 'ਚ ਕਰਵਾਇਆ ਗਿਆ "ਮੇਲਾ ਗਦਰੀ ਬਾਬਿਆਂ" ਦਾ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਹਰ ਵਰ੍ਹੇ ਵਾਂਗ ਐਤਕਾਂ ਵੀ ਸੈਕਰਾਮੈਂਟੋ ਦੇ ਐਸ ਈ ਐਸ ਹਾਲ ਵਿੱਚ ਗਦਰੀ ਬਾਬਿਆਂ ਤੇ ਦੇਸ਼ ਭਗਤਾਂ ਨੂੰ ਸਮਰਪਤ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਸਭਿਆਚਾਰਕ ਆਈਟਮਾਂ ਤੋਂ ਇਲਾਵਾ, ਇਤਿਹਾਸਕ ਤੱਥਾਂ ਰਾਹੀਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਸਰੋਤਿਆਂ ਦੇ ਸਨਮੁੱਖ ਰੱਖਿਆ ਗਿਆ। ਐਤਕਾਂ ਇਹ ਮੇਲਾ ਗਦਰੀ ਅਜੀਤ ਸਿੰਘ, ਬਾਂਕੇ ਦਿਆਲ, ਬੱਬਰ ਕਿਸ਼ਨ ਸਿੰਘ ਗੜਗੱਜ, ਬੰਤਾ ਸਿੰਘ ਸੰਘਵਾਲ, ਧੰਨਾ ਸਿੰਘ, ਸੁੰਦਰ ਸਿੰਘ ਕਲਸੀਆ ਨੂੰ ਸਮਰਪਤ ਸੀ। ਸਭਿਆਚਾਰਕ ਆਈਟਮਾਂ ਵਿੱਚ ਢਾਡੀ ਵਾਰਾਂ, ਬੱਚਿਆਂ ਦਾ ਗਿੱਧਾ, ਭੰਗੜਾ ਆਦਿ ਆਪਣਾ ਵੱਖਰਾ ਵੱਖਰਾ ਰੰਗ ਬੰਨਿਆ। ਇਸ ਸਮਾਗਮ ਨੂੰ ਚਾਰਚੰਨ ਲਾਉਣ ਲਈ ਵੱਖ ਵੱਖ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ ਜਿਨਾਂ ਚ ਪ੍ਰੋਫੈਸਰ ਕਿਊਮ, ਲਇਲਪੁਰ ਖਾਲਸਾ ਕਾਲਜ ਪਾਕਿਸਤਾਨ, ਕਿਰਪਾਲ ਸਿੰਘ ਸੰਧੂ, ਕਸ਼ਮੀਰ ਕਾਂਗਣਾ, ਦਲਵਿੰਦਰ ਸਿੰਘ ਧੂਤ, ਬੀਬੀ ਮਲਵਿੰਦਰ ਕੌਰ, ਡਾਕਟਰ ਅਸਰੂਲ ਇਸਲਾਮ ਬੇਕਰਸਫੀਲਡ ਆਦਿ ਹਾਜਰ ਹੋਏ। ਉਕਤ ਸਾਰੇ ਬੁਲਾਰਿਆਂ ਨੇ ਗਦਰੀ ਬਾਬਿਆਂ ਦੇ ਇਤਿਹਾਸ ਨੂੰ ਤੇ ਉਨਾਂ ਦੀ ਦਿੱਤੀ ਅਦੁੱਤੀ ਕੁਰਬਾਨੀ ਵਾਰੇ ਆਏ ਲੋਕਾਂ ਨੂੰ ਦੱਸਿਆ। ਇਸ ਮੌਕੇ ਗਦਰ ਇਤਿਹਾਸ ਨਾਲ ਸਬੰਧਿਤ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਨੂੰ ਬੱਚਿਆਂ ਤੇ ਸਿਆਣਿਆਂ ਨੇ ਬੜੀ ਰੀਝ ਨਾਲ ਦੇਖਿਆ। ਇਸ ਮੌਕੇ ਕਨੇਡਾ ਦੀ ਮਕਬੂਲ ਗਾਇਕ ਜੋੜੀ ਦੀਪ ਢਿਲੋਂ ਤੇ ਜੈਸਮੀਨ ਜੱਸੀ ਨੇ ਨਿਰੋਲ ਸਭਿਆਚਾਰਕ ਗੀਤਾਂ ਨਾਲ ਰੰਗ ਬੰਨਿਆ। ਮੁੱਖ ਪ੍ਰਬੰਧਕਾਂ 'ਚ ਸੁਰਿੰਦਰ ਬਿੰਦਰਾ, ਗਿਆਨ ਸਿੰਘ ਬਿਲਗਾ, ਬਲਵੰਤ ਬਾਂਕਾ, ਸੁਖਵਿੰਦਰ ਸਿੰਘ ਗਿੱਲ, ਸੁਰਿੰਦਰ ਗਿੱਲ, ਪਿੰਦਰ ਸੰਘਾ ਨੇ ਇਸ



ਸਮਾਗਮ ਨੂੰ ਨੇਪਰੇ ਚਾੜਨ ਲਈ ਵੱਖ ਵੱਖ ਪ੍ਰਬੰਧ ਕੀਤੇ। ਇਸ ਸਮਾਗਮ ਵਿਚ ਗਦਰੀ ਬਾਬਿਆ ਪ੍ਰਤੀ ਸ਼ਰਧਾ ਭੇਂਟ ਕਰਨ ਲਈ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਚੜਦਾ ਪੰਜਾਬ ਰੋਜ਼ਵਿਲ ਤੇ ਕਈ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕ ਵੀ ਹਾਜ਼ਰ ਸਨ।

# ਜੀ-20 ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਵੱਡਾ ਮੌਕਾ

ਨਵੀਂ ਦਿੱਲੀ : ਵਿਸ਼ਵ ਅਰਥਵਿਵਸਥਾ ਦੇ ਵੱਡੇ ਖਿਡਾਰੀ ਦੇਸ਼ਾਂ ਦੇ ਚੋਟੀ ਦੇ ਨੇਤਾ ਭਾਰਤ ਆ ਰਹੇ ਹਨ। ਜੀ-20 ਸੰਮੇਲਨ ਤੋਂ ਪਹਿਲਾਂ ਇਨ੍ਹਾਂ ਨੇਤਾਵਾਂ ਦੀਆਂ ਪੀ. ਐੱਮ. ਮੋਦੀ ਨਾਲ ਦੁਵੱਲੀਆਂ ਬੈਠਕਾਂ ਵੀ ਹੋਣਗੀਆਂ। ਅਜਿਹੀ ਸਥਿਤੀ ਵਿੱਚ ਭਾਰਤ ਕੋਲ ਦੁਵੱਲੇ ਸਬੰਧਾਂ ਨੂੰ ਹੋਰ ਹੁਲਾਰਾ ਦੇਣ ਦਾ ਵੱਡਾ ਮੌਕਾ ਹੈ।

**ਅਮਰੀਕਾ** : ਸੰਮੇਲਨ 'ਚ ਆਉਣ ਵਾਲੇ ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ 8 ਸਤੰਬਰ ਨੂੰ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ ਪੀ. ਐੱਮ. ਮੋਦੀ ਨਾਲ ਦੁਵੱਲੀ ਗੱਲਬਾਤ ਕਰਨਗੇ। ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਇਸ ਦੌਰਾਨ ਬਾਈਡੇਨ ਭਾਰਤ ਪ੍ਰਤੀ ਅਮਰੀਕਾ ਦੀ ਵਚਨਬੱਧਤਾ ਨੂੰ ਦੁਹਰਾਉਣਗੇ। ਊਰਜਾ ਖੇਤਰ, ਰੱਖਿਆ ਅਤੇ ਵਿਗਿਆਨ ਦੇ ਖੇਤਰਾਂ ਵਿੱਚ ਅਮਰੀਕਾ ਨਾਲ ਸਹਿਯੋਗ ਵਧਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਭਾਰਤ ਅਤੇ ਅਮਰੀਕਾ ਆਪਣੇ ਗੁਆਂਢੀ ਦੇਸ਼ਾਂ ਖਿਲਾਫ ਚੀਨ ਦੀਆਂ ਨੀਤੀਆਂ ਨੂੰ ਰੋਕਣ ਵਿੱਚ ਸਹਿਯੋਗੀ ਦੇ ਰੂਪ ਵਿੱਚ ਇਕ ਵੱਡੀ ਰਣਨੀਤਕ ਭੂਮਿਕਾ ਨਿਭਾਅ ਸਕਦੇ ਹਨ।

**ਬ੍ਰਿਟੇਨ** : ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਸੰਮੇਲਨ ਲਈ ਨਵੀਂ ਦਿੱਲੀ ਆ ਰਹੇ ਹਨ। ਭਾਰਤ ਅਤੇ ਬ੍ਰਿਟੇਨ ਵਿਚਾਲੇ 20.42 ਅਰਬ ਡਾਲਰ ਦਾ ਵਪਾਰ ਹੈ। ਯੂਰਪੀ ਸੰਘ ਤੋਂ ਵੱਖ ਹੋਣ ਤੋਂ ਬਾਅਦ ਬ੍ਰਿਟੇਨ ਭਾਰਤ ਨਾਲ ਆਪਣੀ ਵਪਾਰਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਭਾਰਤ ਨਾਲ ਮੁਕਤ ਵਪਾਰ ਸਮਝੌਤਾ ਚਾਹੁੰਦਾ ਹੈ। ਇਸ 'ਤੇ ਦੋਵਾਂ ਦੇਸ਼ਾਂ ਵਿਚਾਲੇ 12 ਦੌਰ ਦੀ ਗੱਲਬਾਤ ਹੋ ਚੁੱਕੀ ਹੈ। ਪ੍ਰਸਤਾਵਿਤ ਮੁਕਤ ਵਪਾਰ ਸਮਝੌਤੇ ਦੇ ਕੁੱਲ 26 ਅਧਿਆਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 'ਤੇ ਪਹਿਲਾਂ ਹੀ ਗੱਲਬਾਤ ਹੋ ਚੁੱਕੀ ਹੈ। ਬ੍ਰਿਟੇਨ ਆਟੋਮੋਬਾਈਲ ਸੈਕਟਰ 'ਚ ਡਿਊਟੀ 'ਚ ਕਟੌਤੀ ਚਾਹੁੰਦਾ ਹੈ। ਭਾਰਤ ਟੈਕਸਟਾਈਲ, ਚਮੜਾ ਅਤੇ ਹੋਰ ਖੇਤਰਾਂ ਵਿੱਚ ਜ਼ੀਰੋ ਟੈਰਿਫ ਲਈ ਜ਼ੋਰ ਦੇ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਦੋਵੇਂ ਦੇਸ਼ਾਂ ਦੇ ਨੇਤਾ ਸੰਮੇਲਨ ਤੋਂ ਪਹਿਲਾਂ ਦੁਵੱਲੀ ਬੈਠਕ 'ਚ ਇਸ 'ਤੇ ਗੱਲਬਾਤ ਨੂੰ ਅੰਤਿਮ ਰੂਪ ਦੇਣ ਦੀ ਕੋਸ਼ਿਸ਼ ਕਰਨਗੇ।




**ਫਰਾਂਸ** : ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵੀ 9 ਅਤੇ 10 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਹੋਣਗੇ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਈ ਮੁੱਦਿਆਂ 'ਤੇ ਦੁਵੱਲੀ ਗੱਲਬਾਤ ਕਰਨਗੇ। ਭਾਰਤ ਅਤੇ ਫਰਾਂਸ ਦੇ ਪੁਰਾਣੇ ਦੋਸਤਾਨਾ ਸਬੰਧ ਹਨ। ਸੁਰੱਖਿਆ, ਪੁਲਾੜ ਅਤੇ ਸਿਵਲ ਪ੍ਰਮਾਣੂ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਹੈ। ਦੋਵਾਂ ਵਿਚਾਲੇ ਲੰਬੇ ਸਮੇਂ ਤੋਂ ਮਜ਼ਬੂਤ ਆਰਥਿਕ ਭਾਈਵਾਲੀ ਹੈ। ਦੋਵੇਂ ਦੇਸ਼ ਸਮੁੰਦਰੀ ਸੁਰੱਖਿਆ, ਸਿੱਖਿਆ, ਜਲਵਾਯੂ ਤਬਦੀਲੀ, ਨਵਿਆਉਣਯੋਗ ਊਰਜਾ, ਸਾਈਬਰ ਸਪੇਸ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਡਿਜੀਟਲ ਸਹਿਯੋਗ ਨੂੰ ਅੱਗੇ ਵਧਾ ਰਹੇ ਹਨ।

**ਆਸਟ੍ਰੇਲੀਆ** : ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ 9 ਅਤੇ 10 ਸਤੰਬਰ ਨੂੰ ਨਵੀਂ ਦਿੱਲੀ 'ਚ ਹੋਣਗੇ। ਉਨ੍ਹਾਂ ਨੇ ਵਿਕਾਸ, ਖੁਸ਼ਹਾਲੀ, ਸਥਿਰਤਾ, ਸੁਰੱਖਿਆ ਅਤੇ ਪ੍ਰਭੂਸੱਤਾ ਅਤੇ ਸਥਾਈ ਸ਼ਾਂਤੀ ਲਈ ਹਿੰਦ-ਪ੍ਰਸ਼ਾਂਤ ਖੇਤਰ ਲਈ ਆਸਟ੍ਰੇਲੀਆ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੀ ਵਚਨਬੱਧਤਾ ਚੀਨ ਦੀ ਤਾਨਾਸ਼ਾਹੀ ਨੂੰ ਕੰਟਰੋਲ ਕਰਨ ਲਈ ਸਹਿਯੋਗ ਦਾ ਭਰੋਸਾ ਦਿੰਦੀ ਹੈ। ਉਂਝ ਪਿਛਲੇ ਸਾਲ ਹੀ ਭਾਰਤ ਅਤੇ ਆਸਟ ?ਰੇਲੀਆ ਵਿਚਾਲੇ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤਾ ਲਾਗੂ ਹੋਇਆ ਹੈ।

**ਯੂਰਪੀ ਸੰਘ** : ਭਾਰਤ ਅਤੇ ਯੂਰਪੀ ਸੰਘ ਵਿਚਾਲੇ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਵੀ ਗੱਲਬਾਤ ਚੱਲ ਰਹੀ ਹੈ। ਦੋਵੇਂ ਧਿਰਾਂ ਚਾਹੁੰਦੀਆਂ ਹਨ ਕਿ ਇਸ ਸਾਲ ਦੇ ਅੰਤ ਤੱਕ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਜਾਵੇ। ਇਸ 'ਤੇ ਯੂਰਪੀਅਨ ਕਮਿਸ਼ਨ ਦੇ ਮੁਖੀ ਉਰਸੁਲਾ ਵਾਨ ਡੇਰ ਲੇਅਨ ਅਤੇ ਯੂਰਪੀਅਨ ਕੌਂਸਲ ਦੇ ਮੁਖੀ ਚਾਰਲਸ ਮਿਸ਼ੇਲ ਨਾਲ ਗੱਲਬਾਤ ਅੱਗੇ ਵਧ ਸਕਦੀ ਹੈ।

**ਜਰਮਨੀ** : ਪੁਤਿਨ ਅਤੇ ਜਿਨਪਿੰਗ ਦੀ ਗੈਰ-ਹਾਜ਼ਰੀ ਦਰਮਿਆਨ ਜਰਮਨ ਚਾਂਸਲਰ ਓਲਾਫ ਸਕੋਲਜ਼ ਇਸ ਸੰਮੇਲਨ ਨੂੰ ਬਹੁਤ ਮਹੱਤਵਪੂਰਨ ਮੰਨ ਰਹੇ ਹਨ। ਭਾਰਤ ਅਤੇ ਜਰਮਨੀ ਵਿਚਾਲੇ ਪਣਡੁੱਬੀ ਦੀ ਖਰੀਦ ਬਾਰੇ ਗੱਲਬਾਤ ਚੱਲ ਰਹੀ ਹੈ। ਜਰਮਨੀ ਚਾਹੁੰਦਾ ਹੈ ਕਿ ਭਾਰਤ ਹਥਿਆਰਾਂ ਲਈ ਰੂਸ 'ਤੇ ਨਿਰਭਰ ਨਾ ਰਹੇ। ਇਸੇ ਲਈ ਉਹ ਭਾਰਤ ਨਾਲ ਸਬੰਧ ਮਜ਼ਬੂਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

**ਹੋਰ ਦੇਸ਼** : ਚੀਨ ਨੂੰ ਰਣਨੀਤਕ ਤੌਰ 'ਤੇ ਹਰਾਉਣ ਲਈ ਆਪਣੇ ਗੁਆਂਢੀਆਂ ਨਾਲ ਸਬੰਧਾਂ ਨੂੰ ਮਜ਼ਬੂਤ ??ਕਰਨਾ ਜ਼ਰੂਰੀ ਹੈ। ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ-ਯੇਓ ਵੀ ਇਸ ਸੰਮੇਲਨ 'ਚ ਸ਼ਾਮਲ ਹੋਣ ਲਈ ਆ ਰਹੇ ਹਨ। ਭਾਰਤ ਨੇ ਆਪਣੇ ਗੁਆਂਢੀ ਮੁਲਕ ਬੰਗਲਾਦੇਸ਼ ਨੂੰ ਵੀ ਇਸ ਕਾਨਫਰੰਸ ਵਿੱਚ ਮੇਜ਼ਬਾਨ ਵਜੋਂ ਸੱਦਾ ਦਿੱਤਾ ਹੈ।


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
Coming Soon!
Fresno California
ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਮਾਪੇ ਸਮਝਣ ਬੱਚਿਆਂ ਦੀ ਭਾਵਨਾ, ਨਿਕੰਮਾ ਸਮਝਣ ਦੀ ਬਜਾਏ ਕਰੋ ਉਤਸ਼ਾਹਿਤ

ਰਾਜਸਥਾਨ ਦੇ ਕੋਟਾ 'ਚ ਪਿਛਲੇ ਦਿਨੀਂ ਫਿਰ ਦੋ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕਰ ਲਈ। ਇੱਥੇ ਇਸ ਸਾਲ ਹੁਣ ਤੱਕ 23 ਵਿਦਿਆਰਥੀਆਂ ਨੇ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਖ਼ੁਦਕੁਸ਼ੀ ਕਰ ਲਈ ਹੈ। ਇਹ ਵਿਦਿਆਰਥੀ ਉੱਥੇ ਰਹਿ ਕੇ ਕੋਚਿੰਗ ਸੰਸਥਾਵਾਂ 'ਚ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਸਨ। ਆਖ਼ਰ ਇੱਥੇ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਦਾ ਦੌਰ ਖ਼ਤਮ ਕਿਉਂ ਨਹੀਂ ਹੋ ਰਿਹਾ ਹੈ? ਕੀ ਕਾਰਨ ਹੈ ਕਿ ਸੁਨਹਿਰੇ ਭਵਿੱਖ ਦੇ ਰਾਹ 'ਤੇ ਚੱਲਣ ਵਾਲੇ ਵਿਦਿਆਰਥੀ ਆਪਣਾ ਜੀਵਨ ਖ਼ਤਮ ਕਰਨ ਲਈ ਮਜਬੂਰ ਹੋ ਰਹੇ ਹਨ? ਵਿਦਿਆਰਥੀਆਂ 'ਚ ਅਜਿਹਾ ਨਾਂਹ-ਪੱਖੀ ਨਜ਼ਰੀਆ ਕਿਉਂ ਆ ਰਿਹਾ ਹੈ?

ਆਮ ਤੌਰ 'ਤੇ ਦੇਖਿਆ ਜਾਵੇ ਤਾਂ ਅਜੋਕੇ ਦੌਰ ਦੀ ਜੀਵਨ ਪ੍ਰਕਿਰਿਆ ਤੇ ਸਾਡੀ ਇਕਪਾਸੜ ਸੋਚ ਇਸ ਦਾ ਪ੍ਰਮੁੱਖ ਕਾਰਨ ਹੈ। ਅੱਜ ਦੇ ਭੌਤਿਕਵਾਦੀ ਯੁੱਗ 'ਚ ਸਮਾਜ ਦੀ ਮਾਨਤਾ ਹੈ ਕਿ ਜੋ ਵਿਅਕਤੀ ਜਿੰਨਾ ਵੱਡਾ ਪੈਕੇਜ ਲੈ ਰਿਹਾ ਹੈ ਯਾਨੀ ਪੈਸਾ ਕਮਾ ਰਿਹਾ ਹੈ, ਉਹ ਓਨਾ ਸਫਲ ਤੇ ਹੋਣਹਾਰ ਹੈ। ਅੱਜ ਇਨਸਾਨ ਦਾ ਮੁਲਾਂਕਣ ਉਸ ਦੀਆਂ ਕਦਰਾਂ-ਕੀਮਤਾਂ ਅਤੇ ਆਚਰਣ ਤੋਂ ਨਹੀਂ ਸਗੋਂ ਉਸ ਵੱਲੋਂ ਕਮਾਏ ਧਨ ਤੋਂ ਕੀਤਾ ਜਾਂਦਾ ਹੈ। ਦੂਜਾ ਕਾਰਨ ਮਾਤਾ-ਪਿਤਾ ਦੀਆਂ ਉਮੀਦਾਂ ਹਨ। ਅੱਜ ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਡਾਕਟਰ ਅਤੇ ਇੰਜੀਨੀਅਰ ਤੋਂ ਇਲਾਵਾ ਹੋਰ ਕੁਝ ਨਹੀਂ ਬਣਾਉਣਾ ਚਾਹੁੰਦਾ। ਆਈਆਈਟੀ ਅਤੇ ਏਮਜ਼ ਤੋਂ ਹੇਠਾਂ ਕਿਸੇ ਇੰਸਟੀਚਿਊਟ 'ਚ ਉਹ ਆਪਣੇ ਬੱਚਿਆਂ ਦਾ ਦਾਖ਼ਲਾ ਨਹੀਂ ਕਰਵਾਉਣਾ ਚਾਹੁੰਦੇ। ਮਾਪਿਆਂ ਦੇ ਜੀਵਨ 'ਚ ਬੱਚਿਆਂ ਦੀਆਂ ਰੁਚੀਆਂ, ਉਨ੍ਹਾਂ ਦੇ ਸੁਪਨਿਆਂ ਦਾ ਕੋਈ ਮਹੱਤਵ ਨਹੀਂ ਹੁੰਦਾ। ਮਾਤਾ-ਪਿਤਾ ਆਪਣੇ ਨਜ਼ਰੀਏ ਅਨੁਸਾਰ ਉਨ੍ਹਾਂ ਲਈ ਦਿਸ਼ਾ ਤੈਅ ਕਰਦੇ ਹਨ। ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ, ਇਸ ਦਾ ਫ਼ੈਸਲਾ ਬੱਚਿਆਂ 'ਤੇ ਨਾ ਛੱਡ ਕੇ ਮਾਪੇ ਖ਼ੁਦ ਕਰਦੇ ਹਨ। ਇਸੇ ਪ੍ਰਕਿਰਿਆ ਤਹਿਤ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਦੇ ਨਾਲ ਕੋਚਿੰਗ ਇੰਸਟੀਚਿਊਟ 'ਚ ਜ਼ਰੂਰ ਭੇਜਦੇ ਹਨ ਭਾਵੇਂ ਹੀ ਇਸ ਦੀ ਫੀਸ ਦੇਣ ਲਈ ਉਨ੍ਹਾਂ ਨੂੰ ਕਰਜ਼ਾ ਹੀ ਕਿਉਂ ਨਾ ਲੈਣਾ ਪਵੇ। ਇਸ ਤੋਂ ਇਲਾਵਾ ਕੋਚਿੰਗ ਸੰਸਥਾਵਾਂ ਵੀ ਸਮੱਸਿਆ ਦਾ ਵੱਡਾ ਕਾਰਨ ਹਨ। ਹਰ ਗਲੀ-ਮੁਹੱਲੇ 'ਚ ਖੁੰਭਾਂ ਦੀ ਤਰ੍ਹਾਂ ਖੁੱਲ੍ਹ ਗਈਆਂ ਕੋਚਿੰਗ ਸੰਸਥਾਵਾਂ ਦਾ ਉਦੇਸ਼ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਵਿਕਾਸ ਕਰਨਾ ਨਹੀਂ ਸਗੋਂ ਵੱਧ ਤੋਂ ਵੱਧ ਪੈਸਾ ਕਮਾਉਣਾ ਹੈ। ਕੋਚਿੰਗ ਸੰਸਥਾਵਾਂ ਦੀ ਇਸ ਮਾਨਸਿਕਤਾ ਨਾਲ ਕਿਤੇ ਨਾ ਕਿਤੇ ਉਹ ਵਿਦਿਆਰਥੀ ਵੀ ਪ੍ਰਭਾਵਿਤ ਹੁੰਦਾ ਹੈ, ਜੋ ਇਨ੍ਹਾਂ ਨਾਲ ਜੁੜਿਆ ਹੈ। ਕੋਚਿੰਗ ਸੰਸਥਾਵਾਂ ਜਿੰਨੇ ਬੱਚਿਆਂ ਦਾ ਦਾਖ਼ਲਾ ਕਰਦੇ ਹਨ, ਉਨ੍ਹਾਂ 'ਤੇ ਉਨ੍ਹਾਂ ਨੂੰ ਬਰਾਬਰ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਮਰੱਥਾ ਅਨੁਸਾਰ ਉਨ੍ਹਾਂ ਨੂੰ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਪ੍ਰਤਿਭਾ ਦਾ ਵਿਕਾਸ ਕਰਨਾ ਚਾਹੀਦਾ ਹੈ ਪਰ ਉਹ ਸਾਰਿਆਂ ਨੂੰ ਇੱਕੋ ਡੰਡੇ ਨਾਲ ਹੱਕਦੇ ਹਨ। ਸਿਲੇਬਸ ਪੂਰਾ ਕਰਨ ਦੀ ਹੋੜ 'ਚ ਕੋਚਿੰਗ ਸੰਸਥਾਵਾਂ ਇਹ ਭੁੱਲ ਜਾਂਦੀਆਂ ਹਨ ਕਿ ਕੁਝ ਬੱਚੇ ਸਭ ਨਾਲ ਨਹੀਂ ਦੌੜ ਸਕਦੇ।

ਅਜਿਹੇ ਹੀ ਬੱਚਿਆਂ ਦੇ ਮਨ 'ਚ ਹੀਣ ਭਾਵਨਾ ਪੈਦਾ ਹੁੰਦੀ ਹੈ, ਜੋ ਉਨ੍ਹਾਂ 'ਤੇ ਇਸ ਕਦਰ ਹਾਵੀ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਲੱਗਣ ਲੱਗਦਾ ਹੈ ਕਿ ਉਹ ਹੁਣ ਕੁਝ ਨਹੀਂ ਕਰ ਸਕਦੇ। ਉਨ੍ਹਾਂ ਨੂੰ ਮਲਾਲ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਦਾ ਪੈਸਾ ਬਰਬਾਦ ਕਰ ਦਿੱਤਾ। ਜਦੋਂ ਇਹ ਮਲਾਲ ਆਪਣੇ ਚਰਮ 'ਤੇ ਪਹੁੰਚ ਜਾਂਦਾ ਹੈ ਤਾਂ ਉਹ ਖ਼ੁਦਕੁਸ਼ੀ ਵੱਲ ਕਦਮ ਵਧਾ ਲੈਂਦੇ ਹਨ। ਮਲਾਲ ਦੇ ਇਨ੍ਹਾਂ ਪਲਾਂ 'ਚ ਉਨ੍ਹਾਂ ਦੀ ਕਾਊਂਸਲਿੰਗ ਕਰਨ ਵਾਲਾ ਆਪਣਾ ਕੋਈ ਨਹੀਂ ਹੁੰਦਾ, ਜੋ ਉਨ੍ਹਾਂ ਨੂੰ ਇਹ ਸਮਝਾਵੇ ਕਿ ਕਾਮਯਾਬੀ ਨਹੀਂ ਮਿਲੀ ਤਾਂ ਕੋਈ ਗੱਲ ਨਹੀਂ, ਦੁਬਾਰਾ ਕੋਸ਼ਿਸ਼ ਕਰੋ ਜਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇਹ ਨਹੀਂ ਕਰ ਸਕਦੇ ਤਾਂ ਨਾ ਕਰੋ, ਕੁਝ ਹੋਰ ਵੀ ਕੀਤਾ ਜਾ ਸਕਦਾ ਹੈ।

ਨਿਰਾਸ਼ਾ ਸਮੇਂ ਜੇ ਕੋਈ ਆਪਣਾ ਹੌਸਲਾ ਦਿੰਦਾ ਹੈ ਤਾਂ ਇਨਸਾਨ ਦਾ ਦੁੱਖ ਘੱਟ ਹੋ ਜਾਂਦਾ ਹੈ। ਮਨੋਵਿਗਿਆਨ ਅਨੁਸਾਰ ਜਦੋਂ ਕੋਈ ਦੁਖੀ ਜਾਂ ਨਿਰਾਸ਼ ਹੋਵੇ ਤਾਂ ਉਸ ਦੀ ਮਾਂ ਜੇ ਪਿਆਰ ਨਾਲ ਉਸ ਨੂੰ ਗਲ ਲਾਵੇ ਤਾਂ ਉਸ ਦਾ ਦੁੱਖ ਘੱਟ ਹੋ ਜਾਂਦਾ ਹੈ। ਜੋ ਬੱਚੇ ਆਪਣੇ ਘਰਾਂ ਤੋਂ ਦੂਰ ਰਹਿ ਕੇ ਕੋਚਿੰਗ ਸੰਸਥਾਵਾਂ 'ਚ ਪੜ੍ਹ ਰਹੇ ਹਨ, ਉਨ੍ਹਾਂ ਨੂੰ ਨਿਰਾਸ਼ਾ ਸਮੇਂ ਹਿੰਮਤ ਦੇਣ ਵਾਲਾ ਕੋਈ ਉੱਥੇ ਦਿਖਾਈ ਨਹੀਂ ਦਿੰਦਾ। ਇਸ ਲਈ ਉਹ ਨਿਰਾਸ਼ਾ ਦੀ ਸਥਿਤੀ 'ਚੋਂ ਉੱਭਰ ਨਹੀਂ ਸਕਦੇ। ਇਹ ਸਥਿਤੀ ਹੋਰ ਭਿਆਨਕ ਨਾ ਹੋਵੇ, ਇਸ ਲਈ ਸਾਨੂੰ ਕੁਝ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੀ ਸੋਚ ਬਦਲਣੀ ਚਾਹੀਦੀ ਹੈ। ਕੋਚਿੰਗ ਸੰਸਥਾਵਾਂ ਨੂੰ ਵੀ ਪੜ੍ਹਾਉਣ ਦਾ ਆਪਣਾ ਤਰੀਕਾ ਬਦਲਣਾ ਚਾਹੀਦਾ ਹੈ। ਜੋ ਪਾਠ ਸਕੂਲਾਂ 'ਚ ਪੜ੍ਹਾਇਆ ਜਾ ਰਿਹਾ ਹੈ, ਉਹੋ ਪਾਠ ਕੋਚਿੰਗ ਸੰਸਥਾਵਾਂ 'ਚ ਵੀ ਪੜ੍ਹਾਇਆ ਜਾਣਾ ਚਾਹੀਦਾ ਹੈ। ਕਲਾਸ ਦਾ ਸਮਾਂ ਵੀ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਸਰੀਰਕ ਤੌਰ 'ਤੇ ਆਰਾਮ ਮਿਲੇ। ਜ਼ਿਆਦਾਤਰ ਕੋਚਿੰਗ ਸੰਸਥਾਵਾਂ ਦਾ ਸਮਾਂ ਤਿੰਨ ਤੋਂ ਅੱਠ ਵਜੇ ਤੱਕ ਦਾ ਹੁੰਦਾ ਹੈ। ਜ਼ਿਆਦਾਤਰ ਵਿਦਿਆਰਥੀ ਤਿੰਨ ਵਜੇ ਤੱਕ ਸਕੂਲ ਤੋਂ ਘਰ ਆਉਂਦੇ ਹਨ। ਆਉਂਦਿਆਂ ਹੀ ਖਾਣਾ ਖਾ ਕੇ ਆਰਾਮ ਕੀਤੇ ਬਿਨਾਂ ਟਿਊਸ਼ਨ ਜਾਂ ਕੋਚਿੰਗ ਲਈ ਭੱਜਦੇ ਹਨ। ਹੁਣ ਜੋ ਬੱਚਾ ਸਵੇਰੇ ਛੇ ਵਜੇ ਤੋਂ ਉੱਠਿਆ ਹੈ, ਸਕੂਲ 'ਚ ਪੜ੍ਹ ਕੇ ਆਇਆ ਹੈ, ਥੱਕਿਆ ਹੈ, ਉਹ ਕੋਚਿੰਗ 'ਚ ਕੀ ਸਮਝ ਸਕੇਗਾ ਤੇ ਜਦੋਂ ਵਾਪਸ ਰਾਤ ਨੌਂ ਵਜੇ ਤੱਕ ਘਰ ਪਹੁੰਚੇਗਾ ਤਾਂ ਕੀ ਪੜ੍ਹੇਗਾ? ਇਕ ਹੱਦ ਤੋਂ ਬਾਅਦ ਹਰ ਇਨਸਾਨ ਨੂੰ ਸਰੀਰਕ ਤੌਰ 'ਤੇ ਆਰਾਮ ਚਾਹੀਦਾ ਹੈ।

ਮਾਪਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਹਰ ਬੱਚੇ ਦੀ ਆਪਣੀ ਸਮਰੱਥਾ ਹੁੰਦੀ ਹੈ, ਉਸ ਦੀ ਵੱਖਰੀ ਪ੍ਰਤਿਭਾ ਹੁੰਦੀ ਹੈ। ਕਿਸੇ ਹੋਰ ਦੇ ਹੁਸ਼ਿਆਰ ਬੱਚੇ ਨੂੰ ਦੇਖ ਕੇ ਆਪਣੇ ਆਮ ਬੱਚੇ ਨੂੰ ਨਿਕੰਮਾ ਨਹੀਂ ਸਮਝਣਾ ਚਾਹੀਦਾ ਤੇ ਨਾਲ ਹੀ ਉਸ ਨੂੰ ਗੱਲ-ਗੱਲ 'ਤੇ ਮਿਹਣਾ ਮਾਰਨਾ ਚਾਹੀਦਾ ਹੈ। ਇਹ ਜ਼ਰੂਰੀ ਨਹੀਂ ਕਿ ਜੋ ਬੱਚਾ ਅੱਜ ਕਲਾਸ 'ਚ ਦਸ 'ਚੋਂ ਦਸ ਨੰਬਰ ਨਹੀਂ ਲਿਆ ਰਿਹਾ, ਉਹ ਕੱਲ੍ਹ ਕੁਝ ਨਹੀਂ ਕਰ ਸਕੇਗਾ। ਆਪਣੇ ਜੀਵਨ 'ਚ ਬਹੁਤ ਸਾਰੇ ਅਜਿਹੇ ਲੋਕ ਜੋ ਸਫਲਤਾ ਦੇ ਸਿਖਰ 'ਤੇ ਪਹੁੰਚੇ, ਉਹ ਆਪਣੇ ਬਚਪਨ 'ਚ ਹੁਸ਼ਿਆਰ ਨਹੀਂ ਸਨ। ਅਲਬਰਟ ਆਇੰਸਟੀਨ , ਚਾਰਲਸ ਡਾਰਵਿਨ, ਥਾਮਸ ਅਲਵਾ ਐਡੀਸਨ ਆਦਿ ਵਿਗਿਆਨੀਆਂ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ ਜਦਕਿ ਬਚਪਨ 'ਚ ਉਹ ਇਕਦਮ ਸਧਾਰਨ ਬਾਲਕ ਸਨ। ਪੜ੍ਹਾਈ 'ਚ ਵੀ ਚੰਗੇ ਨਹੀਂ ਸਨ। ਕਹਿਣ ਦਾ ਅਰਥ ਇਹ ਹੈ ਕਿ ਸਕੂਲੀ ਜੀਵਨ 'ਚ ਅਸਫਲ ਵਿਅਕਤੀ ਵੀ ਆਪਣੇ ਜੀਵਨ 'ਚ ਉੱਨਤੀ ਦੀਆਂ ਸਿਖਰਾਂ 'ਤੇ ਪਹੁੰਚ ਸਕਦਾ ਹੈ। ਇਸ ਲਈ ਮਾਪਿਆਂ ਨੂੰ ਦੂਜਿਆਂ ਦੇ ਸਫਲ ਬੱਚਿਆਂ ਨੂੰ ਦੇਖ ਕੇ ਆਪਣੇ ਬੱਚਿਆਂ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਸਗੋਂ ਉਨ੍ਹਾਂ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ 'ਚ ਆਤਮਵਿਸ਼ਵਾਸ ਪੈਦਾ ਕਰਨਾ ਚਾਹੀਦਾ ਹੈ।

-ਅਮਿਤਾ ਤਿਵਾੜੀ

# ਨੌਜਵਾਨ ਅਤੇ ਖ਼ੁਦਮੁਖ਼ਤਾਰੀ ਦਾ ਰਾਹ

**ਡਾ. ਸ਼ਿਆਮ ਸੁੰਦਰ ਦੀਪਤੀ**

ਨੌਜਵਾਨੀ ਦੀ ਇਕ ਤਸਵੀਰ ਜੋ ਪੇਸ਼ ਹੁੰਦੀ ਹੈ ਤੇ ਕਾਫੀ ਹੱਦ ਤਕ ਨਜ਼ਰ ਵੀ ਆਉਂਦੀ ਹੈ, ਉਹ ਜ਼ਰੂਰ ਨਿਰਾਸ਼ ਕਰਦੀ ਹੈ ਪਰ ਇਸ ਦਾ ਦੂਜਾ ਪਾਸਾ ਵੀ ਹੈ ਕਿ ਇਹ ਉਮਰ ਖ਼ੁਦਮੁਖ਼ਤਾਰੀ ਹਾਸਲ ਕਰਨ, ਆਤਮ-ਨਿਰਭਰ ਹੋਣ, ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨ ਦੀ ਸਮਰੱਥਾ ਵਾਲੇ ਹੁਨਰ ਦੀ ਵੀ ਹੈ; ਨਤੀਜੇ ਵਜੋਂ ਆਪਣਾ ਰਾਹ ਤਲਾਸ਼ ਕੇ ਬੁਲੰਦੀਆਂ ਹਾਸਲ ਕਰਨ ਦੇ ਯੋਗ ਵੀ ਹੈ। ਇਕ ਪਾਸੇ ਨੌਜਵਾਨ ਭੀੜ ਦਾ ਹਿੱਸਾ ਬਣ ਕੇ ਤੋੜ-ਫੋੜ, ਤਬਾਹੀ ਵੱਲ ਪਿਆ ਦਿਸਦਾ ਹੈ, ਨਵੇਂ ਭੀੜ-ਤੰਤਰ ਦਾ ਆਗੂ ਬਣ ਕੇ ਹਜੂਮੀ ਹੱਤਿਆ (ਲਿੰਚਿਗ) ਕਰਦਾ (ਭੀੜ-ਹਿੰਸਾ ਰਾਹੀਂ ਦੰਗਈ ਬਣਿਆ) ਨਜ਼ਰ ਆਉਂਦਾ ਹੈ ਤੇ ਆਪਣੇ ਕਾਰਨਾਮੇ 'ਤੇ ਮਾਣ ਵੀ ਕਰਦਾ ਹੈ। ਇਸ ਉਮਰ ਵਰਗ ਦਾ ਦੂਜਾ ਪਹਿਲੂ ਹੈ- ਲੱਖਾਂ ਹੀ ਨੌਜਵਾਨ ਆਪਣਾ ਭਵਿੱਖ ਰੌਸ਼ਨ ਕਰਨ ਲਈ ਦਾਖਲਿਆਂ ਦੀ ਤਿਆਰੀ ਵਿਚ ਸਿਰ ਸੁੱਟ ਕੇ ਮਿਹਨਤ ਕਰਦੇ ਹਨ। ਦਾਖਲਾ ਇਮਤਿਹਾਨ ਵਿਚੋਂ ਪਾਸ ਹੋ ਕੇ ਆਈਆਈਟੀ, ਆਈਆਈਐੱਮ, ਪ੍ਰਸ਼ਾਸਨਕ ਸੇਵਾਵਾਂ, ਡਾਕਟਰੀ, ਇੰਜਨੀਅਰਿੰਗ ਤੋਂ ਬਾਅਦ ਚੰਗੇ ਅਹੁਦਿਆਂ 'ਤੇ ਤਾਇਨਾਤ ਹੋ ਕੇ ਕਾਮਯਾਬੀ ਨਾਲ ਵਿਚਰਦੇ ਹਨ। ਇਸ ਤੋਂ ਇਲਾਵਾ ਕੁਝ ਸਰਦੇ ਪੁੱਜਦੇ ਘਰਾਣੇ, ਆਪਣੀ ਆਰਥਿਕ ਸਮਰੱਥਾ ਸਦਕਾ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਨ ਅਤੇ ਕੰਮ ਕਰਨ ਲਈ ਵੀ ਭੇਜਦੇ ਦੇਖੇ ਜਾ ਸਕਦੇ ਹਨ।

ਇਨ੍ਹਾਂ ਨੌਜਵਾਨਾਂ ਦੀ ਉਮਰ ਦਾ ਪੜਾਅ ਜ਼ਰੂਰ ਇਕੋ ਜਿਹਾ ਹੈ; ਭਾਵ, ਸੋਲਾਂ-ਸਤਾਰਾਂ ਸਾਲ ਤੋਂ ਇੱਕੀ-ਬਾਈ ਸਾਲ ਦਾ ਪਰ ਪਿਛੋਕੜ ਬਹੁਤ ਅਲਗ ਹੈ। ਜੇ ਕੁਦਰਤ ਦੇ ਪੈਦਾਵਾਰੀ ਅਮਲ ਨੂੰ ਸਾਹਮਣੇ ਰੱਖਿਆ ਜਾਵੇ ਤੇ ਜਨਮ ਤੋਂ ਜਵਾਨ ਹੋਣ ਤੱਕ ਦੇ ਵਰਤਾਰੇ ਨੂੰ ਸਮਝੀਏ ਤਾਂ ਕੁਦਰਤ ਪੱਖੋਂ ਸਭ ਨੂੰ ਇਕੋ ਜਿਹਾ ਬਿਨਾ ਕਿਸੇ ਵਿਤਕਰੇ ਤੋਂ ਵਿਕਾਸ ਮਿਲਿਆ ਹੈ। ਜੋ ਗੱਲ ਸਾਫ ਹੁੰਦੀ ਹੈ, ਉਹ ਇਹ ਕਿ ਕਿਵੇਂ ਸਾਡਾ ਸਮਾਜ, ਆਲਾ-ਦੁਆਲਾ ਅਤੇ ਸਾਡੀ ਵਿਵਸਥਾ ਜਿਵੇਂ ਚਾਹੇ ਉਸ ਰਾਹ ਪਾ ਦਿੰਦੇ ਹਨ।

ਇਸ ਤੋਂ ਇਕ ਨਤੀਜੇ 'ਤੇ ਤਾਂ ਪਹੁੰਚਿਆ ਜਾ ਸਕਦਾ ਹੈ- ਕੁਦਰਤ ਵੱਲੋਂ ਮਨੁੱਖ ਨੂੰ ਦਿੱਤੀ ਸਮਰੱਥਾ ਅਤੇ ਕਾਬਲੀਅਤ ਸਭ ਕੋਲ ਹੈ। ਜੋ ਕੋਈ ਇਸ ਨੂੰ ਉਲੀਕੇ, ਸਮਝੇ ਤਾਂ ਉਸ ਮੁਤਾਬਕ ਉਹ ਖ਼ੁਦ ਵੀ ਆਪਣਾ ਰਾਹ, ਆਪਣੀ ਖ਼ੁਦਮੁਖ਼ਤਾਰੀ ਹਾਸਲ ਕਰ ਸਕਦਾ ਹੈ। ਸਕੂਲ ਵਿਚ ਸਾਰੇ ਪੜ੍ਹਨ ਜਾਂਦੇ ਹਨ। ਛੇ ਸਾਲ ਦਾ ਬੱਚਾ ਪਹਿਲੀ ਜਮਾਤ ਵਿਚ ਦਾਖਲ ਹੋਵੇਗਾ, ਇਹ ਸਮਾਜਿਕ ਅਮਲ ਕੁਦਰਤ ਦੇ ਅਧਿਐਨ ਤੋਂ ਲਿਆ ਗਿਆ ਹੈ ਕਿ ਉਸ ਉਮਰ ਤੱਕ ਦਿਮਾਗ ਆਪਣਾ ਸਰੀਰਕ ਪੱਖ ਤੋਂ ਵਿਕਾਸ ਪੂਰਾ ਕਰ ਲੈਂਦਾ ਹੈ ਪਰ ਇਸ ਦੇ ਨਾਲ ਹੀ ਸਕੂਲ ਛੱਡ ਜਾਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜੋ ਮੁੱਢਲੇ ਸਕੂਲ, 12ਵੀਂ ਅਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ ਸਪਸ਼ਟ ਨਜ਼ਰ ਆਉਂਦਾ ਹੈ।

ਸਕੂਲੀ ਪੜ੍ਹਾਈ ਦਾ ਦ੍ਰਿਸ਼ ਸਾਡੇ ਸਾਹਮਣੇ ਹੈ। ਸਰਕਾਰੀ ਸਕੂਲ ਜੋ ਹੁਣ ਸਿਰਫ ਅਤਿ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਰਾਖਵੇਂ ਹਨ, ਦੇ ਹਾਲਾਤ ਇਹ ਹਨ ਕਿ ਪੰਜ ਜਮਾਤਾਂ ਲਈ ਇਕ ਅਧਿਆਪਕ ਹੈ ਜਾਂ ਵੱਧ ਤੋਂ ਵੱਧ ਦੋ। ਪੰਜਵੀਂ ਤਕ ਪੜ੍ਹਾਈ ਲਾਜ਼ਮੀ ਹੈ। ਬੱਚੇ ਸਾਰੇ ਦਾਖਲ ਕਰਨੇ ਜ਼ਰੂਰੀ ਹਨ ਤੇ ਪਾਸ ਕਰਨੇ ਵੀ। ਕਾਰਗੁਜ਼ਾਰੀ ਦੀ ਹਾਲਤ ਇਹ ਹੈ ਕਿ ਛੇਵੀਂ ਵਿਚ ਪਹੁੰਚੇ ਬੱਚੇ ਨੂੰ ਦੂਜੀ ਜਮਾਤ ਦਾ ਬੁਨਿਆਦੀ ਹੁਨਰ ਵੀ ਨਹੀਂ ਹੁੰਦਾ। ਇਥੋਂ ਸਕੂਲ ਛੱਡਣ ਦੀ ਸ਼ੁਰੂਆਤ ਹੁੰਦੀ ਹੈ। ਨੌਵੀਂ ਜਮਾਤ ਵਿਚ ਜਿੱਥੇ ਵਿਗਿਆਨ ਦੀ ਸਿਧਾਂਤਕ ਪੜ੍ਹਾਈ ਸ਼ੁਰੂ ਹੁੰਦੀ ਹੈ, ਉਹ ਚਾਹੇ ਭੌਤਿਕ ਹੋਵੇ, ਜੀਵ ਵਿਗਿਆਨ ਜਾਂ ਸਮਾਜ ਮਨੋਵਿਗਿਆਨ; ਬੱਚੇ ਨੇ ਸਭ ਕੁਝ ਪ੍ਰਯੋਗਸ਼ਾਲਾ ਰਾਹੀਂ ਖ਼ੁਦ ਕਰ ਕੇ ਨਿਰਖ-ਪਰਖ ਰਾਹੀਂ ਸਿੱਖਣਾ ਹੁੰਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਉਦਾਰੀਕਰਨ, ਨਿਜੀਕਰਨ ਨੂੰ ਹਰ ਖੇਤਰ ਵਿਚ ਖੁੱਲ੍ਹ ਦੇ ਕੇ ਗਲੀ ਗਲੀ ਕਾਲਜ ਅਤੇ ਸ਼ਹਿਰ ਸ਼ਹਿਰ ਯੂਨੀਵਰਸਿਟੀਆਂ ਖੋਲ੍ਹਣ ਦਾ ਰਾਹ ਪੱਧਰਾ ਹੋਇਆ ਹੈ ਪਰ ਇਥੇ ਵੀ ਮੋਟੀ ਫੀਸ ਪੜ੍ਹਾਈ ਵਿਚ ਅੜਿੱਕਾ ਬਣਦੀ ਹੈ; ਭਾਵ, ਕੁਦਰਤ ਵਲੋਂ ਮਿਲੀ ਇਕਸਾਰ, ਬਰਾਬਰ ਕਾਬਲੀਅਤ ਅਤੇ ਸਮਰੱਥਾ ਦੇ ਹੁੰਦੇ ਹੋਇਆਂ ਵੀ ਸਾਡਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਾਹੌਲ ਅਜਿਹਾ ਵਾਤਾਵਰਨ ਸਿਰਜ ਦਿੰਦਾ ਹੈ ਕਿ ਖ਼ੁਦ-ਬਖ਼ੁਦ ਬਿਨਾ ਕਿਸੇ ਵੱਡੀ ਆਲੋਚਨਾ ਜਾਂ ਬੁਲੰਦ ਵਿਰੋਧ ਦੀ ਆਵਾਜ਼ ਦੇ ਸਮਾਜ ਦੋ ਬਿਲਕੁਲ ਹੀ ਦੋ ਵੱਖਰੇ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਹੁਣ ਸਵਾਲ ਕੁਦਰਤ ਵੱਲੋਂ ਮਿਲੀ ਸਮਰੱਥਾ ਅਤੇ ਕਾਬਲੀਅਤ ਦਾ ਹੈ। ਠੀਕ ਹੈ ਕਿ ਸਕੂਲੀ ਪੜ੍ਹਾਈ ਉਸ ਨੂੰ ਤਿੱਖਾ ਕਰਦੀ ਹੈ ਜਾਂ ਕੋਈ ਰਾਹ ਦਿਖਾਉਂਦੀ ਹੈ ਪਰ ਇਹ ਸਕੂਲੀ ਵਿਵਸਥਾ ਤਾਂ ਕੁਝ ਕੁ ਸਾਲਾਂ ਤੋਂ ਹੀ ਹੋਂਦ ਵਿਚ ਆਈ ਹੈ ਪਰ ਮਨੁੱਖੀ ਸਿਆਣਪ ਨੇ ਕੁਦਰਤ ਨੂੰ ਦੇਖ ਦੇਖ ਕੇ ਕਿੰਨੇ ਹੀ ਕ੍ਰਿਸ਼ਮੇ ਕੀਤੇ ਹਨ।

ਮਨੁੱਖ ਜੋ ਖ਼ੁਦ ਨੂੰ ਸਾਰੇ ਜੀਵਾਂ ਵਿਚੋਂ ਸਿਖਰ 'ਤੇ ਰੱਖਦਾ ਹੈ, ਨੇ ਆਪਣਾ ਨਾਂ 'ਹੋਮੋ ਸੇਪੀਅਨ' ਰੱਖਿਆ ਹੈ ਜਿਸ ਦਾ ਅਰਥ ਹੈ ਸਿਆਣਾ ਮਨੁੱਖ। ਜੀਵ ਵਿਕਾਸ ਵਿਚ ਮਨੁੱਖ ਦੇ ਕਈ ਰੂਪ, ਹੋਮੋ ਵਰਗ ਦੇ ਕਈ ਪੜਾਵਾਂ ਦਾ ਜਿ ?ਕਰ ਹੈ ਜੋ ਅੱਜ ਸਾਡੇ ਸਾਹਮਣੇ ਹੈ ਜਾਂ ਅਸੀਂ ਸਭ ਤੋਂ ਸਿਆਣੇ ਹਾਂ। ਇਹ ਮਨੁੱਖਾਂ ਦੇ ਅਧਿਐਨ ਅਤੇ ਉਸ 'ਤੇ ਆਧਾਰਿਤ ਸਾਂਝੇ ਨਿਰਣੇ ਦਾ ਨਤੀਜਾ ਹੈ, ਇਹ ਕੋਈ ਜਜ਼ਬਾਤੀ ਹੋ ਕੇ ਆਪਣੇ ਹੱਕ ਵਿਚ ਕੀਤਾ ਫ਼ੈਸਲਾ ਨਹੀਂ। ਜੇ ਸਿਆਣਪ ਵਾਲੇ ਇਸ ਪੱਖ ਨੂੰ ਸਮਝਣਾ ਹੋਵੇ ਤਾਂ ਉਸ ਦਾ ਕਾਰਨ ਹੈ, ਸਾਡੇ ਕੋਲ ਕੁਦਰਤ ਤੋਂ ਮਿਲਿਆ ਅਤੇ ਵਿਕਾਸ ਦੀ ਪ੍ਰਕਿਰਿਆ ਵਿਚ ਵਿਕਸਿਤ ਹੋਇਆ ਦਿਮਾਗ। ਦਿਮਾਗ ਭਾਵੇਂ ਸਾਰੇ ਜਾਨਵਰਾਂ ਕੋਲ ਹੈ ਪਰ ਮਨੁੱਖੀ ਦਿਮਾਗ ਦੀ ਖਾਸੀਅਤ ਹੈ ਕਿ ਇਹ ਵਿਸ਼ਲੇਸ਼ਣੀ ਹੈ, ਸਮੱਸਿਆ ਮੌਕੇ ਇਹ ਨਿਰਖ-ਪਰਖ ਰਾਹੀਂ ਫੈਸਲੇ ਕਰਦਾ ਹੈ। ਫੈਸਲਿਆਂ ਦੇ ਨਤੀਜੇ ਤੋਂ ਹੀ ਅਸੀਂ ਕਿਸੇ ਵੀ ਮਨੁੱਖ ਦੀ ਸਿਆਣਪ ਦਾ ਅੰਦਾਜ਼ਾ ਲਗਾ ਸਕਦੇ ਹਾਂ। ਫੈਸਲੇ ਕਰਨ ਦੀ ਇਹ ਸਮਰੱਥਾ ਅਤੇ ਇਸ ਵਿਚ ਵੀ ਚੰਗੇ-ਬੁਰੇ ਦਾ ਫੈਸਲਾ ਕਰਨ ਦੀ ਕਾਬਲੀਅਤ ਜਵਾਨ ਹੁੰਦੇ ਹੁੰਦੇ ਆ ਜਾਂਦੀ ਹੈ ਜਿਸ ਦੇ ਆਧਾਰ 'ਤੇ ਸਮਾਜਿਕ ਵਿਵਸਥਾ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦਿੰਦੀ ਹੈ ਤੇ ਇਸੇ ਤਰ੍ਹਾਂ ਸੜਕ 'ਤੇ ਸਹੀ ਫੈਸਲੇ ਨਾਲ ਵਾਹਨ ਚਲਾਉਣ ਲਈ ਡਰਾਈਵਿੰਗ ਲਾਈਸੈਂਸ ਲਈ ਵੀ ਉਮਰ ਅਠਾਰਾਂ ਸਾਲ ਤੈਅ ਹੋਈ ਹੈ। ਇਉਂ ਨੌਜਵਾਨਾਂ ਵਿਚ ਇਹ ਕਾਬਲੀਅਤ ਹੈ ਜੋ ਉਸ ਨੂੰ ਫੈਸਲੇ ਕਰਨ ਦੇ ਯੋਗ ਬਣਾਉਂਦੀ ਹੈ ਤੇ ਆਪਣਾ ਰਾਹ ਤੈਅ ਕਰਨ ਲਈ ਕਾਬਲ ਠਹਿਰਾਉਂਦੀ ਹੈ। ਅਸੀਂ ਦੇਖਦੇ ਹਾਂ ਕਿ ਇਸ ਉਮਰ 'ਤੇ ਪਹੁੰਚ ਕੇ ਵੀ ਮਾਪੇ-ਅਧਿਆਪਕ ਜਾਂ ਹੋਰ ਵੱਡੇ ਲੋਕ ਆਪਣਾ ਫ਼ੈਸਲਾ ਥੋਪਦੇ ਹਨ। ਮੰਨ ਲਿਆ, ਉਨ੍ਹਾਂ ਕੋਲ ਉਮਰ ਦੇ ਲਿਹਾਜ਼ ਨਾਲ ਵੱਧ ਤਜਰਬਾ ਅਤੇ ਸਿਆਣਪ ਹੋ ਸਕਦੀ ਹੈ ਪਰ ਜੋ ਸਮਝਣ ਵਾਲੀ ਗੱਲ ਹੈ, ਫ਼ੈਸਲਾ ਨੌਜਵਾਨ ਦੀ ਜ਼ਿੰਦਗੀ ਬਾਰੇ ਹੋ ਰਿਹਾ ਹੈ ਤੇ ਉਹ ਆਪਣੀ ਰਾਹ ਪਛਾਨਣ ਵਿਚ ਸਮਰੱਥ ਹੈ, ਉਸ 'ਤੇ ਫੈਸਲਾ ਥੋਪਣ ਦੀ ਬਜਾਇ ਉਸ ਦੀ ਰਾਏ ਲੈਣਾ, ਆਪਣਾ ਫੈਸਲਾ ਰੱਖਣਾ ਤੇ ਚਰਚਾ ਕਰਨ ਦਾ ਮੌਕਾ ਜ਼ਰੂਰ ਦੇਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਦੇਖਦੇ ਹਾਂ ਕਿ ਨੌਜਵਾਨ ਖ਼ੁਦ ਫੈਸਲੇ ਕਰ ਕੇ ਮਾਂ-ਪਿਉ ਤੋਂ ਬਾਗ਼ੀ ਹੋ ਜਾਂਦੇ ਹਨ।

ਮਨੁੱਖ ਆਪਣੀ ਦਿਮਾਗੀ ਸਮੱਰਥਾ ਕਰ ਕੇ ਜਿਗਿਆਸੂ ਹੈ। ਇਹ ਕੁਦਰਤੀ ਗੁਣ ਅਮੀਰ ਗਰੀਬ, ਪੇਂਡੂ ਸ਼ਹਿਰੀ, ਦੂਰ ਦਰਾਜ, ਸਾਰੇ ਮਨੁੱਖਾਂ ਨੂੰ ਜਾਤ, ਧਰਮ ਜਾਂ ਹੋਰ ਸਮਾਜਿਕ ਵਖਰੇਵਿਆਂ ਦੇ ਹੁੰਦਿਆਂ ਸਭ ਵਿਚ ਪਿਆ ਹੁੰਦਾ ਹੈ। ਇਹੀ ਜਿਗਿਆਸਾ ਮਨੁੱਖ ਨੂੰ ਖੋਜੀ ਬਣਾਉਂਦੀ ਹੈ ਤੇ ਉਹ ਖੋਜ ਦੇ ਰਾਹ ਤੁਰ ਪੈਂਦਾ ਹੈ। ਜੇ ਉਸ ਨੂੰ ਕੋਈ ਸਹੀ ਰਾਹ ਦਸੇਰਾ, ਕੋਈ ਗੁਰੂ ਪਿਆਰਾ ਸਮਰੱਥ ਹੈ ਤਾਂ ਉਹ ਆਪਣੀ ਇਸ ਸਮਰੱਥਾ ਨੂੰ ਸੇਧ ਦੇ ਸਕਦਾ ਹੈ ਤੇ ਕਈ ਕੁਝ ਪ੍ਰਾਪਤ ਕਰ ਸਕਦਾ ਹੈ ਤੇ ਉਹ ਨੌਜਵਾਨ ਕੋਈ ਖੋਜ ਮਨੁੱਖਤਾ ਦੀ ਝੋਲੀ ਪਾ ਸਕਦਾ ਹੈ। ਸਾਡੇ ਕੋਲ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਉਦਾਹਰਨਾਂ ਹਨ ਜਿਨ੍ਹਾਂ ਨੇ ਅਜੋਕੇ ਕਿਸਮ ਦੀ ਸਕੂਲੀ ਵਿਦਿਆ ਹਾਸਲ ਨਹੀਂ ਕੀਤੀ ਪਰ ਅਨੇਕਾਂ ਲਾਜਵਾਬ ਮੱਲਾਂ ਮਾਰੀਆਂ ਹਨ।

ਸਿਆਣਪ ਦੇ ਇਸ ਪਹਿਲੂ ਦੇ ਮੱਦੇਨਜ਼ਰ ਅਸੀਂ ਦੇਖਦੇ ਹਾਂ ਕਿ ਇਸ ਨੂੰ ਮਾਪਣ-ਜਾਂਚਣ ਦੇ ਪੈਮਾਨੇ ਵੀ ਕੱਢੇ ਗਏ ਹਨ ਤੇ ਇਕ ਹੈ, 'ਆਈ ਕਿਊ' ਪਰ ਇਸ 'ਤੇ ਕਈ ਸਵਾਲੀਆ ਚਿੰਨ੍ਹ ਲੱਗੇ ਹਨ। ਇਕ ਤਾਂ ਇਹ ਸਕੂਲੀ ਪੜ੍ਹਾਈ 'ਤੇ ਆਧਾਰਿਤ ਹੈ ਤੇ ਮਨੁੱਖੀ ਸਭਿਆਚਾਰਕ ਪਿਛੋਕੜ ਨੂੰ ਅਣਗੌਲਿਆਂ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਵਿਚ ਅਨੇਕਾਂ ਸ਼ੋਹਬੇ ਹਨ, ਕਿਸੇ ਦੀ ਕਿਸੇ ਵਿਚ ਦਿਲਚਸਪੀ ਤੇ ਕਿਸੇ ਦੇ ਹੋਰ ਵਿਚ; ਕੋਈ ਵਿਗਿਆਨ ਵੱਲ ਰੁਚਿਤ ਹੈ, ਕੋਈ ਕਲਾ ਤੇ ਸੰਗੀਤ ਵੱਲ, ਕੋਈ ਆਗੂ ਦੀ ਭੂਮਿਕਾ ਨਿਭਾਉਣ ਵਿਚ ਸੰਤੁਸ਼ਟੀ ਮਹਿਸੂਸ ਕਰਦਾ ਹੈ। ਇਹ ਸਿਆਣਪ ਦੇ ਰੂਪ ਹਨ। ਦੂਜਾ ਪਹਿਲੂ ਇਹ ਵੀ ਹੈ ਕਿ ਬਹੁਤ ਜ਼ਿਆਦਾ ਸਿਆਣਾ, ਪੜ੍ਹਾਕੂ, ਜਮਾਤਾਂ ਵਿਚ ਅੱਵਲ ਰਹਿਣ ਵਾਲਾ ਕਈ ਵਾਰ ਜ਼ਿੰਦਗੀ ਵਿਚ ਸਫਲ ਨਹੀਂ ਹੁੰਦਾ। ਇਸ ਪ੍ਰਸੰਗ ਵਿਚ ਇਕ ਸਮਝ ਹੈ: 'ਜਜ਼ਬਾਤੀ ਸਿਆਣਪ'; ਕਹਿਣ ਤੋਂ ਭਾਵ ਜਜ਼ਬਾਤ ਦਾ ਸਿਆਣਪ ਨਾਲ ਇਸਤੇਮਾਲ, ਦੋਹਾਂ ਦਾ ਸਿਹਤਮੰਦ ਸੰਤੁਲਨ।

ਜਿਥੇ ਮਨੁੱਖ ਦੀ ਖਾਸੀਅਤ ਦਿਮਾਗ ਹੈ, ਦੂਜਾ ਉਸ ਦੀ ਸੰਵੇਦਨਸ਼ੀਲਤਾ ਹੈ। ਸੰਵੇਦਨਸ਼ੀਲਤਾ ਮਨੁੱਖ ਨੂੰ ਦੂਜੇ ਦੀ ਮਦਦ ਲਈ ਪ੍ਰੇਰਦੀ ਹੈ। ਸਾਰੇ ਜੀਵਾਂ ਵਿਚ ਸੰਵੇਦਨਾ ਹੁੰਦੀ ਹੈ ਪਰ ਮਨੁੱਖੀ ਸੰਵੇਦਨਾ ਦਾ ਪੜਾਅ ਨਵੇਕਲਾ ਤੇ ਵੱਖਰਾ ਹੈ; ਉਹ ਕਿਸੇ ਦਾ ਵੀ ਦਰਦ ਆਪਣੇ ਪਿੰਡੇ 'ਤੇ ਮਹਿਸੂਸ ਕਰ ਸਕਦਾ ਹੈ ਤੇ ਉਸ ਦਰਦ ਦੀ ਕੰਬਣੀ ਵਿਚੋਂ ਲੰਘਦਾ ਫ਼ਿਕਰਮੰਦੀ ਦਾ ਇਜ਼ਹਾਰ ਕਰ ਸਕਦਾ ਹੈ। ਇਕ ਖਾਸੀਅਤ ਹੋਰ ਜੋ ਮਨੁੱਖ ਵਿਚ ਹੈ, ਉਹ ਹੈ ਆਪਸੀ ਮਦਦ ਅਤੇ ਸਹਿਯੋਗ। ਦੂਸਰੇ ਦਾ ਹੱਥ ਫੜ ਕੇ ਨਾਲ ਤੁਰਨਾ, ਸਹਾਰਾ ਦੇਣਾ। ਦੂਜੇ ਦੇ ਦੁੱਖ ਦਾ ਭਾਈਵਾਲ ਹੋਣਾ। ਜੇ ਨਜ਼ਰ ਮਾਰੀਏ ਤਾਂ ਇਹ ਸਾਰੇ ਮਨੁੱਖੀ ਵਿਲੱਖਣ ਗੁਣ, ਸਿਆਣਪ, ਸੰਵੇਦਨਸ਼ੀਲਤਾ ਅਤੇ ਸਹਿਯੋਗ ਮਨੁੱਖੀ ਜੀਵਨ ਵਿਚ ਭਾਵੇਂ ਜਨਮ ਤੋਂ ਹੁੰਦੇ ਹਨ ਪਰ ਨੌਜਵਾਨੀ ਦੇ ਪੜਾਅ 'ਤੇ ਇਨ੍ਹਾਂ ਸਾਰੀਆਂ ਵਿਲੱਖਣਤਾਵਾਂ ਨੂੰ ਨੌਜਵਾਨ ਖੁਦ ਮਹਿਸੂਸ ਕਰ ਸਕਦੇ ਹਨ ਤੇ ਅਸੀਂ ਉਨ੍ਹਾਂ ਨੂੰ ਇਸ ਦਿਸ਼ਾ ਵਿਚ ਕਾਰਜਸ਼ੀਲ ਹੁੰਦੇ ਦੇਖ ਸਕਦੇ ਹਾਂ। ਸਵਾਲ ਹੈ, ਨੌਜਵਾਨਾਂ ਦਾ ਕੋਈ ਰਾਹ ਦਸੇਰੇ ਹੋਵੇ। ਉਂਝ, ਜੇ ਅਸੀਂ ਕੁਝ ਕਰਨਾ ਹੈ ਤਾਂ ਘੱਟੋ-ਘੱਟ ਅਸੀਂ ਅੜਿੱਕਾ ਨਾ ਬਣੀਏ, ਨੌਜਵਾਨ ਆਪਣੇ ਆਪ ਹੀ ਖ਼ੁਦਮੁਖ਼ਤਾਰੀ ਦੇ ਰਾਹ ਪੈ ਜਾਣਗੇ। ਨੌਜਵਾਨ ਪਲ ਪਲ ਸੁਚੇਤ ਰਹਿਣ ਅਤੇ ਆਪਣੇ ਅੰਦਰ ਵਿਕਸਿਤ ਹੋ ਰਹੀਆਂ ਇਨ੍ਹਾਂ ਕਾਬਲੀਅਤਾਂ ਨੂੰ ਪਛਾਣਨ, ਉਲੀਕਣ ਅਤੇ ਅੱਗੇ ਹੋ ਕੇ ਇਨ੍ਹਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-84

ਸਾਡਾ ਸਰੀਰ ਸੈਲਾ ਦਾ ਬਣਿਆ ਹੋਇਆ ਹੈ ਜਿਵੇ ਕੋਈ ਮਕਾਨ ਇੱਟਾਂ ਨਾਲ ਬਣਦਾ ਹੈ। ਜਿਵੇਂ ਮਕਾਨ ਵਿੱਚ ਵੱਖ ਵੱਖ ਥਾਵਾਂ 'ਤੇ ਲੋੜ ਅਨੁਸਾਰ ਵੱਖ-ਵੱਖ ਤਰ੍ਹਾਂ ਦੀਆਂ ਇੱਟਾਂ ਲੱਗਦੀਆਂ ਹਨ ਇੰਜ ਹੀ ਸਰੀਰ ਦੇ ਢਾਂਚੇ ਦੀ ਵੱਖ-ਵੱਖ ਬਣਤਰ ਲਈ ਵੱਖ-ਵੱਖ ਤਰ੍ਹਾਂ ਦੇ ਸੈਲਾਦੀ ਬਣਤਰ ਇਨ੍ਹਾਂ ਨੂੰ ਬਣਾਉਂਦੀ ਹੈ। ਇਹ ਠੀਕ ਉਸੇ ਤਰ੍ਹਾਂ ਹੀ ਹੈ ਜਿਵੇ ਫ਼ਰਸ਼ ਤੇ ਲੱਗਣ ਵਾਲੀਆਂ ਇੱਟਾਂ ਹੋਰ ਤਰ੍ਹਾਂ ਦੀਆਂ ਹੁੰਦੀਆਂ ਹਨ ਛੱਤ ਤੇ ਲੱਗਣ ਵਾਲੀਆਂ ਹੋਰ ਤਰ੍ਹਾਂ ਦੀਆਂ ਤੇ ਚਿਣਾਈ ਦੇ ਕੰਮ ਲਈ ਜਾਂ ਰਸੋਈ ਦੇ ਅੰਦਰ ਲਈ ਇੱਟਾਂ ਵੱਖ-ਵੱਖ ਕਿਸਮ ਦੀਆਂ ਇਸਤੇਮਾਲ ਹੁੰਦੀਆਂ ਹਨ। ਇਸੇ ਤਰ੍ਹਾਂ ਸਰੀਰ ਦੇ ਵੱਖ-ਵੱਖ ਬਣਤਰ ਵਿੱਚ ਆਉਣ ਵਾਲੇ ਅੰਗਾਂ ਵਿਚ ਕੰਮ ਆਉਣ ਵਾਲੇ ਟਿਸ਼ੂਆਂ ਦੀ ਬਣਤਰ ਤੇ ਉਨ੍ਹਾਂ ਨੂੰ ਬਣਾਉਣ ਵਾਲੇ ਸੈਲ ਬਣਤਰ ਵਿਚ ਵੱਖਰੇ ਵੱਖਰੇ ਹੁੰਦੇ ਹਨ ਬੇਸ਼ਕ ਉਨ੍ਹਾਂ ਨੂੰ ਬਣਾਉਣ ਵਾਲੇ ਅੰਦਰ ਦੇ ਬਣਤਰ ਦੇ ਤੱਤ ਬੇਸ਼ੱਕ ਤੱਤ ਯਾਨੀ ਸੈਲ ਦੇ ਅੰਦਰੂਨੀ ਬਣਤਰ ਵਾਲੇ ਤੱਤ ਜਿਵੇ ਨਿਊਕਲੀਅਸ ਮਾਈਟੋਕੌਨਡਰੀਆ ਸੈਟਰੋਸੋਮ ਵਗੈਰਾ ਵਗੈਰਾ ਉਹੀ ਹੀ ਹੁੰਦੇ ਹਨ।

ਸਰੀਰ ਦੀ ਸ਼ੁਰੂਆਤ ਮਕਾਨ ਦੀ ਬਣਤਰ ਲਈ ਜੁੜਦੀਆਂ ਦੋ ਇੱਟਾਂ ਵਾਂਗ ਯਾਨੀ ਦੋ ਸੈਲ ਹੀ ਹੁੰਦੇ ਹਨ ਅਤੇ ਇਹ ਹਨ ਸਪਰਮ ਤੇ ਓਵਮ ਜਿਨ੍ਹਾਂ ਤੋਂ ਅੱਗੇ ਇਨ੍ਹਾਂ ਦੇ ਮਿਲਣ ਤੋਂ ਨਵਜੀਵਨ ਦੀ ਬਣਤਰ ਸ਼ੁਰੂ ਹੁੰਦੀ ਹੈ। ਦੋਹਾਂ ਸਪਰਮ ਤੇ ਓਵਮ ਦੀ ਬਣੀ ਇਕ ਯੂਨੀਅਨ ਯਾਨੀ ਦੋਹਾਂ ਇੱਟਾਂ ਤੋਂ ਬਣੀ ਇਕ ਨਵੀਂ ਇੱਟ ਯਾਨੀ ਇਕ ਪੂਰੇ-ਪੂਰੇ ਸੈਲ ਦੀ ਬਣਤਰ ਬਣਦੀ ਹੈ ਤੇ ਇੰਜ ਹੀ ਅੱਗੇ ਤੋਂ ਅੱਗੇ ਸੈਲ ਵਧਦੇ ਵੱਧਦੇ ਸਰੀਰ ਦੀ ਬਣਤਰ ਬਣਦੀ ਹੈ। ਮਤਲਬ ਸਪਰਮ ਤੇ ਓਵਮ ਆਪਸ ਵਿੱਚ ਬਣਤਰ ਦੇ ਇੱਕੋ ਜਿਹੇ ਤੱਤ ਹੁੰਦਿਆਂ ਆਪਸ ਵਿੱਚ ਇੰਜ ਘੁਲਮਿਲ ਜਾਂਦੇ ਹਨ ਕਿ ਦੋ ਨਿਊਕਲੀਅਸ ਦਾ ਇਕ ਨਿਊਕਲੀਅਸ ਬਣ ਜਾਂਦਾ ਹੈ ਤੇ ਬਾਕੀ ਬਣਤਰ ਦੇ ਤੱਤ ਜਿਵੇਂ ਮਾਈਟੋਕੋਨਡਰੀਆ ਮਾਈਟਰੋਕੌਨਡਰੀਆ ਵਿੱਚ ਸੈਟਰੋਸੋਮ ਸੈਟਰੋਸੋਮਾ ਵਿੱਚ ਆਪਸ ਵਿਚ ਇੰਜ ਘੁਲ ਮਿਲ ਜਾਂਦੇ ਹਨ ਕਿ ਇਕ ਜਾਨ ਇਕ ਹੀ ਹੋ ਜਾਂਦੇ ਹਨ। ਇੰਜ ਹੀ ਦੋਹਾਂ ਦੇ ਮਿਲਣ ਬਾਅਦ ਇਕ ਨਵਾਂ ਹੀ ਸੈਲ ਹੋਂਦ ਵਿੱਚ ਆਉਂਦਾ ਹੈ ਜਿਸ ਵਿੱਚ ਇਕ ਸਮੇਂ ਕਰੋਮੋਜੋਮਜ ਤੋਂ ਇਲਾਵਾ ਸਭ ਕੁਝ ਇੱਕੋ ਜਿਹਾ ਹੀ ਹੋ ਜਾਂਦਾ ਹੈ ਪਰ ਦੋਹਾਂ ਆਪਸ ਵਿਚ ਮਿਲੇ ਸਪਰਮ ਤੇ ਓਵਮ ਯਾਨੀ ਮਰਦ ਤੋਂ ਔਰਤ ਜੀਵਨ ਦੇ ਕਰੋਮੋਜੋਮਾ ਵਿੱਚ ਸ਼ੁਰੂ ਹੋਈ ਲੜਾਈ ਜੀਵਨ ਦੇ ਕਿਸੇ ਇਕ ਪਾਸੇ ਦੀ ਜਵਾਨੀ ਦੀ ਪ੍ਰਪੱਕਤਾ ਤੱਕ ਇਕ ਦੂਜੇ ਦਾ ਜਿੱਤਣ ਹਾਰਨ ਲਈ ਪਿੱਛਾ ਨਹੀਂ ਛੱਡਦੀ। ਇਸ ਲੜਾਈ ਦਾ ਸ਼ੁਰੂ ਤੋਂ ਜਵਾਨੀ ਤੱਕ ਦਾ ਵੇਰਵਾ ਪਹਿਲਾਂ ਵੀ ਦਿੱਤਾ ਜਾ ਚੁੱਕਾ ਹੈ ਅਤੇ ਅੱਗੇ ਵੀ ਡਿਟੇਲ ਵਿੱਚ ਆਵੇਗਾ।

ਜੀਵਨ ਦੀ ਸ਼ੁਰੂਆਤ ਤੇ ਸ਼ੁਰੂਆਤ ਤੋਂ ਬਾਅਦ ਇਕ ਲੰਬੇ ਸਫਰ ਤੇ ਚੱਲਦੇ ਜੀਵਨ ਦੇ ਨਾਲ-ਨਾਲ ਅਸੀਂ ਹੁਣ ਤੱਕ ਚੱਲਦੇ ਆਏ ਹਾਂ। ਜੀਵਨ ਜਵਾਨੀ ਦੇ ਪੜਾਅ ਵਿੱਚ ਗੁਜ਼ਰ ਰਿਹਾ ਹੈ। ਜੀਵਨ ਚੱਕਰ ਜਦ ਅਸੀਂ ਕਹਿੰਦੇ ਹਾਂ ਤਾਂ ਮਤਲਬ ਇਕ ਸਰਕਲ ਇਕ ਗੋਲ ਚਕਰ ਵਿੱਚ ਘੁੰਮਦਾ ਇਕ ਅਕਸ ਸਾਡੇ ਦਿਲੋਂ ਦਿਮਾਗ ਵਿੱਚ ਘੁੰਮਦਾ ਸਾਡੇ ਸਾਹਮਣੇ ਹੁੰਦਾ ਹੈ। ਇਸ ਚਕਰ ਵਿੱਚ ਘੁੰਮਦੇ ਜੀਵਨ ਨੂੰ ਬਿਆਨ ਕਰਨ ਲਈ ਕਿਤੋਂ ਤਾਂ ਸ਼ੁਰੂ ਕਰਨਾ ਹੀ ਸੀ ਅਸਾਂ ਸ਼ੁਰੂ ਕੀਤਾ ਆਦਮੀ ਦੇ ਸਪਰਮ ਤੇ ਔਰਤ ਦੇ ਓਵਮ ਦੇ ਮਿਲਾਪ ਤੋਂ। ਫਿਰ ਅਸੀਂ ਪੈਰ-ਪੈਰ ਤੁਰਦੇ ਇਸ ਜੀਵਨ ਦੇ ਨਾਲ-ਨਾਲ ਤੁਰੇ ਹਾਂ ਇਹਦੀ ਪ੍ਰਗਤੀ ਇਹਦੀ ਡਿਵੈਲਪਮੈਂਟ ਦੇ ਹਰ ਪੜਾਅ ਦੇ ਨਾਲ ਨਾਲ ਤੁਰੇ ਹਾਂ। ਹਰ ਉਹ ਪਲ ਅਸਾਂ ਜੀਵਨ ਦਾ ਮਹਿਸੂਸ ਕੀਤਾ ਹੈ ਇੰਜ ਜੀਆ ਹੈ ਜਿਵੇਂ ਅਸੀਂ ਖ਼ੁਦ ਉਹੀ ਕੁਝ ਜੀਵਨ ਵਿਚ ਜਿਉਂਦੇ ਆ ਰਹੇ ਹਾਂ। ਉਮਰ ਦੇ ਹਰ ਪੜਾਅ ਦੀ ਹਰ ਉਮਰ ਵਿੱਚ ਹੰਡਾਈ ਦੁੱਖ ਤਕਲੀਫ ਅਸਾਂ ਇੰਜ ਜਾਣੀ ਹੈ ਜਿਵੇਂ ਅਸਾਂ ਖ਼ੁਦ ਹੰਡਾਈ ਹੁੰਦੀ ਹੈ। ਮਾਂ ਦੇ ਪੇਟ ਵਿਚ ਗੁਜ਼ਾਰੇ 280 ਦਿਨ ਜਿਸ ਤੋਂ ਵਿਦਾ ਲੈਂਦੇ ਸਮੇਂ ਅਸੀਂ ਚਿਲਾਏ ਸਾ ਰੋਏ ਸਾ ਜਿਸ ਬਾਰੇ ਮਹਿਸੂਸ ਕੀਤਾ ਸੀ ਕਿ ਅਸਾਂ ਖ਼ੁਦ ਮਾਂ ਦੇ ਪੇਟ ਵਿੱਚ 280 ਦਿਨ ਦਾ ਜੀਵਨ ਪਲ ਪਲ ਆਪ ਜੀਆ ਹੈ। ਜਿਸ ਬਾਰੇ ਗੁਰਬਾਣੀ ਕਹਿੰਦੀ ਹੈ।

"ਰੇ ਭਈਆ ਕਾਹੇ ਫ਼ਿਰਤਾ ਫੂਲਿਆ ਫੂਲਿਆ
ਜਬ ਦਸ ਮਾਸ ਉਰਧ ਮੁੱਖ ਰਹਿਤਾ ਸੋ ਦਿਨ ਕੈਸੇ ਭੂਲਿਆ?

ਪਰ ਓਥੇ ਸਾਡਾ ਵਿਸ਼ਵਾਸ ਸਾਡੀ ਮਾਂ ਤੇ ਯਕੀਨਨ ਸੌ ਪ੍ਰਸੈਟ ਸੀ ਕਿ ਅਸੀਂ ਉਹਦੀ ਨਿਗਰਾਨੀ ਵਿੱਚ ਹਰ ਹਾਲਾਤ ਵਿੱਚ ਮਹਿਫੂਜ ਸਾਂ। ਸੁਰੱਖਿਅਤ ਸਾਂ ਖੁਸ਼ ਵੀ ਸਾਂ। ਬੇਸ਼ੱਕ ਉਸ ਤਰ੍ਹਾਂ ਉਲਟਾ ਲਟਕਣਾ ਅੱਜ ਸਾਡੇ ਲਈ ਮੁਸ਼ਕਲ ਹੈ ਪਰ ਅਸਾ ਨੌਂ ਮਹੀਨੇ ਦਸ ਦਿਨ ਇਹ ਉਲਟਾ ਲਟਕਣ ਵਾਲਾ ਜੀਵਨ ਹੰਡਾਇਆ ਹੈ ਖੁਸ਼ ਸਾਂ ਨੱਚ ਟੱਪ ਵੀ ਪੂਰੀ ਸੀ ਪਰ ਇਕ ਦਿਨ ਐਸਾ ਆਇਆ ਕਿ ਇਸ ਘਰ 'ਚੋਂ ਸਾਨੂੰ ਮਤਲਬ ਨਵਜੀਵਨ ਨੂੰ ਬੇਘਰ ਹੋਣਾ ਪਿਆ। ਉਹ ਦੁੱਖ ਜੀਵਨ ਨੇ ਹੰਡਾਇਆ ਕਿਉਂਕਿ ਸਰੀਰ ਦੇ ਸਾਰੇ ਆਸਰੇ ਲਗਦਾ ਸੀ ਛੁੱਟ ਗਏ ਹਨ ਜਿਵੇਂ ਇਕ ਓਪਰੇ ਸੰਸਾਰ ਵਿੱਚ ਅਪਰੀਚਿਤ ਜਿਹੇ ਲੱਗਦੇ ਲੋਕਾਂ ਵਿੱਚ ਜੀਵਨ ਆ ਗਿਆ ਹੋਵੇ। ਸਮੇਂ ਨਾਲ ਜੀਵਨ ਇਸ ਮਾਹੌਲ ਦਾ ਆਦੀ ਹੋ ਗਿਆ ਸਭ ਕੁਝ ਆਪਣਾ ਆਪਣਾ ਲੱਗਣ ਲੱਗਿਆ ਦੁੱਖ ਤਕਲੀਫਾਂ ਆਉਂਦੀਆਂ ਰਹੀਆਂ ਜਿਨ੍ਹਾਂ ਦਾ ਹਮਸਾਇਆ ਵੱਲੋਂ ਕਾਰਵਾਈਆਂ ਕਰਕੇ ਬਚਾਅ ਕੀਤਾ ਗਿਆ। ਬੱਸ ਇੰਜ ਹੀ ਉਮਰ ਦੇ ਹਰ ਪੜਾਅ ਤੇ ਸਹਿੰਦਿਆਂ ਬਚਦਿਆਂ ਬਚਾਉਂਦਿਆਂ ਬਚਪਨ ਬੀਤਿਆ ਹੁੰਦੜਹੇਲ ਉਮਰ ਵੀ ਆਈ ਤੇ ਆਪਣੇ ਖੱਟੇ ਮਿਟੇ ਅਨੁਭਵ ਦੇ ਕੇ ਜੀਵਨ ਨੂੰ ਜਵਾਨੀ ਦੇ ਵਿਹੜੇ ਅੰਦਰ ਧੱਕ ਕੇ ਪਿਛੇ ਹੱਟ ਗਈ। ਜਵਾਨੀ ਨੇ ਜੀਵਨ ਨੂੰ ਸੰਭਾਲਿਆ ਜੀਵਨ ਨੂੰ ਖੁਦ ਨੂੰ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਵਾਇਆ ਜ਼ੁੰਮੇਵਾਰੀਆਂ ਨਿਭਾਉਣਾ ਸਿਖਾਇਆ ਜ਼ੁੰਮੇਵਾਰ ਬਣਾਇਆ।

ਆਦਮੀ ਜਾਂ ਔਰਤ ਦੇ ਸਰੀਰਕ ਰੂਪ ਵਿੱਚ ਜੀਵਨ ਜਵਾਨੀ ਦੇ ਪੜਾਅ ਵਿੱਚ ਆਪਣੀਆਂ ਆਪਣੀਆਂ ਜ਼ੁੰਮੇਵਾਰੀਆਂ ਸੰਭਾਲਦਿਆਂ ਤੇ ਕਾਰਵਾਈਆਂ ਕਰਦਿਆਂ ਚਲ ਰਿਹਾ ਹੈ। ਪਰ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਕੁਝ ਅਧੂਰਾ ਦੱਸਣ ਵਾਲਾ ਪਿਛੇ ਰਹਿ ਗਿਆ ਹੈ। ਠੀਕ ਉਸੇ ਤਰ੍ਹਾਂ ਜਿਵੇਂ ਕੋਈ ਬੱਚਾ ਮਾਂ ਨੂੰ ਪੁੱਛਦਾ ਹੈ ਉਹਦੀ ਮਾਂ ਬਾਰੇ ਯਾਨੀ ਨਾਨੀ ਬਾਰੇ ਫਿਰ ਨਾਨੀ ਦੀ ਮਾਂ ਬਾਰੇ ਫਿਰ ਉਸਦੀ ਵੀ ਮਾਂ ਬਾਰੇ। ਬੱਚਾ ਤਾਂ ਆਪਣੀ ਮਾਂ ਤੋਂ ਪੁੱਛਦਾ ਪੁੱਛਦਾ ਸੌ ਗਿਆ ਹੋਵੇਗਾ ਪਰ ਇਸ ਸਵਾਲ ਦੀ ਕੋਈ ਤਾਂ ਸ਼ੁਰੂਆਤ ਹੋਵੇਗੀ ਇਹ ਸਿਲਸਿਲਾ ਕਿਤੋਂ ਤਾਂ ਸ਼ੁਰੂ ਹੋਇਆ ਹੀ ਹੋਵੇਗਾ। ਠੀਕ ਇਸੇ ਤਰ੍ਹਾਂ ਅਸਾਂ ਜੀਵਨ ਦੀ ਪਿਛੇ ਵੱਲ ਨਿਸ਼ਾਨਦੇਹੀ ਕਰਦਿਆਂ ਸਰੀਰਕ ਬਣਤਰ ਦੀ ਸ਼ੁਰੂਆਤ ਔਰਤ।

(ਚੱਲਦਾ)




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020


Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


SARABHA
A FILM BY KAVI RAZ
THE UNTOLD STORY OF
SHAHEED KARTAR SINGH SARABHA
CHALO CHALIYE DESH MA
YUDH KARNE
SONG RELEASING ON
SEPTEMBER 8TH 2023, 10AM IST
YOUTUBE/KAVIRAZOFFICIAL
SINGER HANS RAJ HANS | LYRICS KARTAR SINGH SARABHA
MUSIC DIRECTOR ONKAR MINHAS | EDITOR: HARPER GAHUNIA
WRITTEN & DIRECTED BY KAVI RAZ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ


# ਸਾਡਾ ਦਾਦਕਾ ਪਿਛੋਕੜ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਟਿਆਲਾ ਰਾਜ ਵਿਚ ਦੁਗਾਲ ਪਿੰਡ ਦੀ ਮਹੱਤਤਾ ਇੰਨੀ ਜ਼ਿਆਦਾ ਸੀ ਕਿ ਦੁਗਾਲ ਪਿੰਡ ਵਿਚ ਓਨਰੇਰੀ ਮੈਜਿਸਟ੍ਰੇਸੀ ਦਿੱਤੀ ਗਈ। ਇੱਕ ਓਨਰੇਰੀ ਮੈਜਿਸਟ੍ਰੇਟ ਨੂੰ 6 ਮਹੀਨੇ ਤੱਕ ਕੈਦ ਕਰਨ ਦੀ ਸ਼ਕਤੀ ਸੀ। ਉਹ ਜਮਾਨਤਾਂ ਆਦਿਕ ਵੀ ਦੇ ਦਿੰਦਾ ਸੀ। ਦੁਗਾਲ ਵਿਚ ਓਨਰੇਰੀ ਮੈਜਿਸਟ੍ਰੇਸੀ ਸੁਜਾਨ ਸਿੰਘ ਦੇ ਪੜਪੋਤੇ ਸ. ਟੇਕ ਸਿੰਘ (1860-1931) ਅਤੇ ਬਾਅਦ ਵਿਚ ਉਸ ਦੇ ਪੁੱਤਰ ਸ. ਕ੍ਰਿਪਾਲ ਸਿੰਘ ਜੋ ਕਿ ਦੇਸ਼ ਦੀ ਆਜ਼ਾਦੀ ਤੱਕ ਓਨਰੇਰੀ ਮੈਜਿਸਟ੍ਰੇਟ ਰਹੇ। ਸਾਰੇ ਪਟਿਆਲੇ ਰਾਜ ਵਿਚ ਛੇ ਮੈਜਿਟ੍ਰੇਸੀਆਂ ਸਨ। ਇੱਕ ਮਹਿੰਦਰਗੜ੍ਹ (ਨਾਰਨੌਲ ਜੋ ਦਿੱਲੀ ਦੇ ਪਾਸ ਹੈ), ਇਕ ਹਿਮਾਚਲ ਪ੍ਰਦੇਸ਼, ਇੱਕ ਸ. ਡੱਲਾ ਸਿੰਘ ਦੀ ਔਲਾਦ ਵਿਚ ਪਿੰਡ ਸਾਬੋ ਦੀ ਤਲਵੰਡੀ, ਇੱਕ ਮਹਾਰਾਜਾ ਆਲਾ ਸਿੰਘ ਦੇ ਭਾਈਚਾਰੇ ਵਿਚੋਂ ਪਿੰਡ ਭਦੌੜ ਅਤੇ ਇੱਕ ਦੁਗਾਲ।

ਸ. ਟੇਕ ਸਿੰਘ ਨੇ ਆਪਣੇ ਖ਼ਰਚੇ ਤੇ ਪਿੰਡ ਦੁਗਾਲ ਇੱਕ ਕਚਹਿਰੀ ਬਣਵਾਈ ਅਤੇ ਜਨਤਾ ਦੀ ਭਲਾਈ ਲਈ ਗੁਰਦੁਆਰਾ ਬਣਾਵਾਇਆ। ਇਹ ਤਕਰੀਬਨ 1920 ਦੀ ਗੱਲ ਹੈ। ਗੁਰਦੁਆਰੇ ਵਿਚ ਲੰਗਰ ਆਦਿ ਦਾ ਸਾਰਾ ਪ੍ਰਬੰਧ ਸ. ਟੇਕ ਸਿੰਘ ਵੱਲੋਂ ਹੀ ਕੀਤਾ ਜਾਂਦਾ ਸੀ। ਸਾਡੇ ਪਰਿਵਾਰ ਦੇ ਸ. ਟੇਕ ਸਿੰਘ ਅਤੇ ਉਹਨਾਂ ਦੀਆਂ ਅਗਲੀਆਂ ਪੁਸ਼ਤਾਂ ਨਾਲ ਬਹੁਤ ਚੰਗੇ ਸਬੰਧ ਰਹੇ ਹਨ। ਸ. ਟੇਕ ਸਿੰਘ ਆਪਣੇ ਸਮੇਂ ਵਿਚ ਇਮਾਨਦਾਰੀ ਅਤੇ ਇਨਸਾਫ਼ ਲਈ ਇੰਨੇ ਮਸ਼ਹੂਰ ਹੋਏ ਕਿ ਲੋਕ ਸ. ਟੇਕ ਸਿੰਘ ਵਾਲੀ ਦੁਗਾਲ ਕਹਿਣ ਲੱਗੇ। ਇਲਾਕੇ ਦੇ ਲੋਕ ਇੰਨਾ ਤੋਂ ਆਸ਼ੀਰਵਾਦ ਅਤੇ ਸੂਝ ਬੂਝ ਦੀ ਸਿੱਖਿਆ ਵੀ ਲੈਣ ਜਾਂਦੇ ਸਨ।

1928 ਵਿਚ ਮੇਰੇ ਪਿਤਾ ਆਰਮੀ ਅਫ਼ਸਰ ਬਣੇ ਅਤੇ ਉਹਨਾਂ ਨੇ ਦੁਗਾਲ ਜਾਣਾ ਸੀ। ਮੇਰੇ ਬਾਬਾ ਜੀ ਸ. ਕਪੂਰ ਸਿੰਘ ਜੀ (ਜੋ ਪਟਿਆਲਾ ਰਹਿੰਦੇ ਸਨ) ਨੇ ਪਿਤਾ ਜੀ ਨੂੰ ਕਿਹਾ ਕਿ ਜੇ ਸ. ਟੇਕ ਸਿੰਘ ਦੁਗਾਲ ਵਿਖੇ ਹੋਣ ਤਾਂ ਉਹਨਾਂ ਨੂੰ ਜਰੂਰ ਮਿਲ ਕੇ ਆਉਣਾ ਹੈ ਤੇ ਆਸ਼ੀਰਵਾਦ ਲੈਣਾ ਹੈ। ਸ. ਟੇਕ ਸਿੰਘ ਨੇ ਮੇਰੇ ਪਿਤਾ ਨੂੰ ਅਸ਼ੀਰਵਾਦ ਦਿੱਤਾ ਅਤੇ ਨਾਲ ਹੀ ਕਿਹਾ ਕਿ ਉਹਨਾਂ ਨੂੰ ਰੁਪਏ ਵਿਚੋਂ ਚਾਰ ਆਨੇ (25 ਪ੍ਰਤੀਸ਼ਤ) ਬਚਾਉਣੇ ਚਾਹੀਦੇ ਹਨ। ਸ. ਟੇਕ ਸਿੰਘ ਨੂੰ ਰਾਜੇ ਮਹਾਰਾਜਿਆਂ ਅਤੇ ਹੋਰ ਰਈਅਸ ਪਰਿਵਾਰਾਂ ਵੱਲੋਂ ਰਿਸ਼ਤੇ ਆ ਰਹੇ ਸਨ। ਉਹਨਾਂ ਨੇ ਸ਼ਹੀਦ ਭਾਈ ਮਨੀ ਸਿੰਘ ਦੇ ਪਰਿਵਾਰ ਵਿਚ ਜੋ ਕਿ ਦਰਮਿਆਨਾ ਜ਼ਿੰਮੀਦਾਰਾ ਪਰਿਵਾਰ ਸੀ, ਵਿਆਹ ਕਰਵਾਉਣ ਨੂੰ ਤਰਜੀਹ ਦਿੱਤੀ।




1870 ਵਿਚ ਮੇਰੇ ਪੜਦਾਦਾ ਜੀ ਸ. ਮਾਨ ਸਿੰਘ ਪੈਦਲ ਤੁਰ ਕੇ ਹੀ ਪਟਿਆਲੇ ਆ ਗਏ। ਇਹਨਾਂ ਨੇ ਮਹਾਰਾਜਾ ਮਹਿੰਦਰ ਸਿੰਘ ਅਤੇ ਮਹਾਰਾਜਾ ਰਾਜਿੰਦਰ ਸਿੰਘ ਕੋਲ ਨੌਕਰੀ ਕੀਤੀ। ਉਹ ਜ਼ਿੰਮੇਵਾਰ ਅਤੇ ਇਮਾਨਦਾਰ ਅਫ਼ਸਰ ਬਣੇ। 1890 ਵਿਚ ਜਦੋਂ ਮਹਾਰਾਜਾ ਰਾਜਿੰਦਾਰ ਸਿੰਘ ਪਟਿਆਲੇ ਦੇ ਮਹਾਰਾਜਾ ਸਨ ਤਾਂ ਉਹਨਾਂ ਤੋਂ ਆਗਿਆ ਲੈ ਕੇ ਪੈਨਸ਼ਨ ਪ੍ਰਾਪਤ ਕਰਕੇ ਪਿੰਡ ਦੁਗਾਲ ਆਪਣੇ ਘਰ ਤੇ ਜ਼ਮੀਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਵਾਪਸ ਆ ਗਏ।

ਜਦੋਂ ਮਹਾਰਾਜਾ ਰਾਜਿੰਦਰ ਸਿੰਘ ਨਾਲ ਸ. ਮਾਨ ਸਿੰਘ ਨੇ ਆਪਣੀ ਰਿਟਾਇਰਮੈਂਟ ਦੀ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਉਹ ਉਹਨਾਂ ਦੇ ਲੜਕੇ ਕਪੂਰ ਸਿੰਘ ਜੋ ਉਹਨਾਂ ਨਾਲ ਹੀ ਰਹਿੰਦਾ ਸੀ, ਨੂੰ ਨੌਕਰੀ ਤੇ ਰੱਖ ਲੈਣਗੇ। ਦਾਦਾ ਜੀ ਅਜੇ 10 ਸਾਲ ਦੇ ਹੀ ਸਨ ਤੇ ਉਹਨਾਂ ਨੂੰ ਨੌਕਰੀ ਤੇ ਰੱਖ ਲਿਆ ਗਿਆ। 1909 ਵਿਚ ਯੁਵਰਾਜ ਭੁਪਿੰਦਰ ਸਿੰਘ ਨੇ ਮਹਾਰਾਜੇ ਦੀ ਸਹੁੰ ਚੁਕਣ ਲਈ ਸ਼ਿਮਲੇ ਜਾਣਾ ਸੀ। ਉਹ ਬਤੌਰ ਏ.ਡੀ.ਸੀ ਸ. ਕਪੂਰ ਸਿੰਘ ਨੂੰ ਨਾਲ ਲੈ ਕੇ ਗਏ। 1910 ਵਿਚ ਪਹਿਲਾ ਆਰਡਰ ਉਹਨਾਂ ਨੇ ਸ. ਕਪੂਰ ਸਿੰਘ ਦਾ ਹੀ ਕੀਤਾ। ਸ. ਕਪੂਰ ਸਿੰਘ ਨੂੰ ਲੈਫਟੈਨ ਬਣਾ ਕੇ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਨੂੰ ਭਰਤੀ ਅਫ਼ਸਰ ਲਗਾਇਆ। ਸ. ਕਪੂਰ ਸਿੰਘ ਸਾਰੀ ਉਮਰ ਭਰਤੀ ਅਫ਼ਸਰ ਰਹੇ ਅਤੇ 1928 ਵਿਚ ਰਿਟਾਇਰ ਹੋ ਗਏ ਅਤੇ 1947 ਵਿਚ ਦੁਨੀਆ ਤੋਂ ਚਲ ਵਸੇ।

ਸ. ਕਪੂਰ ਸਿੰਘ ਦੇ ਦੋ ਵਿਆਹ ਸਨ ਅਤੇ ਉਹਨਾਂ ਵਿਚੋਂ ਤਿੰਨ ਪੁੱਤਰ ਅਤੇ ਦੋ ਧੀਆਂ ਸਨ। ਤਿੰਨ ਪੁੱਤਰਾਂ ਵਿਚੋਂ ਵੱਡਾ ਪੁੱਤਰ ਪ੍ਰੀਤਮ ਸਿੰਘ ( ਮੇਜਰ 1906-1990) ਜੋ ਮੇਰੇ ਪਿਤਾ ਸਨ। ਮੇਰੇ ਪਿਤਾ ਜੀ 1926 ਈ. ਵਿਚ ਮਹਿੰਦਰਾ ਕਾਲਜ, ਪਟਿਆਲਾ ਵਿਖੇ ਐਫ.ਐਸ.ਸੀ ਮੈਡੀਕਲ ਵਿਚ ਪੜ੍ਹ ਰਹੇ ਸਨ, ਜਦ ਕਿ ਉਹਨਾਂ ਨੂੰ ਕਮਿਸ਼ਨ ਹੋਣ ਦਾ ਮੌਕਾ ਮਿਲਿਆ। 1928 ਵਿਚ ਕਮਿਸ਼ਨ ਹੋ ਗਏ ਉਹ 1949 ਵਿਚ ਮੇਜਰ ਰਿਟਾਇਰ ਹੋਏ। ਮੇਰੇ ਪਿਤਾ ਤੋਂ ਇਲਾਵਾ ਉਹਨਾਂ ਦੇ ਦੋ ਛੋਟੇ ਭਰਾ ਸਨ। ਸ. ਬਲਦੇਵ ਸਿੰਘ ਦੋਵਾਂ ਵਿਚੋਂ ਵੱਡੇ ਸਨ। ਇਹਨਾਂ ਨੇ ਫੌਜ਼ ਸਿਵਿਲ ਅਤੇ ਵਪਾਰ ਆਦਿ ਕੀਤੇ। ਸਭ ਤੋਂ ਛੋਟੇ ਸ. ਦਵਿੰਦਰ ਸਿੰਘ (1923-92) ਜੋ 1947 ਵਿਚ ਸਬ ਇੰਸਪੈਕਟਰ ਪੁਲਿਸ ਭਰਤੀ ਹੋਏ ਅਤੇ 1989 ਵਿਚ ਡੀ.ਐੱਸ.ਪੀ. ਰਿਟਾਇਰ ਹੋਏ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਿੱਖ ਲਫ਼ਜ਼ ਕਿਸੇ ਵੀ ਹਿੰਦੂ ਵੇਦ, ਸ਼ਾਸਤ੍ਰ, ਪੁਰਾਨ, ਗ੍ਰੰਥ ਵਿਚ ਨਹੀਂ ਹੈ। ਇਹ ਬਖਸ਼ਿਸ਼ ਤਾਂ ਗੁਰੂ ਸਾਹਿਬ ਦੀ ਹੀ ਹੈ। ਹੁਣ ਜੇਕਰ ਇਹ ਲਫ਼ਜ਼ ਹਿੰਦੂ ਸੰਸਕ੍ਰਿਤੀ ਜਾਂ ਧਰਮ ਵਿਚ ਨਹੀਂ ਹੈ ਤਾਂ ਸਿੱਖ ਨੂੰ ਹਿੰਦੂ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ।

ਸਿਰਦਾਰ ਕਪੂਰ ਸਿੰਘ ਜੀ ਸਿੱਖ ਸ਼ਬਦ ਦੀ ਖੋਜ ਕਰਦਿਆਂ ਦੱਸਦੇ ਹਨ ਕਿ ਇਸ ਦਾ ਮੂਲ ਬੁੱਧ ਮਤ ਦੇ ਪਾਲੀ ਦੇ ਪ੍ਰਸਿੱਧ ਗੰਥ 'ਧੰਮ ਪਦ' ਵਿਚ ਅਤੇ ਅਸਾਡੇ ਚੰਗੇ ਭਾਗਾਂ ਨੂੰ ਇਸ ਸ਼ਬਦ ਦੀ ਵਿਆਖਿਆ ਭੀ ਕੀਤੀ ਹੋਈ ਹੈ। (ਇਸ ਦਾ) ਭਾਵਾਰਥ ਇਹ ਕਿ ਜੀਵਨ ਦੌੜ ਦਾ ਵਿਜੇਤਾ ਸਿੱਖ ਹੀ ਹੈ ਅਤੇ ਸਿੱਖ ਹੀ ਹੈ ਜੋ ਜੀਵਨ ਤੱਤ ਨੂੰ ਪ੍ਰਾਪਤ ਕਰਨ ਵਾਲਾ ਅਤੇ ਪਰਮ-ਪਦ-ਰੂਪੀ ਪੁਸ਼ਪ ਦਾ ਅਧਿਕਾਰੀ ਹੈ।

(ਸਿੱਖ ਸੰਕਲਪ ਸਿਧਾਂਤ ਤੇ ਸੰਸਕਾਵਾਂ- ਸੰਪਾਦਕ ਰੂਪ ਸਿੰਘ - ਪੰਨਾ 284)

**ਕੋ ਇਮਮ ਪਠਿਵਮ ਵਿਚਸਤੀ।**
**ਯਮ ਲੋਕਮ ਚ ਇਮਮ ਸਦੇਵਕਮ।**
**ਕੋ ਧਮ ਪਦਮੰ ਸੁਦੇਸਿਤਮ,**
**ਕੁਸਲੋ ਪੁਫਮ ਇਵ ਪਚੱਸ਼ਤੀ।**

(ਕਿਹੜਾ ਬੰਦਾ ਇਸ ਦੁਨੀਆ ਨੂੰ, ਯਮਲੋਕ ਤੇ ਦੇਵਲੋਕ (ਦੇਵਤੇ) ਨੂੰ ਜਿਤ ਸਕੇਗਾ? ਅਤੇ ਸੁਜਾਨ ਮਾਲੀ ਵਾਂਗ ਕੌਣ ਚੰਗੀ ਤਰ੍ਹਾਂ ਚੰਗੀ ਤਰ੍ਹਾਂ ਉਪਦੇਸ਼ ਭਰੇ ਧਰਮ ਦੇ ਪਦਾਂ ਨੂੰ ਚੁਣੇਗਾ?)

**ਸੇਖੋ ਪਠਿਵਮ ਵਿਜਸਤੀ,**
**ਯਮਲੋਕਮ 'ਚ ਇਮਮ ਸਵੇਵਕਮ॥**
**ਸੇਖੋ ਧਮ ਪਦਮ ਸੁਦੇਸਿਤ,**
**ਕੁਸ਼ਲੋ ਪੁਫਮ ਇਵਾ ਪਚਸਤੀ॥**

(ਬੁੱਧ ਦਾ ਸਿੱਖ ਇਸ ਦੁਨੀਆ ਨੂੰ, ਯਮਲੋਕ ਨੂੰ ਤੇ ਦੇਵਲੋਕ ਨੂੰ ਜਿੱਤ ਸਕੇਗਾ ਤੇ ਇਕ ਸੁਜਾਨ ਮਾਲੀ ਵਾਂਗ ਬੁੱਧ ਦੇ ਉਪਦੇਸ਼ ਭਰੇ ਧਰਮ ਦੇ ਪਦਾਂ ਨੂੰ ਚੁਣੇਗਾ।)

ਇਸ ਤਰ੍ਹਾਂ ਬੁੱਧ ਮਤ ਅਨੁਸਾਰ ਸਿੱਖ ਉਹ ਸੂਰਮਾ ਹੈ ਜੋ ਲੋਕ ਅਤੇ ਪਰਲੋਕ ਦੋਨੋਂ ਜਹਾਨਾਂ 'ਤੇ ਜਿੱਤ ਹਾਸਲ ਕਰਕੇ ਧਰਮ ਦੇ ਗੂੜ੍ਹ ਤੱਤਾਂ ਨੂੰ ਗ੍ਰਹਿਣ ਕਰੇਗਾ।

(ਧੱਮਪਦ, ਐਮ.ਐਲ. ਜੋਸ਼ੀ ਪੰਜਾਬੀ ਯੂਨੀਵਰਸਿਟੀ, ਪੰਨਾ ੭੭)

ਗੁਰਮਤਿ ਅਨੁਸਾਰ ਸਿੱਖ ਦਾ ਨਿਸ਼ਾਨਾ ਵੀ ਹੈ,

**ਇਹ ਲੋਕ ਸੁਖੀਏ ਪਰਲੋਕ ਸੁਹੇਲੇ॥**
**ਨਾਨਕ ਹਰਿ ਪ੍ਰਭਿ ਆਪਹਿ ਮੇਲੇ॥**

(ਮ. ੫, ੨੯੩)


ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਵਿਚ ਇਸਤਰੀ ਜਾਂ ਪੁਰਸ਼ ਪ੍ਰਾਣੀ ਮਾਤਰ ਜਾਂ ਵਿਅਕਤੀ (person) ਲਈ ਵਰਤਿਆ ਗਿਆ ਹੈ। ਹਾਲਾਂਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਕੇਵਲ ਨਰ ਨਾਰੀ ਹੀ ਨਹੀਂ ਬਲਕਿ ਮਾਨਤਵਾ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਨਰ ਨਾਰ ਨਪੁੰਸਕ ਜਾਹੇਂ ਕੀਏ॥ (ਅਕਾਲ ਉਸਤਤਿ)। ਸੋ ਰਹਿਤ ਮਰਯਾਦਾ ਵਿਚ ਇਸਤਰੀ ਜਾਂ ਪੁਰਸ਼ ਲਿਖਣ ਦਾ ਭਾਵ ਹੈ ਕਿ ਕਿਸੇ ਦੇ ਲਿੰਗ ਭੇਦ ਕਰਕੇ ਉਸਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਜੇਕਰ ਕੋਈ ਕਿੰਨਰ (ਕਿ:+ਨਰ), ਨਪੁੰਸਕ ਵੀ ਹੈ ਤਾਂ ਉਹ ਵੀ ਸਿੱਖੀ ਦਾ ਅਧਿਕਾਰੀ ਹੈ।

ਇਕ ਅਕਾਲ ਪੁਰਖ

ਗੁਰਮਤਿ ਦੇ ਮੂਲ ਸਿਧਾਂਤ ਨੂੰ ਇਸ ਲਫ਼ਜ਼ ਇਕ ਅਕਾਲ ਪੁਰਖ 'ਤੇ ਸਿਦਕ ਭਰੋਸਾ ਵਿਚ ਅੰਕਤ ਕੀਤਾ ਗਿਆ ਹੈ। ਕੇਵਲ ਇਕ ਰੱਬ ਦੀ ਹੋਂਦ 'ਤੇ ਵਿਸ਼ਵਾਸ। ਇਥੇ ਲਫ਼ਜ਼ 'ਇਕ' ਵਿਸ਼ੇਸ਼ ਮਹੱਤਤਾ ਰੱਖਦਾ ਹੈ। ਉਹ ਇਕ ਹੈ, ਤਕਸੀਮ ਨਹੀਂ ਕੀਤਾ ਜਾ ਸਕਦਾ, ਵੰਡਿਆ ਨਹੀਂ ਜਾ ਸਕਦਾ। ਉਹ ੧ੴ ਹੈ। ਦੋ ਨਹੀਂ ਹੋ ਸਕਦੇ। ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ਪੰਨਾ ੩੫੦ ਕੇਵਲ ਇਕ ਅਕਾਲ ਪੁਰਖ 'ਤੇ ਹੀ ਭਰੋਸਾ ਕਰਨਾ ਹੈ। ਅਕਾਲ ਪੁਰਖ 'ਤੇ ਵੀ ਨਹੀਂ।

ਉਹ ਕਾਦਰ ਕੁਦਰਤ ਦਾ ਕਰਤਾ ਹੈ। ਕੁਦਰਤ ਨੂੰ ਹੀ ਕਾਦਰ ਸਮਝਣ ਮੰਨਣ ਵਾਲਾ ਰੱਬ ਦੀ ਹੋਂਦ ਤੋਂ ਮੁਨਕਰ ਵਿਅਕਤੀ ਸਿੱਖੀ ਦੇ ਦਾਇਰੇ ਵਿਚ ਆ ਹੀ ਨਹੀਂ ਸਕਦਾ।

ਇਹ ਸਹੀ ਹੈ ਕਿ ਭਾਰਤ ਵਿਚ ਨਾਸਤਿਕਤਾ ਅਤੇ ਰੱਬ ਦੀ ਹੋਂਦ ਤੋਂ ਮੁਨਕਰ ਚਾਰਵਾਕ ਦੇ ਫ਼ਲਸਫ਼ੇ ਨੂੰ ਵੀ ਰਿਸ਼ੀ ਅਤੇ ਧਰਮ ਕਰਕੇ




ਮਾਨਤਾ ਦਿੱਤੀ ਗਈ। ਚਾਰਵਾਕ ਨੇ ਐਲਾਨੀਆ ਤੌਰ 'ਤੇ ਪ੍ਰਚਾਰ ਕੀਤਾ :

ਯਾਵੱਜੀਵੇਤ੍ ਸੁਖੰ ਜੀਵੇਤ੍ ਰਿਣੰ ਕਰਿਤ੍ਵਾ ਘਰਿਤੰ ਪਿਵੇਤ੍।
ਭਸਮੀਭੂਤਸੱਯ ਦੇਹੱਸ ਪੁਨਰਾਗਮਨੰ ਕੁਤ:॥

(ਜਿਤਨੀ ਦੇਰ ਜੀਵਨ ਹੈ ਸੁੱਖ ਨਾਲ ਜੀਉ। ਘਿਉ ਪੀਉ, ਰੋਜ਼ ਪੀਉ, ਕਰਜ਼ਾ ਲੈ ਕੇ ਪੀਉ। ਇਕ ਵਾਰ ਸਰੀਰ ਭਸਮੀ ਭੂਤ ਹੋ ਗਿਆ ਫਿਰ ਕਿਸ ਨੇ ਮੰਗਣ ਆਣਾ ਹੈ ਤੇ ਕਿਸ ਨੇ ਦੇਣਾ ਹੈ?)

(ਚਾਰਵਾਕ ਦਰਸ਼ਨਮ, ਪੰਨਾ 53)

ਇਸੇ ਤਰ੍ਹਾਂ ਬਾਬਰ ਦੀ ਉਕਤੀ ਵੀ ਕਾਫ਼ੀ ਮਸ਼ਹੂਰ ਹੈ ਕਿ ਹਰ ਨਵਾਂ ਦਿਨ, ਨਵੀਂ ਬਹਾਰ ਦਾ ਦਿਨ ਹੋਵੇ। ਸ਼ਰਾਬ ਅਤੇ ਸਾਕੀ ਵੀ ਨਾਲ ਹੋਵੇ। ਬਾਬਰ ਐਸ਼ ਕਰ ਲੈ, ਇਹ ਦੁਨੀਆ ਮੁੜ ਕਿਥੇ ਮਿਲਣੀ ਹੈ।

**ਨੌ-ਰੋਜ਼-ਓ-ਨੌ-ਬਹਾਰ ਓ ਮੈਅ-ਓ-ਦਿਲਬਰੇ ਖ਼ੁਸ਼ ਅਸਤ।**
**ਬਾਬਰ ਬਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ।**

**ਦਸ ਗੁਰੂ ਸਾਹਿਬਾਨ**

ਅਰਦਾਸ ਦੀ ਆਰੰਭਤਾ ਵਾਰ ਸ੍ਰੀ ਭਗੌਤੀ ਜੀ ਕੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਪਾਤਸ਼ਾਹੀਆਂ ਦੇ ਨਾਮ ਲਿਖ ਕੇ ਸਪਸ਼ਟ ਕੀਤਾ ਗਿਆ ਹੈ। ਦਸਾਂਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਇਹ ਜੋਤ ਕਿਸੇ ਗਿਆਰਵੇਂ, ਬਾਰਵੇਂ ਜਾਂ ਤੇਰਵੇਂ ਵਿਚ ਨਹੀਂ। ਸਿੱਖ ਲਈ ਹਮੇਸ਼ਾ ਹਮੇਸ਼ਾ ਲਈ ਗੁਰੂ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ।

ਇਥੇ ਸਿੱਖ ਰਹਿਤ ਮਰਯਾਦਾ ਦੀ ਪਰਿਭਾਸ਼ਾ ਵਾਲੀ ਇਸ ਮੱਦ ਵਿਚ 'ਦਸਾਂ ਗੁਰੂ ਸਾਹਿਬਾਨ' ਦੀ ਬਜਾਇ 'ਦਸ ਗੁਰੂ ਸਾਹਿਬਾਨ' ਲਿਖ ਦਿੱਤਾ ਗਿਆ ਹੈ ਜੋ ਕਿ ਛਾਪੇ ਦੀ ਗਲਤੀ ਹੈ ਅਤੇ ਦਰੁਸਤਗੀ ਦੀ ਮੰਗ ਕਰਦਾ ਹੈ।

ਸਿੱਖ ਰਹਿਤ ਮਰਯਾਦਾ ਦਾ ਥੰਮ੍ਹ ਰੂਪ ਸਿੱਖ ਦੀ ਪਰਿਭਾਸ਼ਾ ਵਿਚ ਇਹ ਇਕ ਗਲਤੀ ਹੈ। ਇਹ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਮੱਦ ਹੈ। ਇਸ ਵਿਚ ਸਿੱਖ ਦੀ ਤਾਰੀਫ਼ ਜਾਂ ਪਰਿਭਾਸ਼ਾ ਅੰਕਤ ਕੀਤੀ ਗਈ ਹੈ। ਇਹ ਸਿੱਖ ਨਿਯਮ, ਕਾਨੂੰਨ ਜਾਂ ਸੰਵਿਧਾਨ ਦਾ ਬੁਨਿਆਦੀ ਢਾਂਚਾ ਹੈ।

ਇਸ ਵਿਚ ਬਹੁਤ ਹੀ ਭਾਵਪੂਰਤ ਪਰ ਸਹਿਜ ਰੂਪ ਵਿਚ ਸਿੱਖ ਕੌਣ ਹੈ? ਦਾ ਜਵਾਬ ਦਰਜ ਕੀਤਾ ਗਿਆ ਹੈ।

ਓਪਰੀ ਨਜ਼ਰੇ ਇਸ ਮਹੱਤਵਪੂਰਨ ਪਰਿਭਾਸ਼ਾ ਜਾਂ ਤਾਰੀਫ਼ ਵਾਲੀ ਮੱਦ ਵਿਚ ਹੋਈ ਤਬਦੀਲੀ ਕਾਰਨ ਕੋਈ ਫ਼ਰਕ ਨਜ਼ਰ ਨਹੀਂ ਆਂਦਾ ਪਰ ਸ਼ਾਇਦ ਛਾਪੇ ਦੀ ਗਲਤੀ ਕਾਰਨ ਇਕ ਅੱਖਰ ਦਸਾਂ ਦੀ ਬਜਾਇ ਦਸ ਲਿਖ ਦਿੱਤਾ ਗਿਆ। 1936 ਅਤੇ ਬਾਅਦ ਵਿਚ ਸੋਧੀ ਹੋਈ 1945 ਵਿਚ ਛਪੀ ਸਿੱਖ ਰਹਿਤ ਮਰਯਾਦਾ ਵਿਚ ਇਸ ਮੱਦ ਵਿਚ 'ਦਸਾਂ ਗੁਰੂ ਸਾਹਿਬਾਨ' ਅੰਕਤ ਸੀ। ਇਹੀ ਲਫ਼ਜ਼ 'ਦਸਾਂ ਗੁਰੂ ਸਾਹਿਬਾਨ' ਬਾਅਦ ਵਿਚ ਛਪੀਆਂ ਐਡੀਸ਼ਨਾਂ ਵਿਚ ਵੀ ਮੌਜੂਦ ਸੀ।

(ਚਲਦਾ)

# ਬੰਦ ਹੋਵੇ ਫੋਕੀ ਅਣਖ ਖ਼ਾਤਰ ਹੱਥ ਖ਼ੂਨ ਨਾਲ ਰੰਗਣ ਦਾ ਸਿਲਸਿਲਾ

-ਰਮੇਸ਼ ਅਗਨੀਹੋਤਰੀ।

21ਵੀਂ ਸਦੀ ਚੱਲ ਰਹੀ ਹੈ ਪਰ ਭਾਰਤ ਵਿਚ ਕੁਝ ਲੋਕ ਅਜੇ ਵੀ ਜਾਗੀਰੂ ਯੁੱਗ ਵਿਚ ਹੀ ਰਹਿ ਰਹੇ ਹਨ। ਆਧੁਨਿਕ ਯੁੱਗ ਵਿਚ ਵੀ ਰੂੜੀਵਾਦੀ ਸੋਚ ਨਾਲ ਵਿਚਰਦੇ ਹੋਏ ਉਸੇ ਤਰ੍ਹਾਂ ਵਿਵਹਾਰ ਵੀ ਕਰ ਰਹੇ ਹਨ। ਇਸ ਦੀ ਮਿਸਾਲ ਆਏ ਦਿਨ ਅਖ਼ਬਾਰਾਂ ਦੀਆਂ ਖ਼ਬਰਾਂ 'ਚ ਪੜ੍ਹਨ ਨੂੰ ਮਿਲਦੀ ਹੈ। ਇਸ ਨਾਲ ਨਾ ਸਿਰਫ਼ ਸਮਾਜਿਕ ਪ੍ਰਬੰਧ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ ਬਲਕਿ ਕਾਨੂੰਨ-ਵਿਵਸਥਾ ਦੀ ਹਾਲਤ ਵੀ ਬਿਆਨ ਹੁੰਦੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਸਮੇਤ ਦੇਸ਼ ਦੀਆਂ ਕਈ ਅਦਾਲਤਾਂ ਨੇ ਪਹਿਲਾਂ ਤੋਂ ਹੁਕਮ ਜਾਰੀ ਕੀਤੇ ਹੋਏ ਹਨ ਕਿ ਪ੍ਰੇਮ ਵਿਆਹ ਕਰਵਾਉਣ ਵਲੇ ਜੋੜਿਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਲਈ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਸ਼ੈਲਟਰ ਹੋਮ ਬਣਾਏ ਜਾਣੇ ਚਾਹੀਦੇ ਹਨ। ਭਾਵੇਂ ਅਦਾਲਤਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਅਜਿਹੇ ਜੋੜਿਆਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ ਅਤੇ ਹੋਰ ਵਾਜਿਬ ਕਦਮ ਵੀ ਚੁੱਕੇ ਜਾਂਦੇ ਹਨ ਪਰ ਇਹ ਨਾਕਾਫ਼ੀ ਹਨ। ਇਸ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਦਰਅਸਲ, ਜਾਗੀਰੂ ਯੁੱਗ ਵਿਚ ਔਰਤ ਨੂੰ ਜਾਇਦਾਦ ਸਮਝਿਆ ਜਾਂਦਾ ਸੀ। ਇਸ 'ਚੋਂ ਹੀ ਔਰਤਾਂ ਲਈ ਬਹੁਤ ਸਾਰੀਆਂ ਬੰਦਿਸ਼ਾਂ ਨਿਕਲਦੀਆਂ ਸਨ। ਸਮਾਂ ਬਦਲਿਆ, ਉਤਪਾਦਨ ਦੇ ਸਾਧਨ ਬਦਲ ਗਏ, ਪ੍ਰਬੰਧ ਬਦਲੇ, ਸਿੱਖਿਆ ਦਾ ਪਸਾਰ ਵਧਿਆ। ਲਗਪਗ ਸਾਰੇ ਖੇਤਰਾਂ ਵਿਚ ਔਰਤਾਂ-ਮਰਦਾਂ ਨੂੰ ਬਰਾਬਰ ਦੇ ਮੌਕੇ ਮਿਲਣ ਲੱਗੇ। ਇੱਥੋਂ ਤਕ ਕਿ ਕਈ ਖੇਤਰਾਂ ਵਿਚ ਔਰਤਾਂ ਮਰਦਾਂ ਤੋਂ ਅੱਗੇ ਨਿਕਲ ਗਈਆਂ ਪਰ ਇਸ ਸਭ ਦੇ ਬਾਵਜੂਦ ਬਹੁਤ ਕੁਝ ਨਹੀਂ ਬਦਲਿਆ। ਔਰਤ ਨੂੰ ਜੁੱਤੀ ਤੇ ਕੁੜੀਆਂ ਨੂੰ ਘਰ ਦੀ ਇੱਜ਼ਤ ਵਗੈਰਾ-ਵਗੈਰਾ ਪਤਾ ਨਹੀਂ ਕੀ ਕੁਝ ਸਮਝਿਆ ਜਾਂਦਾ ਹੈ।

ਜਾਗੀਰੂ ਯੁੱਗ ਦੀ ਗਲੀਆਂ-ਸੜੀਆਂ ਰਵਾਇਤਾਂ ਨੂੰ ਤਿਲਾਂਜਲੀ ਦੇਣ ਦੀ ਲੋੜ ਹੈ ਜਿਸ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਅਮਲੀ ਆਜ਼ਾਦੀ ਉਸ ਪੱਧਰ 'ਤੇ ਹਾਲੇ ਵੀ ਹਾਸਲ ਨਹੀਂ ਹੋਈ, ਜਿਸ ਦੀ ਕਲਪਨਾ ਕੀਤੀ ਜਾ ਰਹੀ ਹੈ। ਅਜਿਹੀ ਸੋਚ ਨੂੰ ਬਦਲਣ ਦੀ ਲੋੜ ਹੈ ਜਿਸ 'ਚੋਂ ਅਜਿਹੀਆਂ ਰੂੜ੍ਹੀਆਂ ਪੈਦਾ ਹੁੰਦੀਆਂ ਹਨ। ਇਸ ਵਾਸਤੇ ਅਜੇ ਹੋਰ ਠੋਸ ਉਪਰਾਲੇ ਕੀਤੇ ਜਾਣ ਦੀ ਲੋੜ ਹੈ। ਉੱਚੀਆਂ ਜਾਤਾਂ-ਨੀਵੀਆਂ ਜਾਤਾਂ ਦੇ ਪਾਖੰਡ ਖ਼ਤਮ ਕਰਨ ਦੀ ਵੀ ਲੋੜ ਹੈ।

ਅਜਿਹੇ ਕਤਲਾਂ ਨੂੰ ਰੋਕਣ ਲਈ ਨਾ ਸਿਰਫ਼



ਵਿਧਾਨਪਾਲਿਕਾ ਤੇ ਕਾਰਜਪਾਲਿਕਾ ਬਲਕਿ ਨਿਆਂਪਾਲਿਕਾ ਨੂੰ ਵੀ ਹੋਰ ਵੱਡੇ ਕਦਮ ਚੁੱਕਣ ਦੀ ਜ਼ਰੂਰਤ ਹੈ। ਹਰ ਇਕ ਨੂੰ ਜਿਊਣ ਦਾ ਹੱਕ ਹੈ ਤੇ ਫੋਕੀ ਅਣਖ ਖ਼ਾਤਰ ਕਿਸੇ ਦੀ ਜਾਨ ਲੈਣ ਦਾ ਹੱਕ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION
















ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

## S. Iqbal Singh


844-573-3824 | 510 862 2332

433 W Scotts Ave Stockton, CA 95203

PH: (925) 487-7117

# ਅਮਰੀਕਾ ਦੇ ਓਹਾਇਓ ਰਾਜ ਵਿਚ ਗਰਭਵਤੀ ਔਰਤ ਦੀ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਹੋਈ ਮੌਤ


**ਔਰਤ ਨੇ ਪੁਲਿਸ ਅਫਸਰ 'ਤੇ ਕਾਰ ਚੜ੍ਹਾਉਣ ਦਾ ਕੀਤਾ ਯਤਨ-ਪੁਲਿਸ ਮੁੱਖੀ**



ਬਲੈਨਡਨ (ਓਹਾਇਓ) ਵਿਚ ਇਕ ਗਰਭਵਤੀ ਔਰਤ ਦੀ ਮੌਤ ਉਪਰੰਤ ਕੁਝ ਲੋਕ ਨਿਆਂ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰਦੇ ਹੋਏ।

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਹਾਇਓ ਰਾਜ ਦੇ ਸ਼ਹਿਰ ਕੋਲੰਬਸ ਦੇ ਨੀਮ ਸ਼ਹਿਰੀ ਖੇਤਰ ਬਲੈਨਡਨ ਵਿਖੇ ਇਕ ਸੁਪਰਮਾਰਕਿਟ ਪਾਰਕਿੰਗ ਵਿਚ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਇਕ ਗਰਭਵਤੀ ਔਰਤ ਦੀ ਮੌਤ ਹੋਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਔਰਤ ਜਿਸ ਉਪਰ ਇਕ ਸਟੋਰ ਵਿਚੋਂ ਸ਼ਰਾਬ ਦੀਆਂ ਬੋਤਲਾਂ ਚੋਰੀ ਕਰਨ ਦਾ ਸ਼ੱਕ ਸੀ, ਨੂੰ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਉਹ ਆਪਣੀ ਕਾਰ ਵਿਚੋਂ ਬਾਹਰ ਨਹੀਂ ਆਈ ਤੇ ਉਸ ਨੇ ਆਪਣੀ ਕਾਰ ਪੁਲਿਸ ਅਫਸਰ ਉਪਰ ਚੜਾਉਣ ਦਾ ਯਤਨ ਕੀਤਾ । ਮ੍ਰਿਤਕ ਔਰਤ ਦੀ ਪਛਾਣ ਟਾ ਕਿਆ ਯੰਗ (21) ਵਜੋਂ ਹੋਈ ਹੈ। ਬਲੈਨਡਨ ਦੇ ਪੁਲਿਸ ਮੁੱਖੀ ਜੌਹਨ ਬੈਲਫੋਰਡ ਅਨੁਸਾਰ ਸੁਪਰਮਾਰਕਿਟ ਦੇ ਇਕ ਮੁਲਾਜ਼ਮ ਨੇ ਪਹਿਲਾਂ ਤੋਂ ਹੀ ਉਥੇ ਮੌਜੂਦ ਪੁਲਿਸ ਅਫਸਰਾਂ ਨੂੰ ਸੂਚਿਤ ਕੀਤਾ ਕਿ ਬਹੁਤ ਸਾਰੇ ਲੋਕ ਗਰੌਸਰੀ ਸਟੋਰ ਵਿਚੋਂ ਸਮਾਨ ਚੋਰੀ ਕਰਕੇ ਦੌੜ ਗਏ ਹਨ ਜਿਨਾਂ ਵਿਚ ਇਕ ਔਰਤ ਵੀ ਸ਼ਾਮਿਲ ਹੈ ਜੋ ਸ਼ਰਾਬ ਦੀਆਂ ਬੋਤਲਾਂ ਲੈ ਗਈ ਹੈ। ਪੁਲਿਸ ਅਫਸਰਾਂ ਨੇ ਇਕ ਕਾਰ ਵਿਚ ਬੈਠੀ ਔਰਤ ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਉਸ ਨੇ ਅਜਿਹਾ ਕਰਨ ਦੀ ਬਜਾਏ ਅੱਗੇ ਖੜੇ ਪੁਲਿਸ ਅਫਸਰ ਉਪਰ ਕਾਰ ਚੜਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਪੁਲਿਸ ਅਫਸਰ ਨੇ ਕਾਰ ਦੇ ਅਗਲੇ ਸ਼ੀਸ਼ੇ ਉਪਰ ਕੇਵਲ ਇਕ ਗੋਲੀ ਚਲਾਈ। ਇਸ ਉਪਰੰਤ ਕਾਰ ਤਕਰੀਬਨ 50 ਫੁੱਟ ਅਗੇ ਜਾ ਕੇ ਰੁਕ ਗਈ। ਔਰਤ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਿਸ ਦੀ ਬਾਅਦ ਵਿਚ ਪਛਾਣ ਟਾ ਕਿਆ ਯੰਗ ਵਜੋਂ ਹੋਈ ਜੋ ਗਰਭਵਤੀ ਸੀ ਤੇ ਉਸ ਨੇ ਨਵੰਬਰ ਵਿਚ ਬੱਚੀ ਨੂੰ ਜਨਮ ਦੇਣਾ ਸੀ। ਇਸ ਘਟਨਾ ਵਿਚ ਬੱਚੀ ਦੀ ਵੀ ਮੌਤ ਹੋ ਗਈ। ਯੰਗ ਦੇ ਪਹਿਲਾਂ 6 ਤੇ 3 ਸਾਲ ਦੇ ਦੋ ਪੁੱਤਰ ਹਨ। ਬੈਲਫੋਰਡ ਨੇ ਕਿਹਾ ਕਿ ਓਹੀਓ ਬਿਊਰੋ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਮਾਮਲੇ ਦੀ ਜਾਂਚ ਕਰੇਗੀ। ਪੁਲਿਸ ਨੇ ਘਟਨਾ ਵਿਚ ਸ਼ਾਮਿਲ ਪੁਲਿਸ ਅਫਸਰਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਮੁੱਖੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਮੁਕੰਮਲ ਹੋਣ ਤੱਕ ਪੁਲਿਸ ਅਫਸਰ ਤਨਖਾਹ ਸਮੇਤ ਛੁੱਟੀ ਉਪਰ ਭੇਜ ਦਿੱਤੇ ਗਏ ਹਨ।

# ਅਮਰੀਕਾ 'ਚ ਹਥਿਆਰਬੰਦ ਲੁੱਟਾਂ ਕਰਨ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ 28 ਸਾਲ ਦੀ ਜੇਲ




ਸਾਊਥਿੰਗਟਨ, ਕੋਨੈਕਟੀਕਟ ਦੇ ਇਕ ਗੈਸ ਸਟੇਸ਼ਨ 'ਤੇ ਕ੍ਰਿਸਟੀਅਨ ਲੂਇਸ ਵੈਲੇਜ-ਰੂਇਜ ਦੁਆਰਾ ਕੀਤੀ ਲੁੱਟਖੋਹ ਦੀ ਇਕ ਪੁਰਾਣੀ ਤਸਵੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਕੋਨੈਕਟੀਕਟ ਰਾਜ ਦੇ ਇਕ ਵਿਅਕਤੀ ਨੂੰ 2021 ਵਿਚ ਤਿੰਨ ਮਹੀਨਿਆਂ ਦੇ ਸਮੇਂ ਵਿਚ ਕਈ ਲੁੱਟਾਂ ਖੋਹਾਂ ਕਰਨ ਦੇ ਮਾਮਲਿਆਂ ਵਿਚ 28 ਸਾਲ ਕੈਦ ਸੁਣਾਏ ਜਾਣ ਦੀ ਖਬਰ ਹੈ। ਯੂ ਐਸ ਅਟਾਰਨੀ ਦੇ ਦਫਤਰ ਅਨੁਸਾਰ ਕ੍ਰਿਸਟੀਅਨ ਲੂਇਸ ਵੈਲੇਜ-ਰੂਇਜ (25) ਉਪਰ ਦੋਸ਼ ਸੀ ਕਿ ਉਸ ਨੇ ਸਤੰਬਰ ਤੇ ਦਸੰਬਰ 2021 ਦਰਮਿਆਨ ਸਟੋਰਾਂ ਵਿਚ 28 ਹੱਥਿਆਰਬੰਦ ਲੁੱਟਾਂ ਖੋਹਾਂ ਕੀਤੀਆਂ, 6 ਹਥਿਆਰਬੰਦ ਵਾਹਣ ਖੋਹੇ ਤੇ 3 ਹੋਰ ਕਾਰਾਂ ਚੋਰੀ ਕੀਤੀਆਂ। ਯੂ ਐਸ ਅਟਾਰਨੀ ਦਫਤਰ ਨੇ ਕਿਹਾ ਹੈ ਕਿ ਰੂਇਜ ਨੇ ਆਪਣੇ ਸਾਰੇ ਗੁਨਾਹਾਂ ਨੂੰ ਕਬੂਲ ਲਿਆ ਹੈ। ਰੂਇਜ ਦੇ ਵਕੀਲ ਡੇਵਿਡ ਏ ਮੋਰਾਗਨ ਨੇ ਕਿਹਾ ਹੈ ਕਿ ਹਰ ਇਕ ਲਈ ਇਹ ਕੇਸ ਦੁੱਖਦਾਈ ਹੈ ਪਰੰਤੂ ਹੋਈ ਸਜ਼ਾ ਦੀ ਪਹਿਲਾਂ ਤੋਂ ਹੀ ਸਭਾਵਨਾ ਸੀ।

# ਇੰਡੋ ਅਮੈਰਿਕਨ ਸ਼ੋਸ਼ਲ ਵੈਲਫੇਅਰ ਸੁਸਾਇਟੀ ਨੇ ਹਿਮਾਚਲ ਪ੍ਰਦੇਸ਼ ਵਿਖੇ ਹੜ੍ਹਾਂ ਕਾਰਨ ਪ੍ਰਭਾਵਤ ਹੋਏ ਲੋਕਾਂ ਲਈ 10 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਕੀਤਾ ਭੇਟ

ਭੁਲੱਥ, (ਸਾਡੇ ਲੋਕ/ਅਜੈ ਗੋਗਨਾ) : ਇੰਡੋ ਅਮੈਰੀਕਨ ਸ਼ੋਸਲ ਵੈਲਫੇਅਰ ਸੁਸਾਇਟੀ ਦੇ ਚੀਫ ਪੈਟਰਨ ਅਸ਼ੋਕ ਕੁਮਾਰ (ਯੂ.ਐਸ.ਏ) ਤੇ ਸਮਾਜ ਸੇਵੀ ਮਾ. ਕੰਵਲਜੀਤ ਮੰਨਣ ਨੇ ਹਿਮਾਚਲ ਪ੍ਰਦੇਸ਼ ਵਿਖੇ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਲਈ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਸੀ.ਐਮ. ਰਿਲੀਫ਼ ਫੰਡ 'ਚ ਹਲਕਾ ਚਿੰਤਪੁਰਨੀ ਦੇ ਵਿਧਾਇਕ ਸੁਦਰਸ਼ਨ ਸਿੰਘ ਬੱਬਲੂ ਦੀ ਹਾਜਰੀ ਵਿੱਚ ਸੁਸਾਇਟੀ ਵੱਲੋਂ ਦੱਸ ਲੱਖ ਰੁਪਏ ਦੀ ਰਾਸ਼ੀ ਦਾ ਚੈਕ ਭੇਟ ਕੀਤਾ। ਇਸ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਹਲਕਾ ਚਿੰਤਪੁਰਨੀ ਦੇ ਵਿਧਾਇਕ ਨੇ ਸਰਕਾਰ ਵੱਲੋਂ ਇੰਡੋ ਅਮੈਰੀਕਨ ਸ਼ੋਸ਼ਲ ਵੈਲਫੇਅਰ ਸੁਸਾਇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸੁਸਾਇਟੀ ਦੇ ਆਗੂਆਂ ਦਾ ਰਾਜਧਾਨੀ ਸ਼ਿਮਲਾਂ ਵਿਖੇ ਪਹੁੰਚਣ ਤੇ ਨਿੱਘਾ ਜੀ ਆਇਆ ਨੂੰ ਕਰਦੇ ਕੁੱਝ ਵਿਚਾਰਾਂ ਵੀ ਕੀਤੀਆਂ। ਅਸ਼ੋਕ ਕੁਮਾਰ ਨੇ ਕਿਹਾ ਕਿ ਇੰਡੋ ਅਮੈਰੀਕਨ ਵੈਲਫੇਅਰ ਸੁਸਾਇਟੀ ਸਮਾਜ ਵਿੱਚ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਹਿੱਸਾ



ਲੈਂਦੀ ਹੈ ਅਤੇ ਸੁਸਾਇਟੀ ਵੱਲੋ ਆਏ ਦਿਨ ਲੋੜਵੰਦਾਂ ਦੀ ਮਦਦ ਲਈ ਕਈ ਪ੍ਰਕਾਰ ਦੇ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੁਸਾਇਟੀ ਦੇ ਆਗੂ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਕਰ ਰਹੇ ਹਨ ਅਤੇ ਜਲਦ ਹੋਰ ਸਹਾਇਤਾਂ ਦੇ ਉਪਰਾਲੇ ਕੀਤਾ ਜਾਣਗੇ। ਇਸ ਮੌਕੇ ਭੁਲੱਥ ਦੇ ਬਾਊ ਬਨਾਰਸੀ ਦਾਸ ਖੁੱਲਰ, ਕੌਂਸਲਰ ਲਕਸ਼ ਕੁਮਾਰ ਚੋਧਰੀ, ਸੁਰਿੰਦਰ ਕੱਕੜ, ਸੁਰਿੰਦਰ ਸਿੰਘ ਲਾਲੀਆ, ਸਰਪੰਚ ਮੋਹਨ ਸਿੰਘ ਡਾਲਾ, ਬਲਵਿੰਦਰ ਸਿੰਘ ਚੀਮਾਂ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਖ਼ੂਬ ਸਲਾਘਾ ਕੀਤੀ।

# ਨਿਊਜਰਸੀ 'ਚ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਨੂੰ ਸ਼ਰਾਬ ਦੇ ਨਸ਼ੇ ਵਿੱਚ ਕਾਰ ਸੜਕ ਹਾਦਸੇ ਵਿੱਚ ਦੋ ਲੋਕਾਂ ਦੀ ਹੱਤਿਆ ਕਰਨ ਦੇ ਦੋਸ਼ ਹੇਠ ਗ੍ਰਿਫਤਾਰ

ਨਿਊਜਰਸੀ, (ਰਾਜ ਗੋਗਨਾ) : ਅਮਰੀਕਾ ਦੇ ਸੂਬੇ ਨਿਊਜਰਸੀ ਵਿੱਚ ਇਕ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ (ਜੋ ਔਫ ਡਿਊਟੀ) ਸੀ ਅਤੇ ਨਿਊਜਰਸੀ ਦੀ ਐਡੀਸਨ ਟਾਊਨਸ਼ਿਪ ਵਿਖੇਂ ਨੋਕਰੀ ਕਰਦਾ ਹੈ। ਉਸ ਵੱਲੋਂ ਸ਼ਰਾਬੀ ਹਾਲਤ ਵਿੱਚ ਆਪਣੀ ਕਾਰ ਦੇ ਨਾਲ ਹੋਏ ਹਾਦਸੇ ਦੋਰਾਨ ਉਸ ਕਾਰ ਵਿੱਚ ਸਵਾਰ ਦੋ ਹੋਰ ਯਾਤਰੀਆਂ ਦੀ ਮੌਤ ਹੋ ਜਾਣ ਤੇ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਜਿਸ ਦਾ ਨਾਂ ਅਮਿਤੋਜ ਓਬਰਾਏ,ਹੈ। ਜੋ ਐਡੀਸਨ ਨਿਊਜਰਸੀ ਵਿਖੇਂ ਪੁਲਿਸ ਅਧਿਕਾਰੀ ਹੈ। ਜਿਸ ਉੱਤੇ '2 ਯਾਤਰੀਆਂ ਦੀ ਮੌਤ ਹੋਣ ਵਾਲੇ ਹਾਦਸੇ ਲਈ ਉਸ ਦੇ ਵਾਹਨ ਦੇ ਨਾਲ ਹੋਈ ਹੱਤਿਆ ਦੇ ਦੋਸ਼ ਲੱਗੇ ਹਨ।ਨਿਊਜਰਸੀ ਦੇ ਸਮਰਸੈਟ ਟਾਊਨ ਦਾ ਨਿਵਾਸੀ 29 ਸਾਲਾ ਪੁਲਿਸ ਅਧਿਕਾਰੀ ਅਮਿਤੋਜ ਓਬਰਾਏ ਐਡੀਸਨ ਟਾਊਨਸ਼ਿਪ ਵਿੱਚ ਨੋਕਰੀ ਕਰਦਾ ਹੈ ।ਅਤੇ ਇਹ ਹਾਦਸਾ ਬੀਤੇਂ ਦਿਨੀਂ 27 ਅਗਸਤ ਨੂੰ ਹੋਇਆ, ਉਸ ਸਮੇਂ ਉਹ ਆਪਣੀ ਡਿਊਟੀ ਤੋਂ ਬਾਹਰ ਸੀ।ਸਥਾਨਕ ਪੁਲਿਸ ਨੇ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਓਬਰਾਏ ਨੂੰ ਸ਼ਰਾਬ ਦੇ ਨਸ਼ੇ ਵਿੱਚ ਕਾਰ ਹਾਦਸੇ ਵਿੱਚ ਆਪਣੀ ਕਾਰ ਵਿੱਚ ਸਵਾਰ ਦੋ ਲੋਕਾਂ ਦੀ ਹੱਤਿਆ ਕਰਨ ਦੇ ਦੋਸ਼ ਹੇਠ ਉਸ ਵਿਰੁੱਧ ਪਹਿਲੀ-ਡਿਗਰੀ ਦੇ ਦੋਸ਼ ਲਗਾਏ ਗਏ ਹਨ। ਜਿੰਨਾਂ ਵਿੱਚ ਵਾਹਨ ਹੱਤਿਆ ਅਤੇ ਹੋਰ ਅਪਰਾਧਾਂ ਦੇ ਦੋ ਮਾਮਲਿਆਂ



ਪੁਲਿਸ ਅਧਿਕਾਰੀ ਅਮਿਤੋਜ ਓਬਰਾਏ

ਵਿੱਚ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਜਿੱਥੇ ਉਸ ਦੇ ਦੋ ਯਾਤਰੀਆਂ ਦੀ ਮੌਤ ਹੋ ਗਈ, ਸਮਰਸੈਟ ਕਾਉਂਟੀ ਦੇ ਵਕੀਲ ਨੇ ਬੁੱਧਵਾਰ ਨੂੰ ਕਿਹਾ, ਪੁਲਿਸ ਅਧਿਕਾਰੀ ਅਮਿਤੋਜ ਓਬਰਾਏ (29) ਸਾਲ 'ਤੇ ਸੋਮਵਾਰ, 27 ਅਗਸਤ ਨੂੰ ਸੋਮਰਸੈੱਟ ਸਟਰੀਟ ਰੂਟ 27 'ਤੇ ਹੋਏ ਕਾਰ ਹਾਦਸੇ ਦੌਰਾਨ ਸ਼ਰਾਬੀ ਹੋਣ ਦਾ ਦੋਸ਼ ਹੈ, ਜਿਸ ਵਿੱਚ ਉਸ ਦੀ ਕਾਰ ਵਿੱਚ ਸਵਾਰ ਦੋ ਲੋਕਾਂ ਦੀ ਮੌਤ ਹੋ ਗਈ ਸੀ। ਉਸ ਦੀ ਗੱਡੀ ਵਿੱਚ ਤਿੰਨ ਸਵਾਰੀਆਂ ਸਵਾਰ ਸਨ। ਜਿੰਨਾਂ ਵਿੱਚੋ ਦੋ ਦੀ ਮੋਤ ਹੋ ਗਈ। ਪੁਲਿਸ ਅਧਿਕਾਰੀਆਂ ਨੇ ਇੱਕ ਜਾਂਚ ਵਿੱਚ ਪਾਇਆ ਹੈ ਕਿ ਓਬਰਾਏ ਨੇ 2007 ਮਾਡਲ ਔਡੀ ਗੱਡੀ ਜੋ ਸਮਰਸੈੱਟ ਸਟਰੀਟ 'ਤੇ ਦੱਖਣ ਵੱਲ ਨੂੰ ਤੇਜ਼ ਰਫ਼ਤਾਰ ਨਾਲ ਚਲਾਉਂਦੇ ਸਮੇਂ ਉਹ ਕਾਰ ਦਾ ਕੰਟਰੋਲ ਗੁਆ ਗਿਆ ਸੀ, ਜਿਸ ਕਾਰਨ ਕਾਰ ਕਾਫੀ ਤੇਜ ਰਫਤਾਰ ਹੋਣ ਦੇ ਕਾਰਨ ਦਰਖਤਾਂ, ਲੈਂਪ ਪੋਸਟਾਂ ਅਤੇ ਇੱਕ ਖੰਭੇ ਦੇ ਨਾਲ ਟਕਰਾ ਕੇ ਸੜਕ ਤੋਂ ਬਾਹਰ ਪਲਟ ਗਈ ਸੀ। ਪੁਲਿਸ ਦੀ ਜਾਂਚ ਦੇ ਅਨੁਸਾਰ, ਪੁਲਿਸ ਅਧਿਕਾਰੀ ਅਮਿਤੋਜ ਓਬਰਾਏ ਘਟਨਾ ਦੇ ਸਮੇਂ ਕਾਨੂੰਨੀ ਬਲੱਡ ਅਲਕੋਹਲ ਕੰਸੈਂਟਰੇਸ਼ਨ ਦੀ ਸੀਮਾ ਤੋਂ ਵੱਧ ਅਲਕੌਹਲ (ਸ਼ਰਾਬ) ਪੀਤੀ ਹੋਈ ਸੀ।

**ਐਡੀਸਨ ਦੇ ਮੇਅਰ ਦਾ ਬਿਆਨ:** ਓਬਰਾਏ 'ਤੇ ਲੱਗੇ ਦੋਸ਼ਾਂ ਦੀ ਖਬਰ ਤੋਂ ਬਾਅਦ, ਐਡੀਸਨ ਦੇ ਭਾਰਤੀ ਮੂਲ ਦੇ ਮੇਅਰ ਸੈਮ ਜੋਸ਼ੀ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਪੁਲਿਸ ਅਧਿਕਾਰੀ ਨੂੰ ਵਿਭਾਗ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ। ਜੋਸ਼ੀ ਨੇ ਕਿਹਾ, ਹਾਲਾਂਕਿ ਓਬਰਾਏ ਦੋਹਰੀ ਘਾਤਕ ਮੋਟਰ ਵਹੀਕਲ ਘਟਨਾ ਦੇ ਸਮੇਂ ਡਿਊਟੀ ਤੋਂ ਭਾਵੇਂ ਬਾਹਰ ਸੀ, ਉਸ ਦੇ ਖਿਲਾਫ ਦੋਸ਼ਾਂ ਦੀ ਗੰਭੀਰ ਕਿਸਮ ਨੂੰ ਦੇਖਦੇ ਹੋਏ, ਮੈਂ ਉਸਨੂੰ ਐਡੀਸਨਪੁਲਿਸ ਵਿਭਾਗ ਤੋਂ ਤੁਰੰਤ ਬਰਖਾਸਤ ਕਰਨ ਲਈ ਅੱਗੇ ਵਧ ਰਿਹਾ ਹਾਂ।

# ਅਮਰੀਕਾ : ਟੀਵੀ ਐਂਕਰ ਰਸ਼ੇਲ ਬੂਨ ਦੀ ਪੈਨਕ੍ਰੀਆਟਿਕ ਕੈਂਸਰ ਕਾਰਨ ਹੋਈ ਮੌਤ

ਨਿਊਯਾਰਕ : ਅਮਰੀਕਾ ਵਿਖੇ ਨਿਊਯਾਰਕ ਸਿਟੀ ਦੀ ਟੀਵੀ ਐਂਕਰ ਰਸ਼ੇਲ ਬੂਨ ਦੀ ਪੈਨਕ੍ਰੀਆਟਿਕ ਕੈਂਸਰ ਕਾਰਨ ਮੌਤ ਹੋ ਗਈ। ਰਸ਼ੇਲ ਬੂਨ ਜੋ 2002 ਵਿੱਚ ਇੱਕ ਰਿਪੋਰਟਰ ਦੇ ਰੂਪ ਵਿੱਚ ਆਲ-ਨਿਊਜ਼ ਸਟੇਸ਼ਨ ਵਿੱਚ ਸ਼ਾਮਲ ਹੋਈ ਸੀ ਅਤੇ 2021 ਵਿੱਚ ਆਪਣੀ ਯੋਗਤਾ ਅਨੁਸਾਰ ਉਹ ਐਂਕਰ ਡੈਸਕ ਵਿੱਚ ਚਲੀ ਗਈ ਸੀ। ਨਿਊਯਾਰਕ ਸਿਟੀ ਟੀਵੀ ਸਟੇਸ਼ਨ ਐਨ. ਵਾਈ -ਵਨ ਲਈ ਇੱਕ ਪੁਰਸਕਾਰ ਜੇਤੂ ਰਿਪੋਰਟਰ ਅਤੇ ਐਂਕਰ ਪਿਛਲੇ ਸਾਲ ਤੋਂ ਪੈਨਕ੍ਰੀਆਟਿਕ ਕੈਂਸਰ ਨਾਲ ਜੂਝ ਰਹੀ ਸੀ। ਨਿਊਯਾਰਕ ਵਨ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ ਕਿ ਰਿਪੋਰਟਰ ਅਤੇ ਐਂਕਰ ਰਸ਼ੇਲ ਬੂਨ 48 ਸਾਲ ਦੀ ਸੀ, ਜਿਸ ਦੀ ਐਤਵਾਰ ਨੂੰ ਮੌਤ ਹੋ ਗਈ। ਬੂਨ 2002 ਵਿੱਚ ਕੁਈਨਜ਼ ਦੇ ਬੋਰੋ ਨੂੰ ਕਵਰ ਕਰਨ ਵਾਲੇ ਇੱਕ ਰਿਪੋਰਟਰ ਦੇ ਰੂਪ ਵਿੱਚ ਆਲ-ਨਿਊਜ਼ ਸਟੇਸ਼ਨ ਵਿੱਚ ਸ਼ਾਮਲ ਹੋਈ ਸੀ ਅਤੇ 2021 ਵਿੱਚ ਐਂਕਰ



ਡੈਸਕ ਵਿੱਚ ਚਲੀ ਗਈ ਸੀ। ਟੀ.ਵੀ ਸਟੇਸ਼ਨ, ਜੋ ਕਿ ਹੁਣ ਚਾਰਟਰ ਕਮਿਊਨੀਕੇਸ਼ਨਜ਼ ਦੀ ਮਲਕੀਅਤ ਹੈ, ਨੇ ਕਿਹਾ ਕਿ ਬੂਨ ਕੋਲ ÷ਨਿਊਯਾਰਕ ਵਾਸੀਆਂ ਨਾਲ ਸਕ੍ਰੀਨ ਰਾਹੀਂ ਅਤੇ ਵਿਅਕਤੀਗਤ ਤੌਰ 'ਤੇ ਜੁੜਨ ਦੀ ਇੱਕ ਵਿਲੱਖਣ ਹੀ ਯੋਗਤਾ ਸੀ ਅਤੇ ਇਸ ਕਾਰਨ ਜਨਤਾ ਨੇ ਉਸ ਨੂੰ ਇੱਕ ਭਰੋਸੇਯੋਗ ਦੋਸਤ ਵਾਂਗ ਮਹਿਸੂਸ ਕੀਤਾ। ਨਿਊਯਾਰਕ ਰਾਜ ਦੇ ਜਮਾਇਕਾ ਦੀ ਵਸਨੀਕ ਬੂਨ ਸ਼ਹਿਰ ਦੇ ਵਿਭਿੰਨ ਪ੍ਰਵਾਸੀ ਭਾਈਚਾਰਿਆਂ ਦੀ ਕਵਰੇਜ ਲਈ ਪ੍ਰਸਿੱਧੀ ਦੇ ਤੌਰ 'ਤੇ ਜਾਣੀ ਜਾਂਦੀ ਸੀ। ਦੱਸਣਯੋਗ ਹੈ ਕਿ ਉਸਨੇ ਮਿਨੇਸੋਟਾ ਸੂਬੇ ਵਿੱਚ ਜਾਰਜ ਫਲਾਇਡ ਦੀ ਹੱਤਿਆ ਤੋਂ ਬਾਅਦ ਸੁਪਰਸਟਾਰਮ ਸੈਂਡੀ ਅਤੇ ਵਿਰੋਧ ਪ੍ਰਦਰਸ਼ਨਾਂ ਵਰਗੀਆਂ ਵੱਡੀਆਂ ਕਹਾਣੀਆਂ ਦੀ ਰਿਪੋਰਟਿੰਗ ਕੀਤੀ ਅਤੇ ਉਹ ਬਰੁਕਲਿਨ ਦੀ ਸਾਲਾਨਾ ਵੈਸਟ ਇੰਡੀਅਨ ਅਮਰੀਕਨ ਡੇਅ ਪਰੇਡ ਅਤੇ ਟਾਈਮਜ਼ ਸਕੁਆਇਰ ਨਿਊ ?ਈਅਰ ਈਵ ਬਾਲ ਡਰਾਪ ਸਮੇਤ ਜਸ਼ਨਾਂ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੁੰਦੀ ਸੀ। ਬੂਨ ਨੇ ਆਪਣੇ ਕਰੀਅਰ ਦੌਰਾਨ ਕਈ ਪੁਰਸਕਾਰ ਵੀ ਜਿੱਤੇ, ਜਿਸ ਵਿੱਚ ਸਰਵੋਤਮ ਵਿਸ਼ੇਸ਼ਤਾ ਰਿਪੋਰਟਿੰਗ ਲਈ ਨਿਊਯਾਰਕ ਪ੍ਰੈਸ ਕਲੱਬ ਅਵਾਰਡ 'ਨਿਊਯਾਰਕ ਅਨਫਿਲਟਰਡ' ਲਈ ਇੱਕ ਨਿਊਯਾਰਕ ਐਮੀ ਅਵਾਰਡ ਵੀ ਸ਼ਾਮਲ ਹੈ।

# ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ ਕਿਉਂ ?

ਯਾਦ ਨਹੀਂ ਮੈਨੂੰ ਕਿ ਇਹ ਗੱਲ ਮੈਂ ਕਿਤਿਉਂ ਪੜ੍ਹੀ ਸੀ ਜਾਂ ਕਿਸੇ ਦੇ ਮੂੰਹੋਂ ਸੁਣੀ ਹੋਈ ਐ ਪਰ ਜਾਪਦੀ



ਇਹ ਪੂਰੀ ਸੱਚ ਹੈ। ਨਰੜ ਤਾਂ ਘਰ ਘਰ ਦੇਖੇ ਜਾ ਸਕਦੇ ਹਨ ਪਰ 'ਜੋੜੀਆਂ' ਟਾਂਵੀਆਂ ਟਾਂਵੀਆਂ ਹੀ ਕਿਉਂ ਹੁੰਦੀਆਂ ਨੇ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕਹਿੰਦੇ ਦਰਗਾਹ ਵਿੱਚ ਵਿਆਹ ਦੇ ਸੰਯੋਗ ਜੋੜਨ ਵਾਲਾ 'ਇੰਚਾਰਜ' ਹਰ ਰੋਜ ਸੁਵਖਤੇ ਹੀ ਕੁੜੀਆਂ ਅਤੇ ਮੁੰਡਿਆਂ ਦੇ ਨਾਵਾਂ ਵਾਲੀਆਂ ਪਰਚੀਆਂ ਦੇ ਦੋ ਵੱਖ ਵੱਖ ਢੇਰ ਲਾ ਕੇ ਬਹਿ ਜਾਂਦਾ ਐ। ਬੜੀ ਫੁਰਤੀ ਨਾਲ ਉਹ ਮੁੰਡਿਆਂ ਦੇ ਢੇਰ 'ਚੋਂ ਇੱਕ ਪਰਚੀ ਚੁੱਕਦਾ ਹੈ ਤੇ ਇੱਕ ਕੁੜੀਆਂ ਦੇ ਨਾਵਾਂ ਵਾਲੇ ਢੇਰ ਵਿੱਚੋਂ ਦੋਹਾਂ ਨੂੰ ਮਰੋੜੀ ਦੇ ਕੇ ਇੱਕ ਹੋਰ ਤੀਸਰਾ ਢੇਰ ਲਾ ਦਿੰਦਾ ਹੈ ਜੋ 'ਅਗਲੇਰੇ ਪ੍ਰੋਸੀਜ਼ਰ' ਲਈ ਸਬੰਧਿਤ ਮਹਿਕਮੇਂ ਵਾਲੇ ਚੁੱਕ ਕੇ ਲੈ ਜਾਂਦੇ ਹਨ!

ਕਹਿੰਦੇ ਕੁੜੀਆਂ ਦੇ ਨਾਂ ਵਾਲੇ ਢੇਰ ਵਿੱਚੋਂ ਪਰਚੀ ਚੁੱਕਦਿਆਂ ਉਹ ਕਦੇ 'ਚੰਗੀ' ਜਾਂ ਕਦੇ 'ਮੰਦੀ' ਅਤੇ ਇਸੇ ਤਰਾਂ ਮੁੰਡਿਆਂ ਵਾਲੇ ਢੇਰ 'ਚੋਂ ਪਰਚੀ ਚੁੱਕਣ ਲੱਗਿਆਂ 'ਚੰਗਾ' ਜਾਂ ਕਦੇ 'ਮੰਦਾ' ਬੋਲਦਾ ਹੈ!

ਸਵੇਰੇ ਸਵੇਰੇ ਕੁੱਝ ਚਿਰ ਤਾਂ ਉਹ 'ਚੰਗੀ-ਚੰਗਾ' ਅਤੇ 'ਮੰਦੀ-ਮੰਦਾ' ਕਹਿ ਕੇ ਪਰਚੀਆਂ ਜੋੜੀ ਜਾਂਦਾ ਹੈ ਪਰ ਫਿਰ

ਦੋਏ ਢੇਰ ਛੇਤੀ ਛੇਤੀ ਨਿਬੇੜਨ ਕਾਰਨ ਉਹ ਅੱਕ ਥੱਕ ਕੇ ਪਰਚੀਆਂ ਚੁੱਕਣ ਵੇਲੇ ਇੰਨਾਂ ਕਾਹਲੀ ਬੋਲਦਾ ਹੈ ਕਿ ਕਿਤੇ ਇੱਕ-ਅੱਧ ਵਾਰ ਹੀ ਉਹਦੇ ਮੂੰਹੋਂ 'ਚੰਗੀ-ਚੰਗਾ' ਨਿਕਲ ਜਾਂਦਾ ਹੈ, ਨਹੀਂ ਤਾਂ ਉਹ 'ਚੰਗੀ-ਮੰਦਾ' ਤੇ 'ਮੰਦਾ-ਚੰਗੀ' ਵਾਲੀਆਂ ਪੁੜੀਆਂ ਹੀ ਬਣਾ ਬਣਾ ਸੁੱਟੀ ਜਾਂਦਾ!! ਇਉਂ ਉਹਦੇ ਕੋਲ ? 'ਨਰੜਾਂ ਦੇ ਤਾਂ ਢੇਰ' ਲੱਗ ਜਾਂਦੇ ਹਨ ਤੇ 'ਜੋੜੀਆਂ ਜੱਗ ਥੋੜ੍ਹੀਆਂ' ਵਾਲਾ ਢੇਰ ਛੋਟਾ ਜਿਹਾ ਹੀ !!

# ਅਮਰੀਕਾ 'ਚ ਛਾਪੇ ਜਾਣਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ 'ਚ ਆਪਣੀ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪ੍ਰੈੱਸ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ 'ਚ ਲਗਾਈ ਜਾਵੇਗੀ, ਜਿੱਥੇ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਕੇਂਦਰ ਵੀ ਕਾਰਜਸ਼ੀਲ ਹੋਵੇਗਾ। ਇਸ ਦੇ ਨਾਲ ਹੀ ਅਮਰੀਕਾ ਦੇ ਯੂਬਾਸਿਟੀ ਵਿਖੇ ਵੀ ਧਰਮ ਪ੍ਰਚਾਰ ਕੇਂਦਰ ਬਣਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਇਹ ਫ਼ੈਸਲਾ ਕੀਤਾ ਗਿਆ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਵ. ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਯੂਬਾਸਿਟੀ ਵਿਖੇ 14.5 ਏਕੜ ਜ਼ਮੀਨ ਦਿੱਤੀ ਗਈ ਸੀ, ਜਿੱਥੇ ਧਰਮ ਪ੍ਰਚਾਰ ਕੇਂਦਰ ਬਣਾ ਕੇ ਗਤੀਵਿਧੀਆਂ ਆਰੰਭੀਆਂ ਜਾਣਗੀਆਂ। ਇਸ ਦੇ ਨਾਲ ਹੀ ਪ੍ਰਵਾਸੀ ਸਿੱਖ ਗਿਆਨ ਸਿੰਘ ਸੰਧੂ ਕੈਨੇਡਾ ਅਤੇ ਉੱਘੇ ਕਾਰੋਬਾਰੀ ਕਰਨੈਲ ਸਿੰਘ ਸੰਧੂ ਅਮਰੀਕਾ ਵੱਲੋਂ ਕੀਤੀ ਗਈ ਪੇਸ਼ਕਸ਼ ਅਨੁਸਾਰ ਕੈਲੀਫੋਰਨੀਆ ਦੇ ਟਰੇਸੀ ਵਿਖੇ ਵੀ ਸ਼੍ਰੋਮਣੀ ਕਮੇਟੀ ਦਾ ਇਕ ਕੇਂਦਰ ਸਥਾਪਤ ਕੀਤਾ ਜਾਵੇਗਾ। ਇਸ ਕੇਂਦਰ ਵਿਖੇ ਅਮਰੀਕਾ, ਕੈਨੇਡਾ ਦੀ ਸੰਗਤ ਵੱਲੋਂ ਪੁੱਜਦੀ ਮੰਗ ਅਨੁਸਾਰ ਪਾਵਨ ਸਰੂਪ ਮੁਹੱਈਆ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਪ੍ਰੈੱਸ ਵੀ ਲਗਾਈ ਜਾਵੇਗੀ।

ਉਨ੍ਹਾਂ ਦੱਸਿਆ ਇਨ੍ਹਾਂ ਦੋਹਾਂ ਕੇਂਦਰਾਂ 'ਚ ਗੁਰਦੁਆਰਾ ਸਾਹਿਬਾਨ ਵੀ ਸਥਾਪਤ ਕੀਤੇ ਜਾਣਗੇ ਅਤੇ ਸੰਗਤ ਨੂੰ ਧਾਰਮਿਕ ਸਾਹਿਤ ਵੀ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਸਟ੍ਰੇਲੀਆ ਵਿਖੇ ਸੰਗਤ ਦੀ ਮੰਗ ਅਨੁਸਾਰ ਵਿਸ਼ੇਸ਼ ਬੱਸ 'ਚ ਮਰਯਾਦਾ ਅਨੁਸਾਰ ਸੁਸ਼ੋਭਿਤ ਕਰਕੇ 220 ਪਾਵਨ ਸਰੂਪ ਸੁਮੰਦਰੀ ਜਹਾਜ਼ ਰਾਹੀਂ ਭੇਜੇ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਵਿਸ਼ਵ ਭਰ ਦੀ ਸੰਗਤ ਵੱਲੋਂ ਪਾਵਨ ਸਰੂਪਾਂ ਦੀ ਵੱਡੀ ਮੰਗ ਦੇ ਮੱਦੇਨਜ਼ਰ ਇਹ ਫ਼ੈਸਲੇ ਕੀਤੇ ਗਏ ਹਨ। ਅੰਤ੍ਰਿੰਗ ਕਮੇਟੀ ਦੇ ਹੋਰ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਸਬੰਧਤ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਡਿਜੀਟਲਾਈਜ਼ ਕੀਤਾ ਜਾਵੇਗਾ ਅਤੇ ਇਸ ਲਾਇਬ੍ਰੇਰੀ ਦੀ ਇਕ ਵੱਖਰੀ ਵੈੱਬਸਾਈਟ ਤਿਆਰ ਕਰਕੇ ਉਸ 'ਤੇ ਅਹਿਮ ਪੁਸਤਕਾਂ ਦੇ ਸਿਰਲੇਖ ਅਤੇ ਤਤਕਰੇ ਨੂੰ ਪਾਇਆ ਜਾਵੇਗਾ। ਇਸ ਦਾ ਮੰਤਵ ਖੋਜਾਰਥੀਆਂ ਨੂੰ ਇਸ ਲਾਇਬ੍ਰੇਰੀ 'ਚ ਪਏ ਸਾਹਿਤਕ ਖਜ਼ਾਨੇ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਉਹ ਆਪਣੀ ਲੋੜ ਅਨੁਸਾਰ ਇੱਥੇ ਮੌਜੂਦ ਕਿਤਾਬਾਂ ਨੂੰ ਆਪਣੇ ਖੋਜ ਕਾਰਜਾਂ ਲਈ ਵਰਤ ਸਕਣ। ਉਨ੍ਹਾਂ ਦੱਸਿਆ ਕਿ ਇਹ ਲਾਇਬ੍ਰੇਰੀ ਸੰਨ 1927 'ਚ ਸਥਾਪਤ ਕੀਤੀ ਗਈ ਸੀ ਅਤੇ ਮੌਜੂਦਾ ਸਮੇਂ ਇਸ ਵਿੱਚ ਵੱਡੀ ਗਿਣਤੀ ਅਹਿਮ ਪੁਸਤਕਾਂ ਦੀ ਵੀ ਹੈ।



# ਭਾਰਤ ਵਿੱਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਨਹੀਂ: ਧਾਮੀ



ਜਗਰਾਉਂ : ਆਰਐੱਸਐੱਸ ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਦੇ ਹਰ ਵਿਅਕਤੀ ਨੂੰ ਹਿੰਦੂ ਦੱਸਣ ਵਾਲੇ ਦਿੱਤੇ ਗਏ ਬਿਆਨ ਦੇ ਜਵਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹੈ। ਇਸ ਦੀ ਪਛਾਣ ਨਿਰਾਲੀ ਹੈ, ਜੋ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦੀ ਹੈ।

ਇੱਥੋਂ ਨੇੜਲੇ ਪਿੰਡ ਗੁਰੂਸਰ ਕਾਉਂਕੇ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿੱਚ ਨਵੇਂ ਦਰਬਾਰ ਹਾਲ ਦਾ ਉਦਘਾਟਨ ਕਰਨ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਆਰਐੱਸਐੱਸ ਆਗੂ ਆਏ ਦਿਨ ਆਪਣੇ ਮਨ ਨੂੰ ਧਰਵਾਸ ਦੇਣ ਲਈ ਭਾਰਤ 'ਚ ਰਹਿਣ ਵਾਲੇ ਹਰ ਵਿਅਕਤੀ ਨੂੰ ਹਿੰਦੂ ਹੋਣ ਦਾ ਫਤਵਾ ਦੇ ਦਿੰਦੇ ਹਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਦੱਸਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਹਿਣ ਵਾਲੇ ਲੋਕਾਂ ਨੂੰ ਇੱਕ ਵਾਰ ਭਾਰਤ ਅਤੇ ਖਾਸਕਰ ਸਿੱਖਾਂ ਦਾ ਇਤਿਹਾਸ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਨਹੀਂ ਹਨ। ਸਿੱਖਾਂ ਦਾ ਆਪਣਾ ਵਿਲੱਖਣ ਖਾਸਾ ਹੈ, ਜਿਸ ਨੂੰ ਕੋਈ ਵੀ ਰਲਗੱਡ ਨਹੀਂ ਕਰ ਸਕਦਾ। ਭਾਰਤ ਕਿਸੇ ਇੱਕ ਧਰਮ ਦਾ ਦੇਸ਼ ਨਹੀਂ ਹੈ। ਉਨ੍ਹਾਂ ਆਰਐੱਸਐੱਸ ਮੁਖੀ ਨੂੰ ਵਿਵਾਦਤ ਬਿਆਨ ਦੇਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ। ਇਸ ਦੌਰਾਨ ਧਾਮੀ ਨੇ ਗੁਰਦੁਆਰਾ ਗੁਰੂਸਰ ਸਾਹਿਬ ਕਾਉਂਕੇ ਵਿੱਚ ਨਵੇਂ ਬਣੇ ਦਰਬਾਰ ਹਾਲ ਦਾ ਉਦਘਾਟਨ ਵੀ ਕੀਤਾ। ਸਮਾਗਮ 'ਚ ਹਲਕਾ ਇੰਚਾਰਜ ਐੱਸਆਰ ਕਲੇਰ, ਬਰਜਿੰਦਰ ਸਿੰਘ ਮੱਖਣ ਬਰਾੜ, ਸ਼੍ਰੋਮਣੀ ਕਮੇਟੀ ਮੈਂਬਰ ਜਗਜੀਤ ਸਿੰਘ ਤਲਵੰਡੀ, ਕੇਵਲ ਸਿੰਘ ਬਾਦਲ, ਹਰਪਾਲ ਸਿੰਘ ਜੱਲ੍ਹਾ ਤੇ ਹੋਰ ਹਾਜ਼ਰ ਸਨ।

# ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ 'ਤੇ ਛਪੀ ਨਵੀਂ ਕਿਤਾਬ 'ਮੂਸੇਵਾਲ਼ਾ ਕੌਣ' ਲੇਖਕ ਦੇ ਪਰਿਵਾਰ ਵੱਲੋਂ ਰਿਲੀਜ਼


## ਕਿਤਾਬ 'ਚ ਸਿੱਧੂ ਮੂਸੇਵਾਲਾ ਦੀ ਸ਼ਖ਼ਸੀਅਤ ਨਾਲ਼ ਇਨਸਾਫ਼ ਕੀਤਾ ਹੈ : ਸੁਰਜੀਤ ਸਿੰਘ ਜਰਮਨੀ



ਅੰਮ੍ਰਿਤਸਰ : ਮਰਹੂਮ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲ਼ਾ 'ਤੇ ਛਪੀ ਨਵੀਂ ਕਿਤਾਬ 'ਮੂਸੇਵਾਲ਼ਾ ਕੌਣ' ਅੱਜ ਲੇਖਕ ਸੁਰਜੀਤ ਸਿੰਘ ਜਰਮਨੀ ਦੇ ਮਾਤਾ ਰਜਿੰਦਰ ਕੌਰ, ਪਿਤਾ ਨਿਰਮਲ ਸਿੰਘ, ਮਾਮਾ ਸੁਖਦੇਵ ਸਿੰਘ, ਮਾਮੀ ਸਵਰਨਜੀਤ ਕੌਰ ਅਤੇ ਬਾਪੂ ਬਹਾਦਰ ਸਿੰਘ ਵੱਲੋਂ ਆਪਣੇ ਗ੍ਰਹਿ ਪਿੰਡ ਠੱਠਾ ਵਿਖੇ ਰਿਲੀਜ਼ ਕੀਤੀ ਗਈ। ਜਾਰੀ ਕਰਨ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਹੋਇਆ ਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਨੂੰ ਸਰਕਾਰਾਂ ਨੇ ਮਿੱਥ ਕੇ ਮਰਵਾਇਆ ਹੈ। ਸਿੱਧੂ ਮੂਸੇਵਾਲਾ ਦੀ ਪੰਜਾਬ ਪੱਖੀ ਸ਼ਖ਼ਸੀਅਤ ਨੂੰ ਜਾਣਨ-ਪਹਿਚਾਨਣ ਅਤੇ ਉਸ ਦੇ ਕਤਲ ਦੇ ਭੇਦਾਂ ਬਾਰੇ ਸਮਝਣ ਲਈ ਲੇਖਕ ਸੁਰਜੀਤ ਸਿੰਘ ਜਰਮਨੀ ਵੱਲੋਂ ਲਿਖੀ ਇਹ ਕਿਤਾਬ ਅਦਾਰਾ ਖ਼ਾਲਸਾ ਫ਼ਤਹਿਨਾਮਾ ਵੱਲੋਂ ਪ੍ਰਕਾਸ਼ਿਤ ਹੋਈ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਨ ਸਮੇਂ ਲੇਖਕ ਦੇ ਮਾਤਾ-ਪਿਤਾ ਅਤੇ ਭਾਈ ਜਗਦੇਵ ਸਿੰਘ ਸੇਖਵਾਂ, ਭਾਈ ਬਲਵਿੰਦਰ ਸਿੰਘ ਪੱਖੋਕੇ, ਕਮੇਡੀ ਕਲਾਕਾਰ ਚਾਚਾ ਬਿਸ਼ਨਾ ਅਤੇ ਕਮੇਡੀਅਨ ਘੁੱਲੇ ਸ਼ਾਹ ਨੇ ਲੇਖਕ ਸੁਰਜੀਤ ਸਿੰਘ ਜਰਮਨੀ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਇੱਕ ਕਲਾਕਾਰ ਜਾਂ ਇੱਕ ਰੈਪਰ ਦੇ ਤੌਰ 'ਤੇ ਤਕਰੀਬਨ ਸਾਰੇ ਹੀ ਜਾਣਦੇ ਹਨ ਪਰ ਉਸ ਦਾ ਅਸਲ ਰੂਪ ਜਿਹੜਾ ਪੰਜਾਬ ਅਤੇ ਪੰਜਾਬੀਅਤ ਪੱਖੀ ਸੀ ਉਹ ਬਹੁਤ ਘੱਟ ਲੋਕ ਜਾਣਦੇ ਹਨ। ਇਸ ਕਿਤਾਬ 'ਚ ਅਣਖ਼ੀ ਪੰਜਾਬ ਦੇ ਅਣਖ਼ੀਲੇ ਪੰਜਾਬੀ ਸਿੱਧੂ ਮੂਸੇਵਾਲਾ ਦੀ ਦਾਸਤਾਨ ਲਿਖੀ ਗਈ ਹੈ ਜਿਸ ਤੋਂ ਸਰਕਾਰਾਂ ਨੂੰ ਖ਼ਤਰਾ ਮਹਿਸੂਸ ਹੁੰਦਾ ਸੀ ਤੇ ਨਸ਼ੇ ਦੇ ਵਪਾਰੀਆਂ, ਫਿਰੌਤੀਆਂ ਮੰਗਣ ਵਾਲ਼ਿਆਂ ਤੇ ਸਰਮਾਏਦਾਰਾਂ ਨੂੰ ਜਦੋਂ ਉਸ ਨੇ ਟੱਕਰ ਦੇਣੀ ਸ਼ੁਰੂ ਕੀਤੀ, ਪੰਜਾਬ ਦੇ ਹੱਕਾਂ ਅਤੇ ਸ਼ਹੀਦਾਂ ਦੀ ਬਾਰੇ ਗਾਏ ਤਾਂ ਫਿਰ ਸਿੱਧੂ ਦਾ ਕਤਲ ਕਰਵਾ ਦਿੱਤਾ ਗਿਆ। ਸਿੱਧੂ ਮੂਸੇਵਾਲਾ ਨੇ ਕੈਨੇਡਾ ਛੱਡ ਕੇ ਪੰਜਾਬ ਦੀ ਧਰਤੀ ਨੂੰ ਚੁਣਿਆ ਤੇ ਆਪਣੇ ਆਪ ਨੂੰ 'ਟਿੱਬਿਆ ਦਾ ਪੁੱਤ' ਅਖਵਾ ਕੇ ਮਾਣ ਮਹਿਸੂਸ ਕੀਤਾ।

ਲੇਖਕ ਸੁਰਜੀਤ ਸਿੰਘ ਜਰਮਨੀ ਦਾ ਕਹਿਣਾ ਹੈ ਕਿ 'ਸਿੱਧੂ ਮੂਸੇਵਾਲ਼ਾ ਕੌਣ' ਨਾਮੀ ਕਿਤਾਬ ਉਸ ਦੀ ਸ਼ਖ਼ਸੀਅਤ ਨਾਲ਼ ਪੂਰਾ ਇਨਸਾਫ਼ ਕਰੇਗੀ। ਮੂਸੇਵਾਲਾ ਕੌਣ ਕਿਤਾਬ ਫ਼ਤਹਿਨਾਮਾ ਤੋਂ 98557-89851 ਨੰਬਰ 'ਤੇ ਵਟਸਅੱਪ ਮੈਸੇਜ ਕਰਕੇ ਮੰਗਵਾਈ ਜਾ ਸਕਦੀ ਹੈ। ਇਸ ਮੌਕੇ ਰਣਜੀਤ ਸਿੰਘ (ਸੰਪਾਦਕ ਫ਼ਤਹਿਨਾਮਾ), ਭੁਪਿੰਦਰ ਸਿੰਘ ਛੇ ਜੂਨ, ਮਨਪ੍ਰੀਤ ਸਿੰਘ ਮੰਨਾ, ਗਗਨਦੀਪ ਸਿੰਘ ਸੁਲਤਾਨਵਿੰਡ, ਸੁਖਵਿੰਦਰ ਸਿੰਘ ਨਿਜ਼ਾਮਪੁਰ, ਗੁਰਦੀਪ ਸਿੰਘ ਲੋਹਾਰਾ, ਜਸਕਰਨ ਸਿੰਘ ਪੰਡੋਰੀ ਹਾਜ਼ਰ ਸਨ।

# ਖਟਾਸ 'ਚ ਮਿਠਾਸ: ਪੰਜਾਬ ਸਰਕਾਰ ਵੱਲੋਂ ਰਾਜਪਾਲ ਨੂੰ ਜੁਆਬ ਭੇਜਣੇ ਸ਼ੁਰੂ



ਚੰਡੀਗੜ੍ਹ : ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੀ ਖਿੱਚੋਤਾਣ ਦਰਮਿਆਨ ਦੋਵੇਂ ਧਿਰਾਂ ਦੇ ਸੁਰ ਨਰਮ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕੌਮੀ ਖੇਡ ਦਿਵਸ ਮੌਕੇ ਪੰਜਾਬ ਦੀ ਰੱਜਵੀਂ ਤਾਰੀਫ਼ ਕੀਤੀ ਸੀ ਅਤੇ ਮੀਡੀਆ ਅੱਗੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ। ਇਧਰ, ਪੰਜਾਬ ਸਰਕਾਰ ਨੇ ਰਾਜਪਾਲ ਵੱਲੋਂ ਭੇਜੇ ਪੱਤਰਾਂ ਦੇ ਜੁਆਬ ਦੇਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਕੁੜੱਤਣ ਘਟਾਉਣ ਵੱਲ ਕਦਮ ਵਧਾਏ ਜਾ ਸਕਣ। ਰਾਜਪਾਲ ਨੇ ਹੁਣ ਤੱਕ ਕੁੱਲ 16 ਪੱਤਰ ਪੰਜਾਬ ਸਰਕਾਰ ਨੂੰ ਭੇਜੇ ਹਨ ਜਿਨ੍ਹਾਂ ਦੀ ਚਰਚਾ ਉਹ ਕਈ ਵਾਰ ਮੀਡੀਆ ਕੋਲ ਕਰ ਚੁੱਕੇ ਹਨ। ਇਵੇਂ ਹੀ ਮੁੱਖ ਮੰਤਰੀ ਵੀ ਆਖ ਚੁੱਕੇ ਹਨ ਕਿ 9 ਪੱਤਰਾਂ ਦਾ ਜੁਆਬ ਭੇਜਿਆ ਜਾ ਚੁੱਕਾ ਹੈ। ਹੁਣ ਪੰਜਾਬ ਸਰਕਾਰ ਨੇ ਬਾਕੀ ਪੱਤਰਾਂ ਦੇ ਜੁਆਬ ਵੀ ਭੇਜਣੇ ਸ਼ੁਰੂ ਕਰ ਦਿੱਤੇ ਹਨ। ਸੂਤਰਾਂ ਅਨੁਸਾਰ ਬਕਾਇਆ ਪਏ ਛੇ ਪੱਤਰਾਂ ਦੇ ਜੁਆਬ ਤਿਆਰ ਕਰ ਲਏ ਗਏ ਹਨ ਅਤੇ ਇਨ੍ਹਾਂ ਚੋਂ ਇੱਕ ਇੱਕ ਕਰਕੇ ਪੱਤਰਾਂ ਦੇ ਜੁਆਬ ਰਾਜ ਭਵਨ ਨੂੰ ਜਾਣੇ ਸ਼ੁਰੂ ਹੋ ਗਏ ਹਨ। ਕਰੀਬ ਇੱਕ ਹਫ਼ਤੇ ਵਿਚ ਸਾਰੇ ਪੱਤਰਾਂ ਦੇ ਜੁਆਬ ਦੇਣ ਨੂੰ ਸਰਕਾਰ ਯਕੀਨੀ ਬਣਾ ਰਹੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਚੇਤੇ ਰਹੇ ਕਿ ਇਨ੍ਹਾਂ ਪੱਤਰਾਂ ਨੂੰ ਲੈ ਕੇ ਵੱਡਾ ਬਿਖੇੜਾ ਖੜ੍ਹਾ ਹੋਇਆ ਸੀ। ਸੁਪਰੀਮ ਕੋਰਟ ਨੇ ਵੀ ਸਰਕਾਰ ਨੂੰ ਇਨ੍ਹਾਂ ਪੱਤਰਾਂ ਦੇ ਜੁਆਬ ਦੇਣ ਲਈ ਕਿਹਾ ਸੀ। ਦੋਵਾਂ ਧਿਰਾਂ ਨੇ ਪਹਿਲੀ ਦਫ਼ਾ ਸੁਖਾਵਾਂ ਮਾਹੌਲ ਬਣਾਉਣ ਵਾਲੇ ਸੰਕੇਤ ਦਿੱਤੇ ਹਨ। ਸਿਆਸੀ ਹਲਕਿਆਂ ਨੂੰ ਹਾਲੇ ਯਕੀਨ ਨਹੀਂ ਬੱਝ ਰਿਹਾ ਕਿ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਸੁਰ ਸਦੀਵੀ ਬਣ ਸਕਣਗੇ ਕਿਉਂਕਿ ਦੋਵਾਂ ਧਿਰਾਂ ਨੇ ਸਿਆਸੀ ਲੜਾਈ ਨੂੰ ਸਿਖਰ 'ਤੇ ਲਿਆਂਦਾ ਸੀ। ਸਿਖਰ ਉਦੋਂ ਹੋਇਆ ਜਦੋਂ ਰਾਜਪਾਲ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਗਾਏ ਜਾਣ ਦੀ ਸਿਫ਼ਾਰਸ਼ ਕੀਤੇ ਜਾਣ ਦੀ ਚਿਤਾਵਨੀ ਦੇ ਦਿੱਤੀ ਸੀ। ਹੁਣ ਜਦੋਂ ਪੰਜਾਬ ਸਰਕਾਰ ਨੇ ਰਾਜਪਾਲ ਦੇ ਬਕਾਇਆ ਪਏ ਪੱਤਰਾਂ ਦੇ ਜੁਆਬ ਦੇਣੇ ਸ਼ੁਰੂ ਕਰ ਦਿੱਤੇ ਹਨ ਤਾਂ ਰਾਜਪਾਲ ਕੋਲ ਇਸ ਮਾਮਲੇ 'ਚ ਹੁਣ ਕਹਿਣ ਲਈ ਕੋਈ ਗੱਲ ਬਾਕੀ ਨਹੀਂ ਬਚੇਗੀ। ਪਿਛਲੇ ਕੁਝ ਦਿਨਾਂ ਤੋਂ ਰਾਜਪਾਲ ਤੇ ਮੁੱਖ ਮੰਤਰੀ ਨੇ ਚੁੱਪ ਵੱਟੀ ਹੋਈ ਹੈ। ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੀ ਖਿੱਚੋਤਾਣ ਕਾਰਨ ਸੂਬੇ ਦਾ ਕੰਮ ਪ੍ਰਭਾਵਿਤ ਹੋਇਆ ਹੈ। ਸੂਬਾ ਸਰਕਾਰ ਦੀ ਬਹੁਤੀ ਊਰਜਾ ਇਸ ਪਾਸੇ ਲੱਗ ਰਹੀ ਸੀ। ਛੇ ਬਿੱਲ ਵੀ ਰਾਜਪਾਲ ਕੋਲ ਬਕਾਇਆ ਪਏ ਹਨ, ਜਿਨ੍ਹਾਂ ਦੇ ਰੁਕਣ ਕਰਕੇ ਬਿੱਲ ਕਾਨੂੰਨੀ ਰੂਪ ਨਹੀਂ ਲੈ ਸਕੇ ਹਨ। ਪੰਜਾਬ ਸਰਕਾਰ ਨੂੰ ਇਸ ਸਿਆਸੀ ਲੜਾਈ ਕਰਕੇ ਆਖ਼ਰ ਸੁਪਰੀਮ ਕੋਰਟ ਤੱਕ ਜਾਣਾ ਪਿਆ ਹੈ। ਪੰਜਾਬ ਨੂੰ ਇਹ ਆਢਾ ਵਾਰਾ ਨਹੀਂ ਖਾਂਦਾ ਹੈ ਕਿਉਂਕਿ ਪੰਜਾਬ ਸੰਕਟਾਂ ਚੋਂ ਗੁਜ਼ਰ ਰਿਹਾ ਹੈ। ਸਿਆਸੀ ਧਿਰਾਂ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਨੂੰ ਕੋਈ ਮਨਾਉਣ ਵਾਲਾ ਵੀ ਨਹੀਂ ਸੀ।

# ਵਿਜੀਲੈਂਸ ਬਿਊਰੋ ਵੱਲੋਂ ਮਨਪ੍ਰੀਤ ਬਾਦਲ ਖ਼ਿਲਾਫ਼ ਜਾਂਚ ਨੂੰ ਅੰਤਿਮ ਛੋਹਾਂ

## ਜਾਂਚ ਵਿਚ ਵਿਜੀਲੈਂਸ ਹੱਥ ਲੱਗੇ ਕਈ ਤਕਨੀਕੀ ਨੁਕਤੇ



ਚੰਡੀਗੜ੍ਹ : ਵਿਜੀਲੈਂਸ ਬਿਊਰੋ ਨੇ ਭਾਜਪਾ ਆਗੂ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਜਾਂਚ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਹਨ ਅਤੇ ਹੁਣ ਕਿਸੇ ਵਕਤ ਵੀ ਸਾਬਕਾ ਮੰਤਰੀ ਖ਼ਿਲਾਫ਼ ਕਾਰਵਾਈ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਮਨਪ੍ਰੀਤ ਬਾਦਲ ਅਤੇ ਉਨ੍ਹਾਂ ਦਾ ਨੇੜਲਾ ਰਿਸ਼ਤੇਦਾਰ ਇਸ ਵੇਲੇ ਪੰਜਾਬ ਤੋਂ ਬਾਹਰ ਹਨ। ਸੂਤਰਾਂ ਅਨੁਸਾਰ ਮਨਪ੍ਰੀਤ ਵਿਦੇਸ਼ ਗਏ ਹੋਏ ਹਨ। ਵਿਜੀਲੈਂਸ ਹੱਥ ਕੁੱਝ ਤਕਨੀਕੀ ਨੁਕਤੇ ਲੱਗੇ ਹਨ, ਜਿਨ੍ਹਾਂ ਨੇ ਜਾਂਚ ਨੂੰ ਕਾਨੂੰਨੀ ਤੌਰ 'ਤੇ ਬਲ ਦਿੱਤਾ ਹੈ।

ਵਿਜੀਲੈਂਸ ਜਾਂਚ 'ਚ ਬਠਿੰਡਾ ਵਿਕਾਸ ਅਥਾਰਿਟੀ ਦੇ ਸੀਨੀਅਰ ਅਧਿਕਾਰੀ ਵੀ ਨਿਸ਼ਾਨੇ 'ਤੇ ਆ ਗਏ ਹਨ ਜਿਨ੍ਹਾਂ ਨੇ ਸਾਬਕਾ ਮੰਤਰੀ ਨੂੰ ਅਸਿੱਧੇ ਤਰੀਕੇ ਨਾਲ 1560 ਵਰਗ ਗਜ਼ ਦੇ ਦੋ ਪਲਾਂਟ ਦੇਣ ਵਿਚ ਭੂਮਿਕਾ ਨਿਭਾਈ ਹੈ। ਵੇਰਵਿਆਂ ਅਨੁਸਾਰ ਮਨਪ੍ਰੀਤ ਬਾਦਲ ਨੇ ਕਾਂਗਰਸ ਸਰਕਾਰ ਦੌਰਾਨ ਬਠਿੰਡਾ ਦੇ ਅਰਬਨ ਅਸਟੇਟ ਵਿਚ ਦੋ ਰਿਹਾਇਸ਼ੀ ਪਲਾਟ ਰਾਜੀਵ ਕੁਮਾਰ ਅਤੇ ਵਿਕਾਸ ਕੁਮਾਰ ਤੋਂ ਖ਼ਰੀਦੇ ਸਨ। ਬਠਿੰਡਾ ਵਿਕਾਸ ਅਥਾਰਿਟੀ ਤੋਂ ਪਲਾਟ ਖ਼ਰੀਦਣ ਲਈ ਵਿਕਾਸ ਤੇ ਰਾਜੀਵ ਨੇ 27 ਸਤੰਬਰ 2021 ਨੂੰ ਆਨਲਾਈਨ ਬੋਲੀ ਦਿੱਤੀ ਸੀ। ਬੋਲੀ ਵਿਚ ਅਮਨਦੀਪ ਨਾਂ ਦੇ ਤੀਜੇ ਵਿਅਕਤੀ ਨੇ ਵੀ ਸ਼ਮੂਲੀਅਤ ਕੀਤੀ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਬੋਲੀਕਾਰਾਂ ਨੇ ਇੱਕੋ ਕੰਪਿਊਟਰ ਤੋਂ ਬੋਲੀ ਦਿੱਤੀ। ਰਾਜੀਵ ਤੇ ਵਿਕਾਸ ਦੇ ਬੋਲੀ ਵਿਚ ਸ਼ਮੂਲੀਅਤ ਲਈ ਐਡਵਾਂਸ ਰਾਸ਼ੀ ਦੇ ਚਲਾਨ ਵੀ ਇੱਕੋ ਸੀਰੀਅਲ ਨੰਬਰ ਵਾਲੇ ਸਨ। ਦੋਵਾਂ ਦੇ ਅਸ਼ਟਾਮ ਇੱਕੋ ਸੀਰੀਅਲ ਨੰਬਰ ਵਾਲੇ ਤੇ ਦੋਵਾਂ ਦੇ ਗਵਾਹ ਵੀ ਇਕੋ ਹੀ ਸਨ।

ਜਾਂਚ ਅਨੁਸਾਰ ਬੋਲੀ ਫਾਈਨਲ ਹੋਣ ਤੋਂ ਬਾਅਦ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਨੇ 30 ਸਤੰਬਰ 2021 ਨੂੰ ਰਾਜੀਵ ਤੇ ਵਿਕਾਸ ਨਾਲ ਦੋਵੇਂ ਪਲਾਟ ਖ਼ਰੀਦਣ ਦਾ ਐਗਰੀਮੈਂਟ ਕਰ ਲਿਆ ਅਤੇ 4 ਅਕਤੂਬਰ ਨੂੰ ਦੋਵਾਂ ਦੇ ਖਾਤਿਆਂ ਵਿਚ ਕਰੀਬ ਇੱਕ ਕਰੋੜ ਦੀ ਰਾਸ਼ੀ ਵੀ ਟਰਾਂਸਫ਼ਰ ਕਰ ਦਿੱਤੀ। ਖਾਤਿਆਂ ਵਿਚ ਇਹ ਰਾਸ਼ੀ ਆਉਣ ਮਗਰੋਂ 5 ਅਕਤੂਬਰ ਨੂੰ ਰਾਜੀਵ ਤੇ ਵਿਕਾਸ ਨੇ ਬਠਿੰਡਾ ਵਿਕਾਸ ਅਥਾਰਿਟੀ ਕੋਲ ਪਹਿਲੀ ਕਿਸ਼ਤ ਦੀ 25 ਫ਼ੀਸਦੀ ਰਾਸ਼ੀ ਜਮ ?ਹਾਂ ਕਰਾ ਦਿੱਤੀ। ਵਿਜੀਲੈਂਸ ਅਧਿਕਾਰੀ ਦਾ ਕਹਿਣਾ ਹੈ ਕਿ ਮਨਪ੍ਰੀਤ ਵੱਲੋਂ ਟਰਾਂਸਫ਼ਰ ਕੀਤੀ ਰਾਸ਼ੀ ਹੀ ਅੱਗੇ ਵਿਕਾਸ ਤੇ ਰਾਜੀਵ ਨੇ ਬਠਿੰਡਾ ਵਿਕਾਸ ਅਥਾਰਿਟੀ ਕੋਲ ਜਮ ?ਹਾਂ ਕਰਾਈ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਸਭ ਕੁਝ ਮਿਲ ਮਿਲਾ ਕੇ ਹੀ ਚੱਲ ਰਿਹਾ ਸੀ। ਰਾਜੀਵ ਤੇ ਵਿਕਾਸ ਤੇ ਖਾਤਿਆਂ ਵਿਚ ਅੱਗੇ ਪਿੱਛੇ ਕੋਈ ਪੈਸਾ ਨਹੀਂ ਆਇਆ ਸੀ।

ਬਠਿੰਡਾ ਵਿਕਾਸ ਅਥਾਰਿਟੀ (ਬੀਡੀਏ) ਨੇ 8 ਅਕਤੂਬਰ ਨੂੰ ਰਾਜੀਵ ਤੇ ਵਿਕਾਸ ਨੂੰ ਦੋਵਾਂ ਪਲਾਟਾਂ ਦਾ ਅਥਾਰਟੀ ਲੈਟਰ ਜਾਰੀ ਕੀਤਾ ਸੀ, ਪ੍ਰੰਤੂ ਮਨਪ੍ਰੀਤ ਬਾਦਲ ਨੇ ਰਾਜੀਵ ਤੇ ਵਿਕਾਸ ਨਾਲ ਉਨ੍ਹਾਂ ਦੇ ਇਨ੍ਹਾਂ ਪਲਾਟਾਂ ਦਾ ਮਾਲਕ ਬਣਨ ਤੋਂ ਪਹਿਲਾਂ ਹੀ ਐਗਰੀਮੈਂਟ ਵੀ ਕਰ ਲਿਆ ਸੀ। ਐਗਰੀਮੈਂਟ 30 ਸਤੰਬਰ ਨੂੰ ਕੀਤਾ ਗਿਆ ਜਦੋਂ ਕਿ ਇਹ ਦੋਵੇਂ ਜਣੇ 8 ਅਕਤੂਬਰ ਨੂੰ ਪਲਾਟਾਂ ਦੇ ਮਾਲਕ ਬਣੇ ਸਨ। ਇਸੇ ਤਰ੍ਹਾਂ ਆਨਲਾਈਨ ਬੋਲੀ ਵਿਚ ਬੀਡੀਏ ਦੀ ਮਹਿਲਾ ਅਧਿਕਾਰੀ ਦੇ ਡਿਜੀਟਲ ਦਸਤਖ਼ਤ 26 ਸਤੰਬਰ ਨੂੰ ਐਕਸਪਾਇਰ ਹੋ ਜਾਂਦੇ ਹਨ ਕਿਉਂਕਿ ਇਸ ਅਧਿਕਾਰੀ ਦੀ ਬਦਲੀ ਹੋ ਚੁੱਕੀ ਸੀ। 27 ਸਤੰਬਰ ਨੂੰ ਬੋਲੀ ਫਾਈਨਲ ਹੁੰਦੀ ਹੈ ਜਦੋਂ ਕਿ ਨਵੇਂ ਅਧਿਕਾਰੀ ਨੂੰ ਡਿਜੀਟਲ ਦਸਤਖ਼ਤਾਂ ਦਾ ਅਧਿਕਾਰ 28 ਸਤੰਬਰ ਨੂੰ ਮਿਲਦਾ ਹੈ। 27 ਸਤੰਬਰ ਦੀ ਬੋਲੀ ਕਿਸ ਦੇ ਡਿਜੀਟਲ ਦਸਤਖਤਾਂ ਹੇਠ ਹੋਈ, ਇਸ ਦਾ ਭੇਤ ਬਣਿਆ ਹੋਇਆ ਹੈ। ਬੋਲੀ ਦੌਰਾਨ ਜਿਹੜਾ ਆਨਲਾਈਨ ਨਕਸ਼ਾ ਅਪਲੋਡ ਕੀਤਾ ਗਿਆ, ਉਸ 'ਤੇ ਪਲਾਟਾਂ ਦੇ ਨੰਬਰ ਹੀ ਨਹੀਂ ਸਨ। ਇੱਕ ਸੀਨੀਅਰ ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਜਾਂਚ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਕਾਨੂੰਨੀ ਪੱਖਾਂ ਦੀ ਘੋਖ ਵੀ ਕਰ ਲਈ ਗਈ ਹੈ। ਦਿਲਚਸਪ ਤੱਥ ਹਨ ਕਿ ਬੀਡੀਏ ਤੋਂ ਆਨ ਲਾਈਨ ਬੋਲੀ ਜ਼ਰੀਏ ਪਲਾਟ ਲੈਣ ਵਾਲੇ ਰਾਜੀਵ ਤੇ ਵਿਕਾਸ 8 ਅਕਤੂਬਰ ਨੂੰ ਖ਼ੁਦ ਮਾਲਕ ਬਣਦੇ ਹਨ ਅਤੇ ਹਫ਼ਤੇ ਮਗਰੋਂ ਹੀ ਤਤਕਾਲੀ ਮੁੱਖ ਮੰਤਰੀ ਚਰਨਜੀਤ ਚੰਨੀ 15 ਅਕਤੂਬਰ 2021 ਨੂੰ ਬਠਿੰਡਾ ਵਿਖੇ ਮਨਪ੍ਰੀਤ ਬਾਦਲ ਦੀ ਨਵੀਂ ਰਿਹਾਇਸ਼ (ਵਿਵਾਦਿਤ ਪਲਾਟ) ਦੀ ਨੀਂਹ ਵਿਚ ਇੱਟ ਰੱਖ ਕੇ ਮਹੂਰਤ ਵੀ ਕਰ ਦਿੰਦੇ ਹਨ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਦਰਮਿਆਨ ਸ਼ਬਦੀ ਜੰਗ ਵੀ ਚੱਲੀ ਹੈ ਅਤੇ ਮਨਪ੍ਰੀਤ ਬਾਦਲ ਆਖ ਚੁੱਕੇ ਹਨ ਕਿ ਪੰਜਾਬ ਸਰਕਾਰ ਸਿਆਸੀ ਬਦਲਾਖੋਰੀ ਤਹਿਤ ਜਾਂਚ ਕਰ ਰਹੀ ਹੈ, ਜਿਸ ਵਿਚ ਕੋਈ ਸੱਚਾਈ ਨਹੀਂ ਹੈ

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕੈਲੀਫੋਰਨੀਆ ਕਾਰੋਬਾਰੀ ਮਾਲਕਾਂ, ਸੰਸਦ ਮੈਂਬਰਾਂ ਨੇ ਖਤਰਨਾਕ ਚੋਰ ਨੀਤੀਆਂ ਵਿਰੁੱਧ ਗਵਰਨਰ ਹਾਊਸ ਸਾਹਮਣੇ ਪੰਜਾਬੀ ਸਟੋਰ ਮਾਲਕਾਂ ਵਲੋਂ ਭਾਰੀ ਰੋਸ ਮੁਜ਼ਾਹਰਾ







ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਕੈਲੀਫ਼ੋਰਨੀਆ ਸੂਬੇ ਵਿੱਚ SB 553 ਨਾਂ ਦਾ ਬਿੱਲ ਸਟੇਟ ਸੈਨੇਟਰ ਡੇਵ ਕੋਰਟੀਜ਼ ਦੁਆਰਾ ਪੇਸ਼ ਕੀਤਾ ਗਿਆ ਸੀ, ਜੋ ਕਿ ਹਾਲ ਹੀ ਵਿੱਚ ਕੰਮ ਵਾਲੀ ਥਾਂ 'ਤੇ, ਬੇ ਏਰੀਆ ਵਿੱਚ ਹੋਈਆਂ ਗੋਲੀਬਾਰੀ ਦੇ ਮੱਦੇਨਜ਼ਰ ਪੇਸ਼ ਕੀਤਾ ਗਿਆ ਸੀ। ਹਾਲਾਂ ਕਿ, ਬਿੱਲ ਦਾ ਵਿਰੋਧ ਕਰਨ ਵਾਲੇ ਛੋਟੇ ਕਾਰੋਬਾਰੀ ਤੇ ਰੀਟੇਲਰਾਂ ਦਾ ਕਹਿਣਾ ਹੈ ਕਿ ਇਸ ਨਾਲ ਅਪਰਾਧੀਆਂ ਦੀ ਸੁਰੱਖਿਆ ਹੋਵੇਗੀ ਅਤੇ ਚੋਰੀ ਦੇ ਅਪਰਾਧਾਂ ਦੀ ਗੱਲ ਆਉਣ 'ਤੇ ਛੋਟੇ ਕਾਰੋਬਾਰੀਆਂ ਨੂੰ ਨੁਕਸਾਨ ਹੋਵੇਗਾ ਕਿਉਂਕਿ ਇਹ ਬਿੱਲ ਸਟੋਰ ਮਾਲਕਾਂ ਅਤੇ ਕਰਮਚਾਰੀਆਂ ਨੂੰ ਚੋਰਾਂ ਦੇ ਵਿਰੁੱਧ ਲੜਨ ਤੋਂ ਮਨ੍ਹਾ ਕਰੇਗਾ। ਰਾਜ ਦੀ ਰਾਜਧਾਨੀ ਵਿੱਚ ਆਯੋਜਿਤ ਇੱਕ ਰੈਲੀ ਦੇ ਅਨੁਸਾਰ, ਬਹੁਤ ਸਾਰੇ ਛੋਟੇ ਕਾਰੋਬਾਰੀ ਮਾਲਕਾਂ, ਕਾਨੂੰਨ ਨਿਰਮਾਤਾਵਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਕਰਮਚਾਰੀਆਂ ਦਾ ਕਹਿਣਾ ਹੈ ਕਿ ਇਹ ਬਿੱਲ ਦੁਕਾਨਦਾਰੀ ਨੂੰ ਉਤਸ਼ਾਹਿਤ ਕਰੇਗਾ ਅਤੇ ਅਪਰਾਧ ਵਿੱਚ ਵਾਧਾ ਕਰੇਗਾ। ਐਲ ਡਰਾਡੋ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਵਰਨ ਪੀਅਰਸਨ ਨੇ ਕਿਹਾ ਕਿ ਕੈਲੀਫੋਰਨੀਆ ਜਨਤਕ ਨੀਤੀ ਦੇ ਮਾੜੇ ਫੈਸਲਿਆਂ ਦੇ ਨਤੀਜੇ ਵਜੋਂ ਤੇਜ਼ੀ ਨਾਲ ਕਾਨੂੰਨਹੀਣ ਹੁੰਦਾ ਜਾ ਰਿਹਾ ਹੈ ਜੋ ਜ਼ਰੂਰੀ ਤੌਰ 'ਤੇ ਜਾਇਦਾਦ ਦੇ ਅਪਰਾਧ ਅਤੇ ਹਾਰਡ-ਕੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਅਪਰਾਧੀ ਬਣਾ ਦਿੰਦੇ ਹਨ। 'ਸੈਕਰਾਮੈਂਟੋ ਲਈ ਸਮਾਂ ਆ ਗਿਆ ਹੈ ਕਿ ਉਹ ਨਿਰਦੋਸ਼ ਕੈਲੀਫੋਰਨੀਆ ਦੇ ਲੋਕਾਂ ਤੇ SB 553 ਲਈ ਸਾਰੇ ਕਾਰੋਬਾਰਾਂ, ਇੱਥੋਂ ਤੱਕ ਕਿ ਛੋਟੇ ਕਾਰੋਬਾਰਾਂ ਨੂੰ ਵੀ, ਹੋਣ ਵਾਲੇ ਨੁਕਸਾਨ ਲਈ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਣਾ ਸ਼ੁਰੂ ਕਰੇ। ਸੈਨੇਟਰ ਬ੍ਰਾਇਨ ਡਾਹਲੇ, ਜੋ ਇੱਕ ਕਾਰੋਬਾਰੀ ਮਾਲਕ ਵੀ ਹੈ, ਨੇ ਇਸ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਇੱਕ ਇਸ ਬਿੱਲ ਆਉਣ ਨਾਲ ਛੋਟੇ ਕਾਰੋਬਾਰੀ ਮਾਲਕ ਜਿਨ੍ਹਾਂ ਦੇ ਗੈਸ ਸਟੇਸ਼ਨ, ਲਿਕਰ ਸਟੋਰ ਅਤੇ ਛੋਟੇ ਹੋਟਲ ਦੇ ਮਾਲਕ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ 'ਛੋਟੇ ਕਾਰੋਬਾਰਾਂ 'ਤੇ ਮੁਕੱਦਮੇ ਦੇ ਅਟਾਰਨੀ ਅਤੇ ਉਨ੍ਹਾਂ ਦੇ ਪਿੱਛੇ ਆਉਣ ਵਾਲੇ ਲੋਕਾਂ ਦੁਆਰਾ ਹਮਲੇ ਕੀਤੇ ਜਾ ਰਹੇ ਹਨ, ਅਤੇ ਇਹ ਬਿੱਲ ਉਨ੍ਹਾਂ ਨੂੰ ਸਥਾਨਕ ਕਾਰੋਬਾਰੀ ਮਾਲਕਾਂ 'ਤੇ ਮੁਕੱਦਮਾ ਕਰਨ ਦਾ ਇੱਕ ਵੱਡਾ ਮੌਕਾ ਦੇਵੇਗਾ। ਸੈਕ ਵੈਲੀ ਟਰੱਕ ਸਟਾਪ ਦੇ ਮਾਲਕ ਪਰਮਜੀਤ ਖਹਿਰਾ ਨੇ ਕਿਹਾ, "ਐਸਬੀ 533 ਸਾਰੇ ਦੁਕਾਨਦਾਰਾਂ ਨੂੰ ਸਟੋਰ ਵਿੱਚ ਆਉਣ ਅਤੇ ਉਹਨਾਂ ਨੂੰ ਜੋ ਵੀ ਚਾਹੀਦਾ ਹੈ ਉਸਨੂੰ ਲੈਣ ਦੀ ਇਜਾਜ਼ਤ ਦਿੰਦਾ ਹੈ। ਜੇ ਕੇ ਐਸ ਡੀ ਗੈਸ ਅਤੇ ਮਿੰਨੀ ਮਾਰਟਸ ਦੇ ਜਸਕਰਨ ਸਹੋਤਾ ਨੇ ਕਿਹਾ, ਇੱਥੇ ਹਰ ਕਾਰੋਬਾਰੀ ਮਾਲਕ ਨੇ ਅਮਰੀਕੀ ਸੁਪਨੇ ਨੂੰ ਪੂਰਾ ਲਈ ਸਖ਼ਤ ਮਿਹਨਤ ਕੀਤੀ ਹੈ। ਅਸੀਂ ਨੌਕਰੀਆਂ ਪੈਦਾ ਕਰਦੇ ਹਾਂ, ਟੈਕਸ ਅਦਾ ਕਰਦੇ ਹਾਂ ਅਤੇ ਆਪਣੇ ਭਾਈਚਾਰਿਆਂ ਦੀ ਸੇਵਾ ਕਰਦੇ ਹਾਂਤੇ ਇਹ ਬਿੱਲ ਛੋਟੇ ਬਿਜਨਸ ਨੂੰ ਖਤਮ ਕਰ ਦੇਵੇਗਾ। ਦੱਸਣਯੋਗ ਹੈ ਕਿ ਦੂਜੇ ਪਾਸੇ ਡਿਸਟ੍ਰਿਕਟ 3 ਦੀ ਨੁਮਾਇੰਦਗੀ ਕਰਨ ਵਾਲੇ ਅਸੈਂਬਲੀਮੈਨ ਜੇਮਜ਼ ਗੈਲਾਗਰ ਨੇ ਕਿਹਾ, "ਬਹੁਤ ਹੋ ਗਿਆ ਹੈ, ਸਾਨੂੰ ਕੈਲੀਫੋਰਨੀਆ ਵਿੱਚ ਦੁਬਾਰਾ ਅਪਰਾਧ ਨੂੰ ਗੈਰ-ਕਾਨੂੰਨੀ ਬਣਾਉਣਾ ਪਵੇਗਾ। ਇਸ ਮੌਕੇ ਵੱਖ ਵੱਖ ਪੰਜਾਬੀ ਬਿਜਨਸਮੈਨ ਨੇ ਵੀ ਇਸ ਬਿੱਲ ਖਿਲਾਫ ਆਪਣੇ ਰੋਸ ਵਜੋਂ ਵਿਚਾਰ ਰੱਖੇ।

**ਪਿਛਲੇ ਹਫਤੇ ਪੰਜਾਬੀ ਸਟੋਰਾਂ ਦੀ ਇੱਕ ਜਥੇਬੰਦੀ ਨੇ ਆਪਣੇ ਪ੍ਰੈਸ ਨੋਟ 'ਚ ਕਿਹਾ ਸੀ ਕਿ ਇਸ ਬਿੱਲ ਉਪਰ ਸਾਡਾ ਸਮਝੌਤਾ ਹੋ ਗਿਆ ਹੈ ਪਰ ਕੁਝ ਦਿਨ ਬਾਅਦ ਹੀ ਦੂਜੇ ਗਰੁੱਪ ਨੇ ਇਸ ਬਿੱਲ ਖਿਲਾਫ ਇਹ ਭਾਰੀ ਮੁਜਾਹਰਾ ਕੀਤਾ ਅਤੇ ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਵਾਰ ਰੋਸ ਮਾਰਚ 'ਚ 90% ਪੰਜਾਬੀ ਹੀ ਸਨ ਅਤੇ ਬਾਕੀ ਕਮਿਉਨਟੀਆਂ ਦੀ ਗੈਰਹਾਜ਼ਰੀ ਰੜਕਦੀ ਰਹੀ 'ਸਾਡੇ ਲੋਕ' ਅਖਬਾਰ ਵਲੋਂ ਕੁਝ ਲੋਕਾਂ ਨਾਲ ਗਲਬਾਤ ਕਰਨ 'ਤੇ ਪਤਾ ਲੱਗਾ ਕਿ ਇਸ ਬਿੱਲ ਖਿਲਾਫ ਉਹ ਹੋਰ ਵੱਖ ਵੱਖ ਕਮਿਉਨਟੀ ਦੇ ਸਟੋਰ ਮਾਲਕਾਂ ਨਾਲ ਸੰਪਰਕ ਕਰ ਰਹੇ ਹਨ।**


















# ਕਲਾ ਅਤੇ ਸਾਹਿਤ ਦਾ ਸੰਗਮ ਹੈ ਬੱਗਾ ਸਿੰਘ ਆਰਟਿਸਟ

## ਗਿਆਨੀ ਹਰਕੇਵਲ ਸਿੰਘ ਸੈਲਾਨੀ ਜੀ ਦੀ ਪ੍ਰੇਰਨਾ ਸਦਕਾ ਹੀ ਉਹ ਵਿਸ਼ਵ ਦੇ ਮਹਾਨ ਚਿੱਤਰਕਾਰ ਪਦਮ ਸ੍ਰੀ ਸੋਭਾ ਸਿੰਘ ਜੀ ਦੇ ਸ਼ਾਗਿਰਦ ਬਣੇ











ਦਲਜੀਤ ਸਿੰਘ ਅਜਨੋਹਾ
98721-83601

ਕਿਸੇ ਵੀ ਕੰਮ ਨੂੰ ਜਦੋਂ ਕੋਈ ਵਿਅਕਤੀ ਮਿਹਨਤ ਲਗਨ ਨਾਲ ਕਰਨ ਲਗ ਪਵੇ ਤਾਂ ਨਿਰੰਤਰ ਮੰਜ਼ਿਲਾਂ ਉਸ ਨੂੰ ਆਪਣੇ ਆਪ ਪ੍ਰਾਪਤ ਹੋਣ ਲਗ ਪੈਂਦੀਆਂ ਹਨ ਤੇ ਉਸ ਵਲੋਂ ਕੀਤੇ ਜਾ ਰਹੇ ਕੰਮ ਲੋਕਾਂ ਵਲੋਂ ਸਰਾਹੇ ਜਾਣ ਲੱਗ ਪੈਂਦੇ ਹਨ ਜਿਸ ਨਾਲ ਉਸ ਵਿਆਕਤੀ ਨੂੰ ਇਸ ਗੱਲ ਦਾ ਯਕੀਨ ਹੋ ਜਾਂਦਾ ਹੈ ਕਿ ਇਹ ਸਹੀ ਰਾਹ ਤੇ ਚੱਲ ਰਿਹਾ ਹੈ ਅਤੇ ਕਈ ਵਾਰ ਉਨਾਂ ਸਾਥੀਆਂ ਮਿੱਤਰਾਂ, ਸਹਿਯੋਗੀਆਂ ਦਾ ਵੀ ਸਾਥ ਇਤਿਹਾਸ ਬਣ ਜਾਂਦਾ ਹੈ ਜਿਹੜੇ ਸਮੇ ਸਮੇਂ ਤੇ ਮਾਰਗ ਦਰਸ਼ਨ ਕਰਦੇ ਰਹਿਣ ਤੇ ਲੋੜ ਪੈਣ ਤੇ ਸਹਾਇਤਾ ਵੀ ਕਰਨ ਇਸ ਤਰ੍ਹਾਂ ਦੇ ਸਾਥੀਆਂ ਨਾਲ ਜੀਵਨ ਦੀ ਦਿਸ਼ਾ ਹੀ ਬਦਲ ਜਾਂਦੀ ਹੈ ਸੋ ਅੱਜ ਦੀ ਇਸ ਸ਼ਖ਼ਸੀਅਤ ਵੀ ਕੁਝ ਇਸੇ ਤਰ੍ਹਾਂ ਦੇ ਹਨ ਜਿਨਾ ਨੇ ਪਹਿਲਾ ਸਰਕਾਰੀ ਅਧਿਆਪਕ ਵਜੋਂ ਵਿਦਿਆ ਦੇ ਖੇਤਰ ਵਿਚ ਸੇਵਾਵਾਂ ਦਿੱਤੀਆਂ ਤੇ ਨਾਲ ਹੀ ਆਪਣੇ ਸ਼ੋਕ ਜੋਂ ਉਨਾਂ ਨੂੰ ਬਚਪਨ ਤੋਂ ਹੀ ਸੀ ਕਲਾ ਦਾ ਉਸ ਨੂੰ ਵੀ ਨਿਖਾਰਿਆ ਤੇ ਵੱਖ ਵੱਖ ਦੇਸ਼ਾਂ ਵਿੱਚ ਆਪਣੀ ਕਲਾਂ ਦੇ ਨਾਲ ਨਾਮਣਾ ਖੱਟਿਆ ਤੇ ਪ੍ਰਸਿੱਧੀ ਪ੍ਰਾਪਤ ਕੀਤੀ ਤੇ ਇਹ ਸ਼ਖ਼ਸੀਅਤ ਹਨ ਬੱਗਾ ਸਿੰਘ ਆਰਟਿਸਟ ਉਨਾਂ ਨਾਲ ਕੀਤੀ ਗੱਲਬਾਤ ਦੇ ਅੰਸ਼ ਸ਼ਬਦਾਂ ਦੇ ਰੂਪ ਵਿਚ ਆਪਣੇ ਪਾਠਕਾਂ ਦੇ ਨਾਲ ਸਾਂਝੇ ਕਰਨ ਦਾ ਉਪਰਾਲਾ ਕਰ ਰਿਹਾ ਹੈ

ਕਲਾ ਇਕ ਸਾਧਨਾ ਹੈ ਜਿਸਨੇ ਕਲਾ ਨੂੰ ਆਪਣਾ ਲਿਆ ਸਮਝੋ ਉਹ ਸਦਾ ਵਾਸਤੇ ਉਸਦਾ ਹੀ ਹੋ ਕੇ ਰਹਿ ਜਾਂਦਾ ਹੈ। ਇਹੀ ਕਲਾ ਇਨਸਾਨ ਨੂੰ ਉੱਚੇ ਅੰਬਰਾਂ ਤੇ ਉਡਾਰੀਆਂ ਮਾਰਨ ਦੇ ਯੋਗ ਬਣਾਉਦੀ ਹੈ। ਇਹੀ ਕਲਾ ਉਸਨੂੰ ਕਲਾ ਜਗਤ ਦਾ ਮਹਾਂਰਥੀ ਬਣਾਉਂਦੀ ਹੈ। ਪਰ ਮੱਲਾਂ ਉਹੀ ਮਾਰ ਸਕਦਾ ਹੈ ਜਿਸਨੇ ਕਲਾ ਦੀ ਸਾਧਨਾ ਕੀਤੀ ਹੋਵੇ ਕਲਾ ਦੀ ਉਪਾਸਨਾ ਕੀਤੀ ਹੋਵੇ ਕਲਾ ਤਾਂ ਹਰ ਇਨਸਾਨ ਵਿਚ ਛੁਪੀ ਹੁੰਦੀ ਹੈ ਪਰ ਉਸਨੂੰ ਪ੍ਰਗਟ ਹੋਣ ਦਾ ਮੌਕਾ ਨਹੀਂ ਮਿਲਦਾ ਬੱਗਾ ਸਿੰਘ ਦੀ ਕਲਾ ਨੂੰ ਵਧਣ ਫੁੱਲਣ ਦਾ ਭਰਪੂਰ ਮੌਕਾ ਸਵਰਗਵਾਸੀ ਕੌਮੀ ਪੁਰਸਕਾਰ ਜੇਤੂ ਲੇਖਕ ਤੇ ਅਧਿਆਪਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਪ੍ਰਦਾਨ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ ਵਿਚ ਪੜ੍ਹਾਉਂਦੇ ਅਜਿਹੇ ਸਾਥੀ ਬਣੇ ਕੇ ਉਮਰਾਂ ਦੀ ਸਾਂਝ ਪੁਗਾ ਗਏ। ਇਸੇ ਤਰ੍ਹਾਂ ਦੇ ਕਲਾਕਾਰ ਤਾਇਆ ਹੰਸਾ ਸਿੰਘ ਦੇ ਸਾਥ ਨੇ ਇਸ ਤ੍ਰਿਵੇਣੀ ਦੀ ਕਲਾ ਨੂੰ ਚਾਰ ਚੰਨ ਲਾਈ ਰੱਖੇ। ਜਿੱਥੇ ਵੀ ਜਾਂਦੇ ਹੁਨਰਾਂ ਦੀ ਗੱਲ ਕਰਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਦਾ ਸੈਲਾਨੀ ਮੰਡਲ ਅਜ ਵੀ ਕਲਾ ਦੀ ਇਸ ਤ੍ਰਿਵੈਣੀ ਨੂੰ ਉਡੀਕ ਰਿਹਾ ਹੈ ਪਰ ਅਫਸੋਸ ਕਿ ਸਾਡੇ ਨਸੀਬਾਂ ਵਿਚ ਇਸ ਕਲਾਕਾਰ ਟੋਲੀ ਵਿਚੋਂ ਸਿਰਫ ਸ. ਬੱਗਾ ਸਿੰਘ ਆਰਟਿਸਟ ਹੀ ਸਾਡੇ ਕੋਲ ਹਨ।

ਕੋਮਲ ਕਲਾਵਾਂ ਦੇ ਇਸ ਸੰਗਮ ਦੀ ਸੰਗਤ ਕਰੀਏ ਤਾਂ ਮਨ ਕਦੀ ਉੱਠਕੇ ਜਾਣ ਨੂੰ ਨਹੀਂ ਕਰਦਾ। ਜੀਅ ਕਰਦਾ ਉਹਨਾਂ ਨਾਲ ਬੈਠ ਕੇ ਕਲਾ ਦੇ ਡੂੰਘੇ ਸਾਗਰਾਂ ਵਿਚ ਚੁੱਭੀਆਂ ਮਾਰਦੇ ਰਹੀਏ

ਸੋ ਅਸੀਂ ਅੱਜ ਗੱਲ ਕਰਾਂਗੇ ਆਰਟਿਸਟ ਬੱਗਾ ਸਿੰਘ ਜੀ ਉਨ੍ਹਾਂ ਦੇ ਜੀਵਨ ਦੀ ਪੜ੍ਹਾਈ ਦੀ ਸ਼ੰਘਰਸ਼ ਦੀ ਤੇ ਪਰੋਤ ਕੀਤੀਆਂ ਉਪਲੱਬਧੀਆਂ ਦੀ ਸ .ਬੱਗਾ ਸਿੰਘ ਜੀ ਨੇ ਬੀ.ਏ. ਫਾਈਨ ਆਰਟ ਨਾਲ ਕਰ ਤੋਂ ਉਪਰੰਤ ਜੇ. ਬੀ. ਟੀ. ਟੀਚਰ ਵਜੋਂ ਚਾਲੀ ਸਾਲ ਦੀਆਂ ਸ਼ਾਨਦਾਰ ਸੇਵਾਵਾਂ ਤੋਂ ਬਾਅਦ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮਾਹਿਲਪੁਰ ਤੋਂ ਸੇਵਾ ਮੁਕਤੀ ਹਾਸਿਲ ਕੀਤੀ ਸੇਵਾ ਮੁਕਤੀ ਤੋਂ ਬਾਅਦ ਬੇਸ਼ੱਕ ਬੱਗਾ ਸਿੰਘ ਜੀ ਦਾ ਕਲਾ ਸਾਹਿਤ ਅਤੇ ਸੱਭਿਆਚਾਰ ਨਾਲ ਡੂੰਘਾ ਰਿਸ਼ਤਾ ਸੀ ਪਰ ਸੇਵਾ ਮੁਕਤੀ ਤੋਂ ਬਾਅਦ ਤਾ ਪੂਰੀ ਤਰ੍ਹਾ ਬੱਗਾ ਸਿੰਘ ਹਰ ਪਲ ਕਲਾ ਬਾਰੇ ਬਾਤਾਂ ਪਾਉਂਦੇ ਹੋਰ ਵੀ ਪਿਆਰੇ ਲੱਗਦੇ ਹਨ। ਸੈਲਾਨੀ ਜੀ ਦੀ ਪ੍ਰੇਰਨਾ ਸੱਦਕਾ ਹੀ ਉਹ ਵਿਸ਼ਵ ਦੇ ਮਹਾਨ ਚਿੱਤਰਕਾਰ ਪਦਮ ਸ੍ਰੀ ਸੋਭਾ ਸਿੰਘ ਜੀ ਦੇ ਸ਼ਾਗਿਰਦ ਬਣੇ ਰੰਗਾਂ ਦੀ ਵੰਨ ਸੁਵੰਨਤਾ ਦੇ ਗੁਰ ਸਿੱਖ ਕੇ ਦਿਨ ਰਾਤ ਕਿਰਤਾਂ ਘੜਨ ਲਗੇ।ਆਪ ਇਕੱਲਾ ਚਿੱਤਰਕਾਰ ਹੀ ਨਹੀਂ ਸਗੋਂ ਸੈਲਾਨੀ ਜੀ ਦੀਆਂ ਪੁਸਤਕਾਂ ਦੀ ਸੋਧ ਸੁਧਾਈ ਅਤੇ ਚਿੱਤਰਕਾਰੀ ਵੀ ਕਰਦੇ ਰਹੇ। ਸੱਭਿਆਚਾਰਕ ਸਮਾਗਮਾਂ ਵਿਚ ਯੋਗਦਾਨ ਪਾਉਂਣਾ ਮੁੱਖ ਸ਼ੌਕ ਰਿਹਾ।ਪਰਿਵਾਰਕ ਜ਼ੁਮੇਵਾਰੀਆਂ ਨਿਭਾਉਦੇ ਹੋਏ ਕਲਾ ਦੇ ਖੇਤਰ ਵਿਚ ਵੀ ਸਰਗਰਮ ਰਹੇ। ਸਾਲ 2009-10 ਵਿਚ ਇਟਲੀ ਅਤੇ ਨਿਊਜੀਲੈਂਡ ਵਰਗੇ ਦੇਸ਼ਾਂ ਵਿਚ ਵੀ ਆਪਣੀ ਕਲਾ ਦੀਆਂ ਨੁਮਾਇਸ਼ਾਂ ਲਗਾਈਆਂ। ਇਥੇ ਅੰਗਰੇਜ਼ੀ ਸਨਮਾਨਾਂ ਦੇ ਨਾਲ ਨਾਲ ਭਾਰਤੀ ਅਤੇ ਪੰਜਾਬੀ ਭਾਈਚਾਰੇ ਵੱਲੋਂ ਵੀ ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਤਰ੍ਹਾਂ ਆਪਣੇ ਵਿਦੇਸ਼ੀ ਧਰਤੀ ਤੇ ਵੀ ਆਪਣੀ ਨਿਵੇਕਲੀ ਅਤੇ ਕੋਮਲ ਕਲਾ ਦੇ ਝੰਡੇ ਗੱਡ ਦਿੱਤੇ।

1991 ਵਿਚ ਮਾਹਿਲਪੁਰ ਤੋਂ ਚੱਲੇ ਬਾਲ ਪ੍ਰੀਤ ਮਿਲਣੀ ਕਾਫਲੇ ਦਾ ਆਪਣੇ ਕਰ ਕਮਲਾ ਨਾਲ ਅਰੰਭ ਸ਼੍ਰੀ ਸੈਲਾਨੀ ਅਤੇ ਡਾ. ਰਮਾ ਰਤਨ ਦੀ ਪ੍ਰੇਰਨਾ ਨਾਲ ਕੀਤਾ ਸੀ। ਉਹ ਸਦਾ ਨਿਮਰ ਹੋ ਕੇ ਪਾਣੀ ਵਾਂਗ ਵਗਦੇ ਹਨ। ਉਨ੍ਹਾਂ ਦੇ ਚਿੱਤਰਾਂ ਦੀਆਂ ਨੁਮਾਇਸ਼ਾਂ ਪੂਰੇ ਪੰਜਾਬ ਅਤੇ ਹੋਰ ਕਈ ਇਤਿਹਾਸਕ ਥਾਵਾਂ ਤੇ ਲਗਾਈਆਂ ਜਾ ਚੁਕੀਆਂ ਹਨ।ਵਰਲਡ ਰਿਕਾਰਡਰ ਵੈਟਰਨ ਅਥਲੀਟ ਸ. ਕੇਸਰ ਸਿੰਘ ਪੂੰਨੀਆਂ ਦੇ 500 ਮੈਡਲਾਂ ਨੂੰ ਨਿਵੇਕਲੀ ਕਲਾ ਨਾਲ ਪ੍ਰਦਰਸ਼ਤ ਕਰਨ ਦਾ ਵੀ ਉਨ੍ਹਾਂ ਨੂੰ ਮਾਣ ਹਾਸਲ ਹੈ। ਸਾਹਿਤ ਸਭਾ ਤਲਵਾੜਾ, ਮਾਝਾ ਰੰਗ ਮੰਚ ਤਰਨਤਾਰਨ, ਸੁਰ ਸੰਗਮ ਵਿੱਦਿਅਕ ਟਰੱਸਟ, ਸ਼ੌਕੀਂ ਯਾਦਗਾਰੀ ਮੇਲਾ, ਮਨੋਹਰ ਦਿਹਾਤੀ ਕਲੱਬ ਮਨੋਲੀਆਂ ਆਦਿ ਨਾਮਵਾਰ ਸੰਸਥਾਵਾਂ ਵੱਲੋਂ ਉਨ੍ਹਾਂ ਦੀਆਂ ਨੁਮਾਇਸ਼ਾਂ ਲੱਖਾਂ ਹੀ ਦਰਸ਼ਕਾਂ ਨੂੰ ਦਿਖਾਈਆਂ ਜਾ ਚੁਕੀਆਂ ਹਨ। ਸ਼ਾਨਦਾਰ ਮੱਲਾਂ ਬਦਲੇ ਐਸ. ਡੀ. ਐਮ. ਗੜ੍ਹਸ਼ੰਕਰ ਪਾਸੋਂ ਵੀ 26 ਜਨਵਰੀ ਨੂੰ ਸਰਕਾਰੀ ਤੌਰ ’ਤੇ ਵਧੀਆ ਟੀਚਰ/ ਕਲਾਕਾਰ ਦਾ ਪੁਰਸਕਾਰ ਪ੍ਰਾਪਤ ਕੀਤਾ। ਆਰਟ ਕੌਂਸਿਲ ਚੰਡੀਗੜ੍ਹ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਕਰਵਾਏ ਮੁਕਾਬਲਿਆਂ ਵਿਚ ਕਈ ਚਿੱਤਰ ਇਨਾਮ ਵੀ ਜਿੱਤ ਚੁਕੇ ਹਨ।

ਸ. ਬੱਗਾ ਸਿੰਘ ਲੋੜ ਅਨੁਸਾਰ ਵਾਟਰ ਪਰ ਆਇਲ ਕਲਰ ਜਿਆਦਾ ਵਰਤਦੇ ਹਨ।ਉਨ੍ਹਾਂ ਵਲੋਂ ਤਿਆਰ ਕੀਤੇ ਸੱਭਿਆਚਾਰ ਨੂੰ ਪੇਸ਼ ਕਰਨ ਵਾਲੇ ਚਿੱਤਰ ਨਿਵੇਕਲੀ ਥਾਂ ਰੱਖਦੇ ਹਨ।ਬਾਬਾ ਫਰੀਦ ਜੀ ਦੇ ਸ਼ਲੋਕਾਂ ਤੇ ਉਕਰੇ ਚਿੱਤਰ ਤਾਂ ਸ਼ਾਹਕਾਰ ਹਨ। ਇਸੇ ਕਰਕੇ ਕਈ ਸਿਖਾਂਦਰੂ ਕਲਾਕਾਰ ਉਨ੍ਹਾਂ ਦੀ ਸੰਗਤ ਮਾਣ ਕੇ ਅੱਗੇ ਵਧਣ ਲਈ ਯਤਨਸ਼ੀਲ ਹਨ। ਮਾਹਿਲਪੁਰ ਇਲਾਕੇ ਵਿਚ ਉਨ੍ਹਾਂ ਤੋਂ ਬਾਅਦ ਸਵਰਗਵਾਸੀ ਧਰਮ ਸਿੰਘ, ਬੁੱਧ ਸਿੰਘ ਨਡਾਲੋਂ ਅਤੇ ਰੇਸ਼ਮ ਚਿੱਤਰਕਾਰ ਆਦਿ ਦੇ ਨਾਂ ਵੀ ਚਰਚਿਤ ਹਨ। ਇਨ੍ਹਾਂ ਕਲਾਕਾਰਾਂ ਨੇ ਮਾਹਿਲਪੁਰ ਨੂੰ ਕੋਮਲ ਕਲਾਵਾਂ ਦੇ ਅੰਬਰ ਤੇ ਚਮਕਾਇਆ ਹੈ। ਕੁਲਵਿੰਦਰ ਕੌਰ ਰੂਹਾਨੀ ਅਤੇ ਸਿਮਰਜੀਤ ਮੁੱਗੋਵਾਲ ਨੇ ਨਵੀਂ ਪੀੜ੍ਹੀ ਵਿਚੋਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ।

ਉਹ ਪਿਛਲੇ 27 ਸਾਲਾਂ ਤੋਂ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਲਈ ਵੀ ਨਿਰੰਤਰ ਚਿੱਤਰ ਬਣਾ ਰਿਹਾ ਹੈ। ਇਸ ਰਸਾਲੇ ਰਾਹੀਂ ਉਨ੍ਹਾਂ ਨੇ ਬਾਲ ਜਗਤ ਵਿਚ ਵੀ ਸੰਦਲੀ ਪੈੜਾਂ ਦੀ ਸਿਰਜਣਾ ਕੀਤੀ ਹੈ। ਪਲੇਠਾ ‘ਨਿੱਕੀਆਂ ਕਰੂੰਬਲਾਂ ਪੁਰਸਕਾਰ ਵੀ ਉਨ੍ਹਾਂ ਦੀ ਝੋਲੀ ਪੈ ਚੁਕਾ ਹੈ। ਉਨ੍ਹਾਂ ਦੇ ਚਿੱਤਰ ਬਾਲ ਮਨਾਂ ਤੇ ਡੂੰਘੀ ਛਾਪ ਲਾਉਂਦੇ ਹਨ। ਇੰਜ ਉਹ ਬਾਲਾਂ ਅਤੇ ਪ੍ਰੋੜਾਂ ਦੇ ਚਹੇਤੇ ਚਿੱਤਰਕਾਰ ਹਨ। ਸਟੱਫਿੰਗ, ਪਿੰਨ ਐਂਡ ਥਰੈਡ ਵਰਕ ਅਤੇ ਚਿੱਤਰਕਾਰੀ ਉਨ੍ਹਾਂ ਦੇ ਮੁੱਖ ਸ਼ੌਕ ਹਨ। ਕਦੀ ਕਦਾਈਂ ਕਲਮ ਘਸਾਈ ਵੀ ਕਰ ਲੈਂਦੇ ਹਨ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਚੋਂ ਨਰਿੰਦਰ ਕੌਰ ਨੇ ਪਿਤਾ ਦੀ ਕਲਾ ਨੂੰ ਅਪਣਾ ਕੇ ਉਚੀਆਂ ਮੰਜ਼ਿਲਾਂ ਪ੍ਰਾਪਤ ਕੀਤੀਆਂ ਹਨ।ਬੇਟਾ ਗੁਰਵਿੰਦਰ ਸਿੰਘ ਅਤੇ ਪਰਮਜੀਤ ਪੰਮਾ ਵਿਦੇਸ਼ੀ ਧਰਤੀ ਤੇ ਸ਼ਾਨਦਾਰ ਕਾਰਜ ਕਰ ਰਹੇ ਹਨ। ਦੂਜੀ ਬੇਟੀ ਰਜਿੰਦਰ ਕੌਰ ਵੀ ਕਲਾ ਦੀ ਪ੍ਰੇਮਣ ਹੈ।ਜੀਵਨ ਸਾਥਣ ਚਰਨਜੀਤ ਕੌਰ ਨੇ ਤਾਂ ਉਨ੍ਹਾਂ ਦੀ ਕਲਾ ਨੂੰ ਨਿਖਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪ ਨੇ ਪਿੰਡ ਨੰਗਲ ਕਲਾਂ (ਹੁਸ਼ਿਆਰਪੁਰ) ਵਿਖੇ ਸ.ਗੁਰਦਿਆਲ ਸਿੰਘ ਤੇ ਮਾਤਾ ਪ੍ਰੀਤਮ ਕੌਰ ਦੇ ਘਰ 9 ਜੂਨ, 1945 ਨੂੰ ਜਨਮ ਲੈ ਕੇ ਰਾਗੀ ਸ.ਦਰਸ਼ਨ ਸਿੰਘ ਕੋਮਲ ਦੀ ਕਲਾਤਮਿਕ ਵਿਰਾਸਤ ਨੂੰ ਅੱਗੇ ਤੋਰਿਆ ਹੈ। ਕੋਮਲ ਕਲਾ ਵਾਂਗ ਹੀ ਉਹ ਇਕ ਬਹੁਤ ਵਧੀਆ ਇਨਸਾਨ ਹਨ। ਇਸੇ ਕਰਕੇ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਵਿਚ ਕਦੀ ਪਿੱਛੇ ਨਹੀਂ ਹਟਦੇ। ਉਹਨਾਂ ਦੁਆਰਾ ਲਿਖੀ ਲੇਖ ਲੜੀ ‘ਸੈਲਾਨੀ ਦੀਆਂ ਯਾਦਾਂ’ ਦੀ ਬੜੀ ਚਰਚਾ ਹੋਈ ਸੀ। ਉਨ੍ਹਾਂ ਦੀਆਂ ਸਮੂਹ ਕਲਾਵਾਂ ਦਾ ਲੇਖਾ ਜੋਖਾ ਕਰਨ ਲਈ ਢੇਰ ਸਾਰੇ ਕਾਗਜ਼ਾਂ ਦੀ ਲੋੜ ਹੈ



ਕਹਾ ਸੁ ਆਰਸੀਆ ਮੁਹ ਬੰਕੇ
ਐਥੇ ਦਿਸਹਿ ਨਾਹੀ ॥ ਮ: ੧ ਅ




ਭੱਤਾ ਲੈ ਕੇ ਖੇਤ ਨੂੰ ਚੱਲੀ,
ਜੱਟੀ ਪੰਦਰਾਂ ਮੁਰੱਬਿਆਂ ਵਾਲੀ।



ਰੱਬਾ ਮਿਲਾ ਦੇ ਮਹੀਂਵਾਲ ਨੂੰ
ਮੈਂ ਨਾ ਕੁਝ ਹੋਰ ਮੰਗਦੀ ॥



ਫਰੀਦਾ ਜਿਨ ਲੋਇਣ ਜਗ ਮੋਹਿਆ ਸੇ ਲੋਇਣ ਮੈ ਡਿਠ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠ ॥



ਮੇਰੀ ਰੰਗਲੀ ਮਧਾਣੀ ਬਾਹਵਾਂਗੋਰੀਆਂ
ਮੈਂ ਚਾਂਈਂ ਚਾਂਈ ਦੁੱਧ ਰਿੜਕਾਂ ॥






# ਜਸਵੰਤ ਸਿੰਘ ਖਾਲੜਾ-ਲਾਵਾਰਿਸ ਕਹਿ ਕੇ ਸਾੜੀਆਂ ਹਜ਼ਾਰਾਂ ਲਾਸ਼ਾਂ ਦਾ ਵਾਰਿਸ



## ਜਸਵੰਤ ਸਿੰਘ ਖਾਲੜਾ ਦਾ ਕੰਮ

- ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਤੇ ਤਰਨ ਤਾਰਨ ਦੇ ਸ਼ਮਸ਼ਾਨਘਾਟਾਂ ਵਿਚ ਅਣਪਛਾਤੀਆਂ ਕਹਿ ਕੇ ਸਾੜੀਆਂ ਲਾਸ਼ਾਂ ਦੇ ਵੇਰਵੇ ਲੋਕਾਂ ਸਾਹਮਣੇ ਲਿਆਂਦੇ
- ਉਨ੍ਹਾਂ ਦਾਅਵਾ ਕੀਤਾ ਕਿ ਇਹ ਲਾਵਾਰਸ ਲਾਸ਼ਾਂ ਪੁਲਿਸ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ।
- ਖਾਲੜਾ ਦੇ ਖੁਲਾਸੇ ਨੇ ਲਾਵਾਰਿਸ ਲਾਸ਼ਾਂ ਅਤੇ ਲਾਪਤਾ ਜੀਆਂ ਦੇ ਸਵਾਲ ਸਿਆਸੀ-ਸਮਾਜਿਕ ਪਿੜ ਵਿਚ ਲਿਆਂਦੇ।

ਜੇਕਰ ਅੰਮ੍ਰਿਤਸਰ ਦੇ ਸ਼ਹਿਰ ਦੇ ਇਕ ਦੁਰਗਿਆਨਾ ਮੰਦਰ ਸ਼ਮਸ਼ਾਨਘਾਟ ਵਿਚ ਲਾਸ਼ਾਂ ਦੀ ਇੰਨੀ ਵੱਡੀ ਗਿਣਤੀ ਹੈ ਤਾਂ ਇਹ ਗਿਣਤੀ ਪੂਰੇ ਪੰਜਾਬ ਵਿਚ 25000 ਤੋਂ ਵੱਧ ਬਣਦੀ ਹੈ।
ਜਸਵੰਤ ਸਿੰਘ ਖਾਲੜਾ
ਕੈਨੇਡੀਅਨ ਸੰਸਦ ਅਤੇ ਮੀਡੀਆ ’ਚ ਬੋਲਦਿਆਂ



ਸਿੱਖਾਂ ਦੇ ਸਕੂਲਾਂ ਕਾਲਜਾਂ ’ਚ ਪੜ੍ਹਦੇ ਬੱਚਿਆਂ ਨੂੰ ਮਾਰਨ ਵਾਲਿਆਂ ਅਤੇ ਲੱਖਾਂ ਸਿੱਖਾਂ ਨੂੰ ਲਵਾਰਿਸ ਕਹਿਕੇ ਸਾੜਨ ਵਾਲੇ ਦਰਿੰਦਿਆਂ ਖਿਲਾਫ ਖੜਨ ਵਾਲੇ
ਮਹਾਨ ਸ਼ਹੀਦ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ
**ਕੋਟਿਨ ਕੋਟ ਪ੍ਰਣਾਮ**

ਜਸਵੰਤ ਸਿੰਘ ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਕਿਓਟੀਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ ਸਨ

ਪੰਜਾਬ ਦਾ 1980ਵਿਆਂ ਅਤੇ 1990ਵਿਆਂ ਦਾ ਪਹਿਲਾ ਅੱਧ ਖਾੜਕੂ ਲਹਿਰ, ਪੁਲਿਸ ਕਾਰਵਾਈਆਂ ਅਤੇ ਬੇਕਸੂਰ ਲੋਕਾਂ ਦੇ ਘਾਣ ਲਈ ਜਾਣਿਆ ਜਾਂਦਾ ਹੈ।

ਇਸ ਦੌਰ ਵਿੱਚ ਜੇ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਹੋਈਆਂ ਤਾਂ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲੇ ਵੀ ਲਗਾਤਾਰ ਚਰਚਾ ਵਿੱਚ ਰਹੇ।

ਇਹ ਮਸਲਾ ਮਨੁੱਖੀ ਹਕੂਕ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ।

ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ।

ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਕਹਿ ਕੇ ਸਸਕਾਰੀਆਂ ਲਾਸ਼ਾਂ ਬਾਰੇ ਖੋਜ ਅੰਮ੍ਰਿਤਸਰ ਤੋਂ ਸ਼ੁਰੂ ਕੀਤੀ, ਸਥਾਨਕ ਨਗਰ ਨਿਗਮ ਦੀਆਂ ਫ਼ਾਇਲਾਂ ਦੇ ਅਧਾਰ ਉੱਤੇ ਅਜਿਹੇ ਵਿਅਕਤੀਆਂ ਦਾ ਰਿਕਾਰਡ ਖੰਗਾਲਿਆਂ ਤਾਂ ਉਨ੍ਹਾਂ ਨੂੰ ਇੱਥੇ ਹੀ 2097 ਜਣਿਆਂ ਦੇ ਸਬੂਤ ਮਿਲ ਗਏ।

ਖਾਲ ?ੜਾ ਨੇ ਕੈਨੈਡੀਅਨ ਸੰਸਦ ਅਤੇ ਮੀਡੀਆ ਵਿਚ ਬੋਲਦਿਆਂ ਕਿਹਾ ਸੀ ਕਿ ਜੇਕਰ ਅੰਮ੍ਰਿਤਸਰ ਦੇ ਸ਼ਹਿਰ ਦੇ ਇੱਕ ਦੁਰਗਿਆਨਾ ਮੰਦਰ ਸਮਸਾਨਘਾਟ ਵਿਚ ਇੰਨੀ ਵੱਡੀ ਗਿਣਤੀ ਹੈ ਤਾਂ ਇਹ ਗਿਣਤੀ ਪੂਰੇ ਪੰਜਾਬ ਵਿਚ 25000 ਤੋਂ ਵੱਧ ਬਣਦੀ ਹੈ।

ਜਸਵੰਤ ਸਿੰਘ ਖਾਲੜਾ ਦੇ ਦਾਅਵੇ ਦੀ ਤਸਦੀਕ ਇਹ ਤੱਥ ਕਰਦੇ ਸਨ ਕਿ ਜ਼ਿਆਦਾਤਰ ਲਾਸ਼ਾਂ ਪੁਲਿਸ ਨੇ ਸ਼ਮਸ਼ਾਨ ਘਾਟਾਂ ਵਿੱਚ ਲਿਆਂਦੀਆਂ ਸਨ।

ਖਾਲੜਾ ਰਾਹੀਂ ਹੋਏ ਖੁਲਾਸੇ ਨੇ ਲਾਵਾਰਿਸ ਲਾਸ਼ਾਂ ਅਤੇ ਲਾਪਤਾ ਜੀਆਂ ਦੇ ਸੁਆਲ ਪਰਿਵਾਰਾਂ ਜਾਂ ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਦੇ ਘੇਰੇ ਵਿੱਚੋਂ ਕੱਢ ਸਿਆਸੀ-ਸਮਾਜਿਕ ਪਿੜ ਵਿੱਚ ਲਿਆ ਦਿੱਤੇ।

## ਖਾਲੜਾ ਨੂੰ ਪੁਲਿਸ ਚੁੱਕ ਕੇ ਲੈ ਗਈ

ਅੰਮ੍ਰਿਤਸਰ : ਅੱਜ ਇਥੇ ਸਵੇਰੇ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸ੍ਰ. ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਚੁੱਕ ਕੇ ਲੈ ਗਈ। ਉਨ੍ਹਾਂ ਨੂੰ ਕਰੀਬ ਪਾਰਕ ਵਿਖੇ ਉਨ੍ਹਾਂ ਦੀ ਰਿਹਾਇਸ਼ ਤੋਂ 9 ਵੱਜ ਕੇ 10 ਮਿੰਅ ’ਤੇ ਉਸ ਵੇਲੇ ਪੁਲਿਸ ਲੈ ਗਈ, ਜਦੋਂ ਉਹ ਘਰ ਵਿਚ ਇਕੱਲੇ ਹੀ ਸਨ ਤੇ ਉਨ੍ਹਾਂ ਦੀ ਪਤਨੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆਪਣੀ ਡਿਊਟੀ ’ਤੇ ਗਈ ਹੋਈ ਸੀ। ਪੁਲਿਸ ਨੇ ਉਨ੍ਹਾਂ ਨੂੰ ਧੂਹ ਕੇ ਮਾਰੂਤੀ ਵੈਨ (ਨੰਬਰ ਡੀ.ਐਲ.ਵੀ.5969) ਵਿਚ ਸੁੱਟ ਲਿਆ। ਮਾਰੂਤੀ ਵੈਨ ਦੇ ਨਾਲ ਇਕ ਜਿਪਸੀ ਵੀ ਸੀ। ਪੁਲਿਸ ਅਫ਼ਸਰਾਂ ਨੇ ਇਸ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕੀਤਾ ਹੈ, ਪਰ ਪਤਾ ਲੱਗਾ ਹੈ ਕਿ ਪੁਲਿਸ ਤਰਨ ਤਾਰਨ ਦੀ ਸੀ।

ਅਕਾਲੀ ਦਲ ਦੇ ਮਨੁੱਖੀ ਧਿਕਾਰ ਵਿੰਗ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਅਤੇ ਮੀਤ ਪ੍ਰਧਾਨ ਅਮਰੀਕ ਸਿੰਘ ਮੁਕਤਸਰ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਐਮਨੈਸਟੀ ਇੰਟਰਨੈਸ਼ਨਲ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਸਮੇਤ ਸਾਰੇ ਮਨੁੱਖੀ ਅਧਿਕਾਰ ਕਮਿਸ਼ਨਾਂ ਅਤੇ ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਐਸ. ਨੂੰ ਸ੍ਰ. ਖਾਲੜਾ ਨੂੰ ਪੁਲਿਸ ਦੁਆਰਾ ਚੁੱਕ ਕੇ ਲੈ ਜਾਣ ਬਾਰੇ ਸੂਚਿਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਅਸੀਂ ਪਹਿਲਾਂ ਹੀ ਇਸ ਬਾਰੇ ਖਦਸ਼ਾ ਪ੍ਰਗਟ ਕੀਤਾ ਸੀ। ਉਨ੍ਹਾਂ ਮੰਗ ਕੀਤੀ ਹੈ ਕਿ ਜੇਕਰ ਸ੍ਰ. ਖਾਲੜਾ ’ਤੇ ਕੋਈ ਕੇਸ ਬਣਦਾ ਹੈ ਤਾਂ ਅਦਾਲਤ ਵਿਚ ਪੇਸ ਕੀਤਾ ਜਾਏ ਤੇ ਦੱਸਿਆ ਜਾਏ ਕਿ ਉਸ ਦਾ ਕਸੂਰ ਕੀ ਹੈ? 7 ਸਤੰਬਰ-1995



ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਕੁਰਬਾਨੀ ਦੇਣ ਵਾਲੇ ਲਾਸਾਨੀ ਵਿਅਕਤੀਤਵ ਦੇ ਲਖਾਇਕ ਭਾਈ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ’ਤੇ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ ਹਾਂ। ਕਾਮਨਾ ਕਰਦਾ ਹਾਂ ਕਿ ਭਾਈ ਖਾਲੜਾ ਵੱਲੋਂ ਜਗਾਈ ਜੋਤ ਦੀ ਲੋਅ ਹਰ ਮਨ ਮਸਤਕ ਵਿਚ ਜਗੇ।

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
**ਪ੍ਰਧਾਨ ਐਸ.ਜੀ.ਪੀ.ਸੀ.**



ਦਿਲਜੀਤ ਦੋਸਾਂਝ ਨੂੰ ਲੈ ਕੇ ਸਰਦਾਰ ਜਸਵੰਤ ਸਿੰਘ ਖਾਲੜਾ ’ਤੇ ਬਣਾਈ ਗਈ ਫਿਲਮ “ਪੰਜਾਬ 95” ਨੂੰ ਭਾਰਤੀ ਸੈਂਸਰ ਬੋਰਡ ਪਾਸ ਨਹੀਂ ਕਰ ਰਿਹਾ। ਕੱਟ ਹੀ ਏਨੇ ਲਾ ਦਿੱਤੇ ਕਿ ਦਿਖਾਉਣ ਲਈ ਬਚਿਆ ਹੀ ਕੁਝ ਨਹੀਂ। ਇਹ ਫਿਲਮ ਟੋਰਾਂਟੋ ਫਿਲਮ ਫੈਸਟੀਵਲ ਵਿੱਚ ਵੀ ਦਿਖਾਈ ਜਾਣੀ ਸੀ ਪਰ ਹੁਣ ਉੱਥੋਂ ਵੀ ਹਟਾ ਲਈ ਗਈ ਹੈ। (ਇਹਨੂੰ ਹਟਵਾ ਦਿੱਤੀ ਪੜ੍ਹਿਆ ਜਾਵੇ) ਇੱਕ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ’ਚ ਬੋਲਦੇ ਹਨ ਕਿ ਕਾਂਗਰਸ ਨੇ ਅਕਾਲ ਤਖ਼ਤ ’ਤੇ ਹਮਲਾ ਕੀਤਾ, ਸਿੱਖਾਂ ’ਤੇ ਜ਼ੁਲਮ ਕੀਤੇ। ਦੂਜੇ ਪਾਸੇ ਕੀਤੇ ਜ਼ੁਲਮ ਦਿਖਾਉਣ ਵੀ ਨਹੀਂ ਦਿੰਦੇ, ਜਿਨ੍ਹਾਂ ’ਚ ਸਰਦਾਰ ਖਾਲੜਾ ਦਾ ਅਣਮਨੁੱਖੀ ਕਤਲ ਵੀ ਸ਼ਾਮਲ ਹੈ। ਸਿੱਖਾਂ ਨੂੰ ਏਨੀ ਕੁ ਵੀ ਆਜ਼ਾਦੀ ਨਹੀਂ ਕਿ ਉਹ ਆਪਣੇ ’ਤੇ ਹੋਏ ਜ਼ੁਲਮ ਹੀ ਬਿਆਨ ਕਰ ਸਕਣ।

### ਜਦੋਂ ਲਾਪਤਾ ਲੋਕਾਂ ਦੀ ਭਾਲ ਕਰਨ ਵਾਲਾ ’ਲਾਪਤਾ’ ਹੋਇਆ

ਇਨ੍ਹਾਂ ਮਸਲਿਆਂ ਨਾਲ ਜੁੜੇ ਸੁਆਲਾਂ ਦੀ ਕੀਮਤ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਦੇ ਕੇ ਉਤਾਰਨੀ ਪਈ ਸੀ।

ਉਨ੍ਹਾਂ ਨੂੰ 6 ਸਤੰਬਰ 1995 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਘਰੋਂ ਪੁਲਿਸ ਨੇ ਅਗਵਾ ਕੀਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ।

ਉਨ੍ਹਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਲਈ ਸੀਬੀਆਈ ਨੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਦੋਸ਼ੀ ਦੱਸਿਆ।

ਇੰਡੀਅਨ ਐਕਸਪ੍ਰੈੱਸ ਅਨੁਸਾਰ 5 ਨਵੰਬਰ 1995 ਪਟਿਆਲਾ ਦੀ ਸੈਸ਼ਨ ਅਦਾਲਤ ਨੇ ਡੀਐੱਸਪੀ ਜਸਪਾਲ ਸਿੰਘ ਤੇ ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਫਿਰ ਅਕਤੂਬਰ 2007 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੀ ਜਸਟਿਸ ਮਹਿਤਾਬ ਸਿੰਘ ਗਿੱਲ ਨੇ 4 ਹੋਰ ਦੋਸ਼ੀ ਪੁਲਿਸ ਮੁਲਾਜ਼ਮਾਂ ਦੀ 7 ਸਾਲ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਸੀ।

### ਜਸਵੰਤ ਸਿੰਘ ਖਾਲੜਾ ਦਾ ਜੀਵਨ

- ਜਸਵੰਤ ਸਿੰਘ ਖਾਲੜਾ ਦਾ ਜਨਮ 2 ਨਵੰਬਰ 1952 ਨੂੰ ਅੰਮ੍ਰਿਤਸਰ ਵਿੱਚ ਹੋਇਆ ਸੀ।
- ਖਾਲੜਾ ਨੇ 1984 ਤੋਂ ਦਸੰਬਰ 1994 ਤੱਕ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ ਸਨ।
- 6 ਸਤੰਬਰ 1995 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਨੂੰ ਪੁਲਿਸ ਨੇ ਅਗਵਾ ਕੀਤਾ।
- ਮਨੁੱਖੀ ਅਧਿਕਾਰਾਂ ਦੀ ਲੜਾਈ ਦੌਰਾਨ ਖਾਲੜਾ ਨੂੰ ਆਪਣੀ ਜਾਨ ਕੁਰਬਾਨ ਕਰਨੀ ਪਈ।
- ਅਗਵਾਕਾਰ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਗਿਆ।




ਪੰਜਾਬ ਦਾ 1980ਵਿਆਂ ਅਤੇ 1990ਵਿਆਂ ਦਾ ਪਹਿਲਾਂ ਅੱਧ ਖਾੜਕੂ ਲਹਿਰ, ਪੁਲਿਸ ਕਾਰਵਾਈਆਂ ਅਤੇ ਬੇਕਸੂਰ ਲੋਕਾਂ ਦੇ ਘਾਣ ਲਈ ਜਾਣਿਆ ਜਾਂਦਾ ਹੈ।



ਮਨੁੱਖੀ ਅਧਿਕਾਰਾਂ ਦੇ ਰਾਖੇ ਅਤੇ ਰੌਸ਼ਨ ਦਿਮਾਗ ਸਖਸ਼ੀਅਤ ਸ਼ਹੀਦ ਸਰਦਾਰ ਜਸਵੰਤ ਸਿੰਘ ਜੀ ਖਾਲੜਾ ਜੀ ਦੀ ਸ਼ਹਾਦਤ ਨੂੰ ਕੋਟਾਨ ਕੋਟਿ ਪ੍ਰਣਾਮ।

**ਸ੍ਰ. ਸਿਮਰਨਜੀਤ ਸਿੰਘ ਮਾਨ**
**ਮੈਂਬਰ ਪਾਰਲੀਮੈਂਟ**

### ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਾਰੀ ਹੋਏ ਅੰਕੜੇ

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ 15 ਜੁਲਾਈ 2004 ਨੂੰ ’ਦਿ ਟ੍ਰਿਬਿਊਨ’ ਅਖ਼ਬਾਰ ਵਿੱਚ ਇੱਕ ਜਨਤਕ ਨੋਟਿਸ ਜਾਰੀ ਕੀਤਾ ਸੀ।

ਉਸ ਵਿੱਚ ਕਮਿਸ਼ਨ ਨੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਈ ਜਾਂਚ ਵਿੱਚ ਉਨ੍ਹਾਂ 2097 ਲਾਸ਼ਾਂ ਦਾ ਵੇਰਵਾ ਦਿੱਤਾ ਜਿਨ੍ਹਾਂ ਦਾ ਪੰਜਾਬ ਪੁਲਿਸ ਵੱਲੋਂ ਸਸਕਾਰ ਕਰ ਦਿੱਤਾ ਗਿਆ ਸੀ।

ਕਮਿਸ਼ਨ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਵਿੱਚ ਕੀਤੇ ਸਸਕਾਰਾਂ ਦੀ ਜਾਣਕਾਰੀ ਜਾਰੀ ਕੀਤੀ ਸੀ।

ਕਮਿਸ਼ਨ ਨੇ ਲਾਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਸੀ। ਏ ਸ਼੍ਰੇਣੀ ਵਿੱਚ 693 ਲਾਸ਼ਾਂ ਦੀ ਜਾਣਕਾਰੀ ਸੀ ਜਿਨ੍ਹਾਂ ਦੀ ਪਛਾਣ ਹੋ ਚੁੱਕੀ ਸੀ।

ਬੀ ਸ਼੍ਰੇਣੀ ਵਿੱਚ 214 ਲਾਸ਼ਾਂ ਦੀ ਜਾਣਕਾਰੀ ਸੀ ਜਿਨ੍ਹਾਂ ਦੀ ਕੁਝ ਹੱਦ ਤੱਕ ਪਛਾਣ ਹੋ ਸਕੀ ਸੀ ਅਤੇ ਸੀ ਸ਼੍ਰੇਣੀ ਵਿੱਚ 1190 ਲਾਸ਼ਾਂ ਸਨ ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ ਸੀ।

ਕਮਿਸ਼ਨ ਨੇ ਜਨਤਕ ਨੋਟਿਸ ਜਾਰੀ ਕਰਕੇ ਲੋਕਾਂ ਤੋਂ ਆਪਣੇ ਦਾਅਵੇ ਪੇਸ਼ ਕਰਨ ਨੂੰ ਕਿਹਾ ਸੀ। 88 ਲੋਕਾਂ ਵੱਲੋਂ ਆਪਣੇ ਦਾਅਵੇ ਪੇਸ਼ ਕੀਤੇ ਗਏ ਸਨ।

ਇੰਞ ਲੱਭਦਾ ਸੀ ਜਾ ਕੇ, ਗਾਇਬ ਕਰੀ ਸਿੱਖ ਜਵਾਨੀ ਨੂੰ
ਮਾਝੇ ਵਾਲਿਓ ਭੁੱਲ ਨਾ ਜਾਇਓ, ਇਸ ਦੀ ਕੁਰਬਾਨੀ ਨੂੰ



ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ

ਪੰਜਾਬ ਵਿੱਚ ਲਾਪਤਾ ਜੀਆਂ ਦਾ ਸੁਆਲ ਇਸ ਕੌਮਾਂਤਰੀ ਰੁਝਾਨ ਦਾ ਹਿੱਸਾ ਹਨ ਜੋ ਦੱਖਣੀ ਏਸ਼ੀਆ ਦੇ ਤਕਰੀਬਨ ਸਾਰੇ ਮੁਲਕਾਂ ਦੇ ਇਤਿਹਾਸ ਵਿੱਚ ਦਰਜ ਹੈ।

ਇਹ ਭਾਰਤ ਦੇ ਚਾਰਾਂ ਖੂੰਜਿਆਂ ਵਿੱਚ ਫੈਲਿਆ ਹੋਇਆ, ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ, ਗੁਜਰਾਤ ਤੋਂ ਸਿਲੌਂਗ ਤੱਕ।

ਧੰਨਵਾਦ ਸਾਹਿਤ ਬੀਬੀਸੀ ਅਤੇ ਸੋਸ਼ਲ ਮੀਡੀਆ ਤੋਂ

# ਬਾਬਾ ਬਕਾਲਾ ਸਾਹਿਬ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਮਨਾਇਆ





ਬਾਬਾ ਬਕਾਲਾ ਸਾਹਿਬ : ਇੱਥੇ ਇਤਿਹਾਸਕ ਗੁ: ਨੌਵੀਂ ਪਾਤਿਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ 'ਚ 'ਸਾਚਾ ਗੁਰੂ ਲਾਧੋ ਰੇ' ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਵਲੋਂ ਹਲਕਾ ਬਾਬਾ ਬਕਾਲਾ ਸਾਹਿਬ ਦੀ ਸਾਧ ਸੰਗਤ ਅਤੇ ਵੱਖ-ਵੱਖ ਧਾਰਮਿਕ ਸਭਾ ਸੁਸਾਇਟੀਆਂ, ਸਿੱਖ ਸੰਪਰਦਾਵਾਂ ਆਦਿ ਦੇ ਸਹਿਯੋਗ ਨਾਲ ਮਨਾਇਆ ਗਿਆ। ਗੁਰਦੁਆਰਾ ਨੌਵੀਂ ਪਾਤਿਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ। ਹਜ਼ਾਰਾਂ ਹੀ ਸੰਗਤਾਂ ਨੇ ਬਾਬਾ ਬਕਾਲਾ ਵਿਖੇ ਬਾਬਾ ਗੁਰਮੁਖ ਸਿੰਘ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤੇ ਅਤੇ ਤਪ ਅਸਥਾਨ ਸ੍ਰੀ ਭੋਰਾ ਸਾਹਿਬ, ਗੁ: ਸ਼ੀਸ਼ ਮਹਿਲ, ਗੁ: ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ, ਗੁ: ਛੇਵੀਂ ਪਾਤਿਸ਼ਾਹੀ, ਗੁਰਦੁਆਰਾ 9ਵੀਂ ਪਾਤਿਸ਼ਾਹੀ ਵਿਖੇ ਨਤਮਸਤਕ ਹੋਈਆਂ। ਇਸ ਮੌਕੇ ਗੁ: 9ਵੀਂ ਪਾਤਿਸ਼ਾਹੀ ਵਿਖੇ ਦੀਵਾਨ ਹਾਲ ਵਿਖੇ ਭਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿਸ 'ਚ ਉਘੇ ਪੰਥਕ ਕਵੀਸ਼ਰ ਆਦਿ ਨੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਭਾਈ ਮੱਖਣ ਸ਼ਾਹ ਲੁਬਾਣਾ ਦਾ ਡੁੱਬਦਾ ਬੇੜਾ ਬੰਨ੍ਹੇ ਲਾਇਆ ਅਤੇ ਹਿੰਦ ਦੀ ਚਾਦਰ ਬਣੇ। ਇਸ ਅਸਥਾਨ 'ਤੇ ਉਨ੍ਹਾਂ ਦੀ ਯਾਦ 'ਚ 'ਸਾਚਾ ਗੁਰੂ ਲਾਧੋ ਰੇ' ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਜ: ਗੁਰਬਚਨ ਸਿੰਘ ਕਰਮਵਾਲਾ, ਭਗਵੰਤ ਸਿੰਘ ਸਿਆਲਕਾ, ਜੋਧ ਸਿੰਘ ਸਮਰਾ, ਹਰਜਾਪ ਸਿੰਘ ਸੁਲਤਾਨਵਿੰਡ, ਜਥੇ: ਅਮਰਜੀਤ ਸਿੰਘ ਭਲਾਈਪੁਰ, ਮੰਗਵਿੰਦਰ ਸਿੰਘ ਖਾਪੜਖੇੜੀ, ਅਲਵਿੰਦਰਪਾਲ ਸਿੰਘ ਪੱਖੋਕ, ਅਮਰਜੀਤ ਸਿੰਘ ਬੰਡਾਲਾ (ਸਾਰੇ ਮੈਂਬਰ ਸ਼੍ਰੋਮਣੀ ਕਮੇਟੀ), ਮੈਨੇਜਰ ਭਾਈ ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਐਡੀਸ਼ਨਲ ਮੈਨੇਜਰ ਭਾਈ ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ ਅਕਾਊਂਟੈਂਟ, ਬਾਬਾ ਮੋਹਣ ਸਿੰਘ ਕੰਗ, ਬਾਬਾ ਅਵਤਾਰ ਸਿੰਘ ਕਾਰ ਸੇਵਾ ਵਾਲੇ, ਭਾਈ ਜਸਪਾਲ ਸਿੰਘ ਪ੍ਰਚਾਰਕ, ਭਾਈ ਹਰਪ੍ਰੀਤ ਸਿੰਘ ਪ੍ਰਚਾਰਕ, ਬਾਬਾ ਸਰਬਜੀਤ



ਸਿੰਘ ਕਾਰ ਸੇਵਾ ਵਾਲੇ, ਮੈਨੇਜਰ ਸਤਿੰਦਰ ਸਿੰਘ ਬਾਜਵਾ, ਮੈਨੇਜਰ ਬਾਈ ਮੇਜਰ ਸਿੰਘ ਅਰਜਨਮਾਂਗਾ, ਗਿਆਨੀ ਭਾਈ ਕੇਵਲ ਸਿੰਘ ਮੁੱਖ ਗ੍ਰੰਥੀ, ਜਥੇ: ਅਜੀਤ ਸਿੰਘ ਧਿਆਨਪੁਰ, ਜਥੇ: ਜਰਨੈਲ ਸਿੰਘ ਚੀਮਾਬਾਠ, ਜਥੇ. ਸੋਹਣ ਸਿੰਘ ਫੇਰੂਮਾਨ ਅਤੇ ਹੋਰ ਸ਼ਖ਼ਸੀਅਤਾਂ ਨੇ ਗੁਰੂ ਘਰ ਹਾਜ਼ਰੀਆਂ ਭਰੀਆਂ। ਗੁ: ਬਾਬਾ ਬਕਾਲਾ ਸਾਹਿਬ ਦੇ ਮੈਨੇਜਰ ਭਾਈ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਨੇ ਦੱਸਿਆ ਕਿ ਪਹਿਲੀ ਸਤੰਬਰ ਨੂੰ ਵੀ ਸਾਰਾ ਦਿਨ ਧਾਰਮਿਕ ਦੀਵਾਨ ਸੱਜਣਗੇ ਅਤੇ 2 ਸਤੰਬਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ।

## ਅਕਾਲ ਤਖ਼ਤ ਵਿਖੇ ਭਾਈ ਦਿਲਾਵਰ ਸਿੰਘ ਦੀ ਬਰਸੀ ਮਨਾਈ




ਅੰਮ੍ਰਿਤਸਰ : ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਵੱਲੋਂ ਭਾਈ ਦਿਲਾਵਰ ਸਿੰਘ ਦੀ ਬਰਸੀ ਮਨਾਈ ਗਈ। ਅਖੰਡ ਕੀਰਤਨੀ ਜਥੇ ਵੱਲੋਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਸਬੰਧ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਪੰਜ ਪਿਆਰਿਆਂ 'ਚੋਂ ਭਾਈ ਮੰਗਲ ਸਿੰਘ ਤੇ ਭਾਈ ਪਰਮਜੀਤ ਸਿੰਘ ਨੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਭੇਟ ਕੀਤੇ। ਇਸ ਦੌਰਾਨ ਬਾਪੂ ਗੁਰਚਰਨ ਸਿੰਘ, ਜਥੇਦਾਰ ਬਖਸ਼ੀਸ਼ ਸਿੰਘ, ਦਵਿੰਦਰ ਸਿੰਘ, ਬੇਅੰਤ ਸਿੰਘ, ਸਤਵੰਤ ਸਿੰਘ ਅਤੇ ਬੰਦੀ ਸਿੰਘ ਲਖਵਿੰਦਰ ਸਿੰਘ ਨਾਰੰਗਵਾਲ ਦੀ ਪਤਨੀ ਦਾ ਸਨਮਾਨ ਕੀਤਾ। ਬਰਸੀ ਸਮਾਗਮ ਦੌਰਾਨ ਹਵਾਰਾ ਕਮੇਟੀ ਦੇ ਮੈਂਬਰ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਵਧਾਵਾ ਸਿੰਘ ਬੱਬਰ ਦਾ ਸੰਦੇਸ਼ ਪੜਿਆ ਅਤੇ ਬਾਪੂ ਗੁਰਚਰਨ ਸਿੰਘ ਨੇ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਗੁਰਦੁਆਰਾ ਸ਼ਹੀਦ ਗੰਜ ਵਿਖੇ ਵੱਖਰੇ ਸਮਾਗਮ 'ਚ ਢਾਡੀ ਸਿੰਘਾਂ ਅਤੇ ਕਵੀਸ਼ਰਾਂ ਨੇ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ।

## ਸਾਚੀ ਸਾਖੀ ਪੁਸਤਕ ਮੁੜ ਪ੍ਰਕਾਸ਼ਿਤ








ਸਿਰਦਾਰ ਕਪੂਰ ਸਿੰਘ ਜੀ ਵਲੋਂ ਲਿਖੀ 'ਸਾਚੀ ਸਾਖੀ' ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੁੜ ਪ੍ਰਕਾਸ਼ਿਤ ਕਰਕੇ ਜਾਰੀ ਕੀਤੀ ਗਈ ਹੈ। ਇਸ ਵਿਚਲਾ ਲੇਖ 'ਕਮਿਊਨਲ ਅਵਾਰਡ' ਇਕ ਮਹੱਤਵਪੂਰਨ ਰਚਨਾ ਹੈ। ਇਸ ਵਿਚ ਪੰਜਾਬੀ ਸੂਬਾ ਬਣਨ ਤੇ ਲੋਕ ਸਭਾ ਵਿਚ ਦਿੱਤਾ ਸਿਰਦਾਰ ਸਾਹਿਬ ਦਾ ਭਾਸ਼ਣ, ਜੋ ਪਹਿਲਾਂ ਅੰਗਰੇਜ਼ੀ ਵਿਚ ਤੇ ਫਿਰ ਇਸ ਕਿਤਾਬ ਅੰਦਰ ਅੰਤਿਕਾ ਰੂਪ ਵਿਚ ਪੰਜਾਬੀ ਵਿਚ ਛਪਿਆ ਸੀ; ਬਹੁਤ ਮਹੱਤਵਪੂਰਨ ਹੈ। ਇਸ ਅੰਦਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਸਲ ਦੋਸ਼ੀਆਂ ਦੀ ਪਹਿਚਾਣ ਬਹੁਤ ਸੁਚੱਜੇ ਢੰਗ ਨਾਲ ਬਿਆਨ ਕੀਤੀ ਗਈ ਹੈ। ਸਿਰਦਾਰ ਨਾਲ ਹੋਈ ਵਧੀਕੀ ਦਾ ਜ਼ਿਕਰ ਉਨ੍ਹਾਂ ਦੀ ਜਬਾਨੀ ਪੜ੍ਹਨਯੋਗ ਹੈ। ਸਿੱਖਾਂ ਨਾਲ ਹੋਈਆਂ ਬੇਇਨਸਾਫ਼ੀਆਂ ਵੀ ਧਿਆਨ ਮੰਗਦੀਆਂ ਹਨ। ਪਾਠਕਾ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦਾ ਹੈ।

## ਸਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਪੂਰਨ ਗੁਰਸਿੱਖ ਅਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ





ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸੀਅਤ ਪੁੱਤਰਾਂ ਦੇ ਦਾਨੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਹੈੱਡ ਗ੍ਰੰਥੀ, 6 ਗੁਰੂਆਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਅਤੇ 5 ਗੁਰੂਆਂ ਨੂੰ ਗੁਰਆਈ ਤਿਲਕ ਲਗਾਉਣ ਦਾ ਮਾਣ ਪ੍ਰਾਪਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਸਲਾਨਾ ਜੋੜ ਮੇਲਾ ਜੋ ਕਿ 4, 5 ਅਤੇ 6 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਵੱਖ-ਵੱਖ ਜਥੇਬੰਦੀਆਂ ਅਤੇ ਸਮੂਹ ਮਾਈ-ਭਾਈ ਦੇ ਸਾਂਝੇ ਉੱਦਮ ਨਾਲ ਸ਼ਰਧਾ ਭਾਵਨਾ ਸਹਿਤ 'ਨਗਰ ਰਾਮਦਾਸ' ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ।

ਪੂਰਨ ਗੁਰਸਿੱਖ ਬਾਬਾ ਬੁੱਢਾ ਜੀ ਦਾ ਜਨਮ 7 ਕੱਤਕ 1563 ਬਿਕਰਮੀ (22 ਅਕਤੂਬਰ, 1506-16 ਨਵੰਬਰ 1631) ਨੂੰ ਪਿੰਡ ਗੱਗੋਨੰਗਲ, ਜਿਸ ਨੂੰ ਹੁਣ ਕੱਥੂਨੰਗਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਸੁੱਘਾ ਜੀ ਰੰਧਾਵਾ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਪਿਤਾ 22 ਪਿੰਡਾਂ ਦੇ ਮਾਲਕ ਸਨ। ਆਪ ਜੀ ਦੇ ਮਾਤਾ ਗੌਰਾਂ ਬਹੁਤ ਹੀ ਭਜਨ ਬੰਦਗੀ ਸੁਭਾਉ ਵਾਲੇ ਸਨ ਅਤੇ ਉਹਨਾਂ ਦੀ ਭਜਨ ਬੰਦਗੀ ਦਾ ਪ੍ਰਭਾਵ ਬਾਬਾ ਬੁੱਢਾ ਜੀ 'ਤੇ ਵੀ ਪਿਆ।

ਮਾਪਿਆਂ ਨੇ ਉਹਨਾਂ ਦਾ ਨਾਂ ਬੂੜਾ ਰੱਖਿਆ। ਕੁਝ ਚਿਰ ਮਗਰੋਂ ਉਹਨਾਂ ਦੇ ਮਾਪੇ ਪਿੰਡ ਰਮਦਾਸ ਆ ਵੱਸੇ ਸਨ ਅਤੇ ਬਾਅਦ ਵਿੱਚ ਮੱਝਾਂ ਦੇ ਵਾਗੀ ਵੀ ਬਣੇ। ਬਾਬਾ ਬੁੱਢਾ ਜੀ ਦੀ ਉਮਰ ਅਜੇ 12 ਕੁ ਸਾਲ ਦੀ ਹੀ ਸੀ ਜਦੋਂ ਉਹਨਾਂ ਕੱਥੂਨੰਗਲ ਵਿਖੇ ਪੁੱਜੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਇਸ ਉਪਰੰਤ ਉਹ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ। ਉਹ ਰੋਜ਼ ਗੁਰੂ ਜੀ ਕੋਲ ਆਉਂਦੇ ਅਤੇ ਉਹਨਾਂ ਦਾ ਉਪਦੇਸ਼ ਸੁਣਦੇ ਅਤੇ ਉਹਨਾਂ ਵਾਸਤੇ ਦੁੱਧ ਲਿਆ ਕੇ ਭੇਟ ਕਰਦੇ। ਇੱਕ ਦਿਨ ਗੁਰੂ ਜੀ ਨੇ ਬੂੜਾ ਜੀ ਨੂੰ ਉਹਨਾਂ ਬਾਰੇ ਪੁੱਛਿਆ ਅਤੇ ਗੁਰੂ ਜੀ ਨੇ ਬੂੜਾ ਜੀ ਦੇ ਜੁਆਬ ਸੁਣ ਕੇ ਕਿਹਾ ਕਿ 'ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁੱਢਿਆਂ (ਬਜ਼ੁਰਗਾਂ) ਵਾਂਗ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ।' ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁੱਢਾ ਜੀ' ਪੈ ਗਿਆ।

ਸਿੱਖ ਉਹਨਾਂ ਨੂੰ ਪਿਆਰ ਨਾਲ ਬਾਬਾ ਬੁੱਢਾ ਜੀ ਆਖਦੇ ਹਨ। ਬਾਬਾ ਬੁੱਢਾ ਜੀ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਸਨ। ਉਹ ਖੇਤਾਂ ਵਿੱਚ ਜਾ ਕੇ ਹੱਥੀਂ ਕੰਮ ਕਰਦੇ ਅਤੇ ਨਾਮ ਜਪਦੇ ਰਹਿੰਦੇ ਸਨ। ਉਹਨਾਂ ਨੇ ਆਪਣਾ ਜੀਵਨ ਮਨੁੱਖਤਾ ਦੀ ਸੇਵਾ ਵਿੱਚ ਲਗਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ' ਦੇ ਉਪਦੇਸ਼ ਨੂੰ ਕਮਾ ਕੇ ਦਿਖਾਇਆ। ਗੁਰੂ ਨਾਨਕ ਦੇਵ ਜੀ ਉਹਨਾਂ ਉੱਪਰ ਬਹੁਤ ਪ੍ਰਸੰਨ ਸਨ ਅਤੇ ਜਦੋਂ ਗੁਰੂ ਜੀ ਨੇ ਗੁਰਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ, ਤਾਂ ਗੁਰੂ ਜੀ ਨੇ ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ ਸੀ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਕਰਦੇ ਰਹੇ।

ਸਿੱਖ ਇਤਿਹਾਸਕਾਰਾਂ ਅਨੁਸਾਰ ਜਦੋਂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਬਾਦਸ਼ਾਹ ਅਕਬਰ ਵੱਲੋਂ ਚਿਤੌੜ ਦਾ ਕਿਲ੍ਹਾ ਫਤਿਹ ਕਰਨ ਉਪਰੰਤ ਪ੍ਰਗਣਾ ਝਬਾਲ (12 ਪਿੰਡ) ਗੁਰੂ ਘਰ ਨੂੰ ਭੇਂਟ ਕੀਤੇ ਤਾਂ ਉਹਨਾਂ ਨੇ ਬਾਬਾ ਬੁੱਢਾ ਜੀ ਨੂੰ ਇਸ ਜਗੀਰ ਦਾ ਕਾਰ ਮੁਖਤਾਰ ਬਣਾ ਕੇ ਇੱਥੇ ਬੀੜ ਵਿਖੇ ਡੇਰਾ ਲਾਉਣ ਦਾ ਹੁਕਮ ਦਿੱਤਾ। ਬਾਬਾ ਬੁੱਢਾ ਜੀ ਨੇ ਝਬਾਲ-ਢੰਡ-ਕਸੇਲ ਦੇ ਮੱਧ ਜਿਹੇ ਇੱਕ ਵਿਰਾਨ ਜਿਹੇ ਅਸਥਾਨ 'ਤੇ ਡੇਰਾ ਲਾਇਆ ਸੀ। ਇਸ ਜੰਗਲ ਜਿਹੇ ਅਸਥਾਨ 'ਤੇ ਅੱਜ ਮੰਗਲ ਬਣਿਆ ਹੋਇਆ ਹੈ। ਸਿੱਖ ਇਤਿਹਾਸ ਅਨੁਸਾਰ ਧੰਨ ਧੰਨ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦੀ ਦਾਤ ਲਈ ਅਸ਼ੀਰਵਾਦ ਦਿੱਤਾ ਅਤੇ ਕਿਹਾ ਮਾਤਾ ਜੀ ਆਪ ਜੀ ਦੇ ਘਰ 'ਚ ਮਹਾਨ ਯੋਧਾ ਪੈਦਾ ਹੋਵੇਗਾ, ਜੋ ਮਨੁੱਖਤਾ ਅਤੇ ਧਰਮ ਦੀ ਰਾਖੀ ਲਈ ਮੁਗਲਾਂ ਦੇ ਸਿਰ ਕੁਚਲੇਗਾ। ਉਸ ਤੋਂ ਬਾਅਦ ਮਾਤਾ ਗੰਗਾ ਜੀ ਦੇ ਘਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਨਮ ਲਿਆ।

ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ ਗੁਰਿਆਈ ਰਸਮ ਨਿਭਾਉਣ ਦਾ ਸੁਭਾਗ ਬਾਬਾ ਬੁੱਢਾ ਜੀ ਨੂੰ ਪ੍ਰਾਪਤ ਹੋਇਆ ਹੈ। ਆਪ ਜੀ ਦਾ ਵਿਆਹ ਪਿੰਡ ਅਚੱਲ ਦੇ ਜ਼ਿਮੀਂਦਾਰ ਦੀ ਲੜਕੀ ਬੀਬੀ ਮਿਰੋਆ ਨਾਲ ਹੋਇਆ। ਬਾਬਾ ਜੀ ਦੇ ਗ੍ਰਹਿ ਚਾਰ ਪੁੱਤਰ ਭਾਈ ਸਿਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਜੀ ਅਤੇ ਭਾਈ ਭਾਨਾਂ ਜੀ ਹੋਏ ਸਨ। ਚੌਥੇ ਪੁੱਤਰ ਭਾਨਾਂ ਜੀ ਦੀ ਦਾਤ ਸਮੇਂ ਧੰਨ ਗੁਰੂ ਨਾਨਕ ਦੇਵ ਜੀ ਵਧਾਈ ਦੇਣ ਲਈ ਆਪ ਗ੍ਰਹਿ ਪਧਾਰੇ ਸਨ। ਆਪ ਜੀ ਦੇ ਪੁੱਤਰ ਭਾਨਾਂ ਜੀ ਦੇ ਨਾਂ ਅਤੇ ਆਪਣੇ ਨਗਰ ਤਲਵੰਡੀ ਦੇ ਨਾਂ ਤੇ ਇਸ ਨਗਰ ਦਾ ਨਾਂ 'ਭਾਨਾਂ ਤਲਵੰਡੀ' ਪਿਆ। ਬਾਬਾ ਭਾਨਾਂ ਜੀ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਛੇਵੇ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਬਤੀਤ ਕੀਤਾ। ਕੁੱਝ ਸਮੇਂ ਬਾਅਦ ਆਪ ਜੀ ਦੀ ਅੰਸ ਵੰਸ਼ ਵਿੱਚ ਬਾਬਾ ਝੰਡਾ ਜੀ ਨੇ ਜਨਮ ਲਿਆ ਅਤੇ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਇਸ ਨਗਰ ਵਿੱਚ ਬਾਬਾ ਬੁੱਢਾ ਜੀ ਦੇ ਗ੍ਰਹਿ ਵਿਖੇ ਵਧਾਈ ਦੇਣ ਲਈ ਆਏ ਸਨ।

ਉਸ ਸਮੇਂ ਧੰਨ ਬਾਬਾ ਬੁੱਢਾ ਜੀ ਨੇ ਗੁਰੂ ਰਾਮਦਾਸ ਜੀ ਨੂੰ ਬੇਨਤੀ ਕੀਤੀ ਕਿ ਨਗਰ ਦਾ ਨਾਮ ਆਪ ਜੀ ਦੇ ਨਾਮ ਤੇ ਰੱਖਣਾ ਹੈ। ਪਰ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਇਸ ਨਗਰ ਦਾ ਨਾਮ 'ਝੰਡਾ ਰਾਮਦਾਸਪੁਰ' ਰੱਖਿਆ ਜਾਵੇ ਅਤੇ ਹੁਣ ਇਸ ਨਗਰ ਦਾ ਨਾਮ ਰਾਮਦਾਸ ਜੀ ਦੇ ਨਾਮ ਕਰਕੇ ਪ੍ਰਸਿੱਧ ਹੈ। ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਛੇਵੀਂ ਪੀੜ੍ਹੀ ਵਿੱਚੋਂ ਭਾਈ ਰਾਮ ਕੰਵਰ ਜੀ ਹੋਏ ਜੋ ਬਾਅਦ ਵਿੱਚ ਖੰਡੇ ਦੀ ਪਾਹੁਲ ਲੈ ਕੇ ਗੁਰਬਖਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਏ। ਇਹਨਾਂ ਨੇ ਹੀ ਦਸ਼ਮ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਗੱਦੀ ਦਾ ਤਿਲਕ ਲਾਇਆ ਸੀ।

ਬ੍ਰਹਮ ਗਿਆਨੀ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਅੰਤਿਮ ਸਮੇਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਯਾਦ ਕੀਤਾ ਸੀ। ਉਸ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਚੱਲ ਕੇ ਬਾਬਾ ਬੁੱਢਾ ਜੀ ਦੇ ਗ੍ਰਹਿ ਰਾਮਦਾਸ ਵਿਖੇ ਪਹੁੰਚੇ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਦਾ ਸੀਸ ਆਪਣੀ ਗੋਦ ਵਿੱਚ ਲੈ ਕੇ ਪਲੋਸਦੇ ਹਨ ਅਤੇ ਬਾਬਾ ਬੁੱਢਾ ਸਾਹਿਬ ਜੀ ਸੰਮਤ 1688 ਬਿਕਰਮੀ (ਸੰਨ 1631 ਈ:) ਨੂੰ 125 ਸਾਲ ਦੀ ਉਮਰ ਵਿੱਚ ਆਖਰੀ ਸਵਾਸ ਤਿਆਗਦੇ ਹਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀ ਬਾਬਾ ਬੁੱਢਾ ਜੀ ਦਾ ਅੰਤਿਮ ਸੰਸਕਾਰ ਕੀਤਾ ਸੀ। ਉਸ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਬਾਬਾ ਬਿਧੀ ਚੰਦ ਜੀ, ਭਾਈ ਗੁਰਦਾਸ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ ਅਤੇ ਹੋਰ ਗੁਰਸਿੱਖ ਵੀ ਹਾਜ਼ਰ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਤਾਰਾਂ ਦਿਨ ਨਗਰ ਰਾਮਦਾਸ ਵਿਖੇ ਰਹਿ ਕੇ ਬਾਬਾ ਬੁੱਢਾ ਸਾਹਿਬ ਜੀ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਸਨ। ਹੁਣ ਇਹ ਅਸਥਾਨ ਗੁਰਦੁਆਰਾ ਤੱਪ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਸੁਸ਼ੋਭਿਤ ਹੈ। ਇਸ ਨਗਰ ਵਿੱਚ ਗੁਰਦੁਆਰਾ ਸ੍ਰੀ ਕਿਸ਼ਨ ਕੰਵਰ ਜੀ, ਗੁਰਦੁਆਰਾ ਭਾਈ ਸੁੱਖਾ ਜੀ ਵੀ ਸੁਸ਼ੋਭਿਤ ਹਨ। ਬਾਬਾ ਬੁੱਢਾ ਜੀ ਸਿੱਖ ਇਤਿਹਾਸ ਅੰਦਰ ਇੱਕ ਹੀ ਵੇਲੇ ਬ੍ਰਹਮ ਗਿਆਨੀ, ਅਨਿੰਨ ਸੇਵਕ, ਪਰਉਪਕਾਰੀ, ਵਿਦਵਾਨ, ਦੂਰ-ਅੰਦੇਸ਼, ਮਹਾਨ ਉਸਰਈਏ, ਪ੍ਰਚਾਰਕ ਜਿਹੇ ਵਿਸ਼ੇਸ਼ਣਾਂ ਨਾਲ ਜਾਣੀ ਜਾਣ ਵਾਲੀ ਸ਼ਖ਼ਸੀਅਤ ਹਨ। ਬਾਬਾ ਬੁੱਢਾ ਜੀ ਨੇ 125 ਸਾਲ ਦੀ ਉਮਰ ਵਿੱਚੋ 113 ਸਾਲ ਸਿੱਖੀ ਅਤੇ ਸਿੱਖ ਧਰਮ ਲਈ ਸੇਵਾ ਨਿਭਾਈ।



ਅਮਰਦੀਪ ਸਿੰਘ ਹੋਠੀ
ਰਾਮਦਾਸ
ਬ੍ਰਿਸਬੇਨ (ਆਸਟਰੇਲੀਆ)

ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸੀਅਤ ਪੁੱਤਰਾਂ ਦੇ ਦਾਨੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਹੈੱਡ ਗ੍ਰੰਥੀ, 6 ਗੁਰੂਆਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਅਤੇ 5 ਗੁਰੂਆਂ ਨੂੰ ਗੁਰਆਈ ਤਿਲਕ ਲਗਾਉਣ ਦਾ ਮਾਣ ਪ੍ਰਾਪਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਸਲਾਨਾ ਜੋੜ ਮੇਲਾ ਜੋ ਕਿ 4, 5 ਅਤੇ 6 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਵੱਖ-ਵੱਖ ਜਥੇਬੰਦੀਆਂ ਅਤੇ ਸਮੂਹ ਮਾਈ-ਭਾਈ ਦੇ ਸਾਂਝੇ ਉੱਦਮ ਨਾਲ ਸ਼ਰਧਾ ਭਾਵਨਾ ਸਹਿਤ 'ਨਗਰ ਰਾਮਦਾਸ' ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ।

ਪੂਰਨ ਗੁਰਸਿੱਖ ਬਾਬਾ ਬੁੱਢਾ ਜੀ ਦਾ ਜਨਮ 7 ਕੱਤਕ 1563 ਬਿਕਰਮੀ (22 ਅਕਤੂਬਰ, 1506 - 16 ਨਵੰਬਰ 1631) ਨੂੰ ਪਿੰਡ ਗੱਗੋਨੰਗਲ, ਜਿਸ ਨੂੰ ਹੁਣ ਕੱਥੂਨੰਗਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਸੁੱਘਾ ਜੀ ਰੰਧਾਵਾ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਪਿਤਾ 22 ਪਿੰਡਾਂ ਦੇ ਮਾਲਕ ਸਨ। ਆਪ ਜੀ ਦੇ ਮਾਤਾ ਗੌਰਾਂ ਬਹੁਤ ਹੀ ਭਜਨ ਬੰਦਗੀ ਸੁਭਾਉ ਵਾਲੇ ਸਨ ਅਤੇ ਉਹਨਾਂ ਦੀ ਭਜਨ ਬੰਦਗੀ ਦਾ ਪ੍ਰਭਾਵ ਬਾਬਾ ਬੁੱਢਾ ਜੀ 'ਤੇ ਵੀ ਪਿਆ।

ਮਾਪਿਆਂ ਨੇ ਉਹਨਾਂ ਦਾ ਨਾਂ ਬੂੜਾ ਰੱਖਿਆ। ਕੁਝ ਚਿਰ ਮਗਰੋਂ ਉਹਨਾਂ ਦੇ ਮਾਪੇ ਪਿੰਡ ਰਮਦਾਸ ਆ ਵੱਸੇ ਸਨ ਅਤੇ ਬਾਅਦ ਵਿੱਚ ਮੱਝਾਂ ਦੇ ਵਾਗੀ ਵੀ ਬਣੇ। ਬਾਬਾ ਬੁੱਢਾ ਜੀ ਦੀ ਉਮਰ ਅਜੇ 12 ਕੁ ਸਾਲ ਦੀ ਹੀ ਸੀ ਜਦੋਂ ਉਹਨਾਂ ਕੱਥੂਨੰਗਲ ਵਿਖੇ ਪੁੱਜੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਇਸ ਉਪਰੰਤ ਉਹ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ। ਉਹ ਰੋਜ਼ ਗੁਰੂ ਜੀ ਕੋਲ ਆਉਂਦੇ ਅਤੇ ਉਹਨਾਂ ਦਾ ਉਪਦੇਸ਼ ਸੁਣਦੇ ਅਤੇ ਉਹਨਾਂ ਵਾਸਤੇ ਦੁੱਧ ਲਿਆ ਕੇ ਭੇਟ ਕਰਦੇ। ਇੱਕ ਦਿਨ ਗੁਰੂ ਜੀ ਨੇ ਬੂੜਾ ਜੀ ਨੂੰ ਉਹਨਾਂ ਬਾਰੇ ਪੁੱਛਿਆ ਅਤੇ ਗੁਰੂ ਜੀ ਨੇ ਬੂੜਾ ਜੀ ਦੇ ਜੁਆਬ ਸੁਣ ਕੇ ਕਿਹਾ ਕਿ 'ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁੱਢਿਆਂ (ਬਜ਼ੁਰਗਾਂ) ਵਾਂਗ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ।' ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁੱਢਾ ਜੀ' ਪੈ ਗਿਆ।

ਸਿੱਖ ਉਹਨਾਂ ਨੂੰ ਪਿਆਰ ਨਾਲ ਬਾਬਾ ਬੁੱਢਾ ਜੀ ਆਖਦੇ ਹਨ। ਬਾਬਾ ਬੁੱਢਾ ਜੀ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਸਨ। ਉਹ ਖੇਤਾਂ ਵਿੱਚ ਜਾ ਕੇ ਹੱਥੀਂ ਕੰਮ ਕਰਦੇ ਅਤੇ ਨਾਮ ਜਪਦੇ ਰਹਿੰਦੇ ਸਨ। ਉਹਨਾਂ ਨੇ ਆਪਣਾ ਜੀਵਨ ਮਨੁੱਖਤਾ ਦੀ ਸੇਵਾ ਵਿੱਚ ਲਗਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ' ਦੇ ਉਪਦੇਸ਼ ਨੂੰ ਕਮਾ ਕੇ ਦਿਖਾਇਆ। ਗੁਰੂ ਨਾਨਕ ਦੇਵ ਜੀ ਉਹਨਾਂ ਉੱਪਰ ਬਹੁਤ ਪ੍ਰਸੰਨ ਸਨ ਅਤੇ ਜਦੋਂ ਗੁਰੂ ਜੀ ਨੇ ਗੁਰਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ, ਤਾਂ ਗੁਰੂ ਜੀ ਨੇ ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ ਸੀ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਕਰਦੇ ਰਹੇ।

ਸਿੱਖ ਇਤਿਹਾਸਕਾਰਾਂ ਅਨੁਸਾਰ ਜਦੋਂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਬਾਦਸ਼ਾਹ ਅਕਬਰ ਵੱਲੋਂ ਚਿਤੌੜ ਦਾ ਕਿਲ੍ਹਾ ਫਤਿਹ ਕਰਨ ਉਪਰੰਤ ਪ੍ਰਗਣਾ ਝਬਾਲ (12 ਪਿੰਡ) ਗੁਰੂ ਘਰ ਨੂੰ ਭੇਂਟ ਕੀਤੇ ਤਾਂ ਉਹਨਾਂ ਨੇ ਬਾਬਾ ਬੁੱਢਾ ਜੀ ਨੂੰ ਇਸ ਜਗੀਰ ਦਾ ਕਾਰ ਮੁਖਤਾਰ ਬਣਾ ਕੇ ਇੱਥੇ ਬੀੜ ਵਿਖੇ ਡੇਰਾ ਲਾਉਣ ਦਾ ਹੁਕਮ ਦਿੱਤਾ। ਬਾਬਾ ਬੁੱਢਾ ਜੀ ਨੇ ਝਬਾਲ-ਢੰਡ-ਕਸੇਲ ਦੇ ਮੱਧ ਜਿਹੇ ਇੱਕ ਵਿਰਾਨ ਜਿਹੇ ਅਸਥਾਨ 'ਤੇ ਡੇਰਾ ਲਾਇਆ ਸੀ। ਇਸ ਜੰਗਲ ਜਿਹੇ ਅਸਥਾਨ 'ਤੇ ਅੱਜ ਮੰਗਲ ਬਣਿਆ ਹੋਇਆ ਹੈ। ਸਿੱਖ ਇਤਿਹਾਸ ਅਨੁਸਾਰ ਧੰਨ ਧੰਨ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦੀ ਦਾਤ ਲਈ ਅਸ਼ੀਰਵਾਦ ਦਿੱਤਾ ਅਤੇ ਕਿਹਾ ਮਾਤਾ ਜੀ ਆਪ ਜੀ ਦੇ ਘਰ 'ਚ ਮਹਾਨ ਯੋਧਾ ਪੈਦਾ ਹੋਵੇਗਾ, ਜੋ ਮਨੁੱਖਤਾ ਅਤੇ ਧਰਮ ਦੀ ਰਾਖੀ ਲਈ ਮੁਗਲਾਂ ਦੇ ਸਿਰ ਕੁਚਲੇਗਾ। ਉਸ ਤੋਂ ਬਾਅਦ ਮਾਤਾ ਗੰਗਾ ਜੀ ਦੇ ਘਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਨਮ ਲਿਆ।

ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ ਗੁਰਿਆਈ ਰਸਮ ਨਿਭਾਉਣ ਦਾ ਸੁਭਾਗ ਬਾਬਾ ਬੁੱਢਾ ਜੀ ਨੂੰ ਪ੍ਰਾਪਤ ਹੋਇਆ ਹੈ। ਆਪ ਜੀ ਦਾ ਵਿਆਹ ਪਿੰਡ ਅਚੱਲ ਦੇ ਜ਼ਿਮੀਂਦਾਰ ਦੀ ਲੜਕੀ ਬੀਬੀ ਮਿਰੋਆ ਨਾਲ ਹੋਇਆ। ਬਾਬਾ ਜੀ ਦੇ ਗ੍ਰਹਿ ਚਾਰ ਪੁੱਤਰ ਭਾਈ ਸਿਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਜੀ ਅਤੇ ਭਾਈ ਭਾਨਾਂ ਜੀ ਹੋਏ ਸਨ। ਚੌਥੇ ਪੁੱਤਰ ਭਾਨਾਂ ਜੀ ਦੀ ਦਾਤ ਸਮੇਂ ਧੰਨ ਗੁਰੂ ਨਾਨਕ ਦੇਵ ਜੀ ਵਧਾਈ ਦੇਣ ਲਈ ਆਪ ਗ੍ਰਹਿ ਪਧਾਰੇ ਸਨ। ਆਪ ਜੀ ਦੇ ਪੁੱਤਰ ਭਾਨਾਂ ਜੀ ਦੇ ਨਾਂ ਅਤੇ ਆਪਣੇ ਨਗਰ ਤਲਵੰਡੀ ਦੇ ਨਾਂ ਤੇ ਇਸ ਨਗਰ ਦਾ ਨਾਂ 'ਭਾਨਾਂ ਤਲਵੰਡੀ' ਪਿਆ। ਬਾਬਾ ਭਾਨਾਂ ਜੀ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਛੇਵੇ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਬਤੀਤ ਕੀਤਾ। ਕੁੱਝ ਸਮੇਂ ਬਾਅਦ ਆਪ ਜੀ ਦੀ ਅੰਸ ਵੰਸ਼ ਵਿੱਚ ਬਾਬਾ ਝੰਡਾ ਜੀ ਨੇ ਜਨਮ ਲਿਆ ਅਤੇ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਇਸ ਨਗਰ ਵਿੱਚ ਬਾਬਾ ਬੁੱਢਾ ਜੀ ਦੇ ਗ੍ਰਹਿ ਵਿਖੇ ਵਧਾਈ ਦੇਣ ਲਈ ਆਏ ਸਨ।

ਉਸ ਸਮੇਂ ਧੰਨ ਬਾਬਾ ਬੁੱਢਾ ਜੀ ਨੇ ਗੁਰੂ ਰਾਮਦਾਸ ਜੀ ਨੂੰ ਬੇਨਤੀ ਕੀਤੀ ਕਿ ਨਗਰ ਦਾ ਨਾਮ ਆਪ ਜੀ ਦੇ ਨਾਮ ਤੇ ਰੱਖਣਾ ਹੈ। ਪਰ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਇਸ ਨਗਰ ਦਾ ਨਾਮ 'ਝੰਡਾ ਰਾਮਦਾਸਪੁਰ' ਰੱਖਿਆ ਜਾਵੇ ਅਤੇ ਹੁਣ ਇਸ ਨਗਰ ਦਾ ਨਾਮ ਰਾਮਦਾਸ ਜੀ ਦੇ ਨਾਮ ਕਰਕੇ ਪ੍ਰਸਿੱਧ ਹੈ। ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਛੇਵੀਂ ਪੀੜ੍ਹੀ ਵਿੱਚੋਂ ਭਾਈ ਰਾਮ ਕੰਵਰ ਜੀ ਹੋਏ ਜੋ ਬਾਅਦ ਵਿੱਚ ਖੰਡੇ ਦੀ ਪਾਹੁਲ ਲੈ ਕੇ ਗੁਰਬਖਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਏ। ਇਹਨਾਂ ਨੇ ਹੀ ਦਸ਼ਮ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਗੱਦੀ ਦਾ ਤਿਲਕ ਲਾਇਆ ਸੀ।

ਬ੍ਰਹਮ ਗਿਆਨੀ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਅੰਤਿਮ ਸਮੇਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਯਾਦ ਕੀਤਾ ਸੀ। ਉਸ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਚੱਲ ਕੇ ਬਾਬਾ ਬੁੱਢਾ ਜੀ ਦੇ ਗ੍ਰਹਿ ਰਾਮਦਾਸ ਵਿਖੇ ਪਹੁੰਚੇ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਦਾ ਸੀਸ ਆਪਣੀ ਗੋਦ ਵਿੱਚ ਲੈ ਕੇ ਪਲੋਸਦੇ ਹਨ ਅਤੇ ਬਾਬਾ ਬੁੱਢਾ ਸਾਹਿਬ ਜੀ ਸੰਮਤ 1688 ਬਿਕਰਮੀ (ਸੰਨ 1631 ਈ:) ਨੂੰ 125 ਸਾਲ ਦੀ ਉਮਰ ਵਿੱਚ ਆਖਰੀ ਸਵਾਸ ਤਿਆਗਦੇ ਹਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀ ਬਾਬਾ ਬੁੱਢਾ ਜੀ ਦਾ ਅੰਤਿਮ ਸੰਸਕਾਰ ਕੀਤਾ ਸੀ। ਉਸ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਬਾਬਾ ਬਿਧੀ ਚੰਦ ਜੀ, ਭਾਈ ਗੁਰਦਾਸ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ ਅਤੇ ਹੋਰ ਗੁਰਸਿੱਖ ਵੀ ਹਾਜ਼ਰ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਤਾਰਾਂ ਦਿਨ ਨਗਰ ਰਾਮਦਾਸ ਵਿਖੇ ਰਹਿ ਕੇ ਬਾਬਾ ਬੁੱਢਾ ਸਾਹਿਬ ਜੀ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਸਨ। ਹੁਣ ਇਹ ਅਸਥਾਨ ਗੁਰਦੁਆਰਾ ਤੱਪ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਸੁਸ਼ੋਭਿਤ ਹੈ। ਇਸ ਨਗਰ ਵਿੱਚ ਗੁਰਦੁਆਰਾ ਸ੍ਰੀ ਕਿਸ਼ਨ ਕੰਵਰ ਜੀ, ਗੁਰਦੁਆਰਾ ਭਾਈ ਸੁੱਖਾ ਜੀ ਵੀ ਸੁਸ਼ੋਭਿਤ ਹਨ। ਬਾਬਾ ਬੁੱਢਾ ਜੀ ਸਿੱਖ ਇਤਿਹਾਸ ਅੰਦਰ ਇੱਕ ਹੀ ਵੇਲੇ ਬ੍ਰਹਮ ਗਿਆਨੀ, ਅਨਿੰਨ ਸੇਵਕ, ਪਰਉਪਕਾਰੀ, ਵਿਦਵਾਨ, ਦੂਰ-ਅੰਦੇਸ਼, ਮਹਾਨ ਉਸਰਈਏ, ਪ੍ਰਚਾਰਕ ਜਿਹੇ ਵਿਸ਼ੇਸ਼ਣਾਂ ਨਾਲ ਜਾਣੀ ਜਾਣ ਵਾਲੀ ਸ਼ਖ਼ਸੀਅਤ ਹਨ। ਬਾਬਾ ਬੁੱਢਾ ਜੀ ਨੇ 125 ਸਾਲ ਦੀ ਉਮਰ ਵਿੱਚੋ 113 ਸਾਲ ਸਿੱਖੀ ਅਤੇ ਸਿੱਖ ਧਰਮ ਲਈ ਸੇਵਾ ਨਿਭਾਈ।

# ਵਰਲਡ ਰਿਕਾਰਡ ਬਣਾਉਣ ਵਾਲੇ ਸਿੱਖ ਨੌਜਵਾਨ ਕੁੰਵਰ ਅੰਮ੍ਰਿਤਬੀਰ ਸਿੰਘ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ


















ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਮੇਟੀ ਦੀ ਟੀਮ ਵੱਲੋਂ ਅੱਜ ਪੁਸ਼ਅੱਪ ਵਿਚ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਵਾਉਣ ਵਾਲੇ ਪੰਜਾਬ ਦੇ ਗੁਰਦਾਸਪੁਰ ਦੇ ਨੌਜਵਾਨ ਕੁੰਵਰ ਅੰਮ੍ਰਿਤਬੀਰ ਸਿੰਘ ਦਾ ਸਨਮਾਨ ਕੀਤਾ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਗੱਲ ਹੈ ਕਿ ਕੁੰਵਰ ਅੰਮ੍ਰਿਤਬੀਰ ਸਿੰਘ ਨੇ ਆਪਣੇ ਜਜ਼ਬੇ ਤੇ ਪਰਿਵਾਰ ਦੇ ਸਹਿਯੋਗ ਨਾਲ ਮੱਲਾਂ ਮਾਰੀਆਂ ਤੇ ਇੰਨੀ ਵੱਡੀ ਪ੍ਰਾਪਤੀ ਹਾਸਲ ਕੀਤੀ ਤੇ ਬਰੂਸ ਲੀ ਦਾ ਰਿਕਾਰਡ ਤੋੜਿਆ ਜੋ ਬਹੁਤ ਵੱਡੀ ਪ੍ਰਾਪਤੀ ਹੈ। ਉਹਨਾਂ ਦੱਸਿਆ ਕਿ ਬਰੂਸ ਲੀ ਨੇ 83 ਵਾਰ ਡੰਡ ਬੈਠਕਾਂ ਮਾਰੀਆਂ ਤੇ ਇਸ ਨੌਜਵਾਨ ਨੇ ਉਂਗਲਾਂ ’ਤੇ 86 ਵਾਰ ਡੰਡ ਬੈਠਕਾਂ ਮਾਰੀਆਂ ਹਨ।

ਉਹਨਾਂ ਕਿਹਾ ਕਿ ਵੱਡੀ ਗੱਲ ਇਹ ਹੈ ਕਿ ਇਸ ਨੌਜਵਾਨ ਨੇ ਕਿਸੇ ਜਿੰਮ ਵਿਚ ਮੈਂਬਰਸ਼ਿਪ ਨਹੀਂ ਲਈ ਤੇ ਘਰ ਦੀ ਖੁਰਾਕ ਖਾ ਕੇ ਘਰ ਵਿਚ ਪ੍ਰੈਕਟਿਸ ਕਰ ਕੇ ਬਿਨਾਂ ਕਿਸੇ ਹੋਰ ਚੀਜ਼ ਦੀ ਪ੍ਰੈਕਟਿਸ ਕਰ ਕੇ ਵਿਸ਼ਵ ਰਿਕਾਰਡ ਬਣਾਇਆ ਜੋ ਬਹੁਤ ਹੀ ਖੁਸ਼ੀ ਦੀ ਗੱਲ ਹੈ। ਉਹਨਾਂ ਕਿਹਾ ਕਿ ਦਿੱਲੀ ਕਮੇਟੀ ਦੇ ਅਹੁਦੇਦਾਰ ਤੇ ਮੈਂਬਰਾਂ ਨੇ ਇਸ ਨੌਜਵਾਨ ਨੂੰ ਵਧਾਈ ਦੇਣ ਤੇ ਇਸਦਾ ਸਨਮਾਨ ਕਰਨ ਦਾ ਫੈਸਲਾ ਲਿਆ।

ਉਹਨਾਂ ਕਿਹਾ ਕਿ ਨੌਜਵਾਨ ਵਰਗ ਵਾਸਤੇ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਜਿਹੜਾ ਪ੍ਰੋਟੀਨ ਉਹ ਲੈਂਦੇ ਹਨ, ਡਾਕਟਰਾਂ ਨੇ ਉਹ ਮਨਾ ਕੀਤਾ ਹੈ। ਉਹਨਾਂ ਕਿਹਾ ਕਿ ਕੁੰਵਰ ਅਜੈਬੀਰ ਸਿੰਘ ਵਾਂਗ ਨੌਜਵਾਨਾਂ ਅੰਦਰ ਭਾਵਨਾ ਹੋਣੀ ਚਾਹੀਦੀ ਹੈ।

ਉਹਨਾਂ ਕਿਹਾ ਕਿ ਇਹ ਨੌਜਵਾਨ ਪੁਸ਼ ਅੱਪ ਮੈਨ ਵਜੋਂ ਮਸ਼ਹੂਰ ਹੈ ਪਰ ਅਸੀਂ ਇਸਨੂੰ ਪੁਸ਼ ਅੱਪ ਸਿੱਖ ਦਾ ਨਾਂ ਦਿਆਂਗੇ।


ਦੋਵਾਂ ਆਗੂਆਂ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਹੁੰਦਾ ਹੈ ਜਦੋਂ ਸਾਡੇ ਦੇਸ਼ ਦਾ ਕੋਈ ਵੀ ਬੱਚਾ, ਹਿੰਦੋਸਤਾਨ ਦਾ ਕੋਈ ਵੀ ਬੱਚਾ ਕੌਮਾਂਤਰੀ ਪੱਧਰ ’ਤੇ ਪ੍ਰਾਪਤੀਆਂ ਕਰਦਾ ਹੈ। ਉਹਨਾਂ ਕਿਹਾ ਕਿ ਕੁੰਵਰ ਅੰਮ੍ਰਿਤਬੀਰ ਸਿੰਘ ਨੇ ਜੋ ਮੀਲ ਪੱਥਰ ਸਥਾਪਿਤ ਕੀਤਾ ਹੈ ਤੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ ਇਸ ਨਾਲ ਪੰਜਾਬ ਤੇ ਸਿੱਖਾਂ ਦਾ ਵੀ ਮਾਣ ਵਧਿਆ ਹੈ। ਉਹਨਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਹਾਕੀ ਵਿਚ ਸੀਨੀਅਰ ਬਲਬੀਰ ਸਿੰਘ ਦੁਨੀਆਂ ਵਿਚ ਖੇਡਾਂ ਵਾਸਤੇ ਜਾਣੇ ਜਾਂਦੇ ਸਨ। ਉਹਨਾਂ ਕਿਹਾ ਕਿ ਜਦੋਂ ਹਾਕੀ ਦਾ ਮੈਚ ਹੁੰਦਾ ਸੀ ਤਾਂ 11 ਵਿਚੋਂ 10 ਸਿੱਖ ਖਿਡਾਰੀ ਖੇਡਦੇ ਹੁੰਦੇ ਸਨ। ਉਹਨਾਂ ਕਿਹਾ ਕਿ ਫੁੱਟਬਾਲ ਦਾ ਵਰਲਡ ਕੱਪ ਵੀ ਭਾਰਤ ਨੇ ਜਰਨੈਲ ਸਿੰਘ ਨਾਂ ਦੇ ਸਿੱਖ ਦੀ ਅਗਵਾਈ ਹੇਠ ਜਿੱਤਿਆ।

ਉਹਨਾਂ ਕਿਹਾ ਕਿ ਨੌਜਵਾਨਾਂ ਵਿਚ ਇਹ ਸੰਦੇਸ਼ ਜਾਣਾ ਚਾਹੀਦਾ ਹੈ ਕਿ ਜੇਕਰ ਮਿਥ ਲਿਆ ਤਾਂ ਕੁਝ ਵੀ ਅਸੰਭਵ ਨਹੀਂ ਹੁੰਦਾ। ਉਹਨਾਂ ਕਿਹਾ ਕਿ ਇਕ ਪਾਸੇ ਨੌਜਵਾਨ ਪੰਜਾਬ ਵਿਚ ਨਸ਼ਿਆਂ ਦਾ ਸ਼ਿਕਾਰ ਹਨ ਤੇ ਦੂਜੇ ਪਾਸੇ ਕੁੰਵਰ ਅੰਮ੍ਰਿਤਬੀਰ ਸਿੰਘ ਨੇ ਘਰ ਵਿਚ ਰੁੱਖੀ ਸੁੱਕੀ ਖਾ ਕੇ ਇੰਨਾ ਵੱਡਾ ਮਾਣ ਹਾਸਲ ਕੀਤਾ ਹੈ।


ਉਹਨਾਂ ਕਿਹਾ ਕਿ ਦਿੱਲੀ ਕਮੇਟੀ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਜਦੋਂ ਵੀ ਸਿੱਖ ਬੱਚੇ ਕਿਸੇ ਵੀ ਖੇਤਰ ਵਿਚ ਕੋਈ ਮੱਲ ਮਾਰਦੇ ਹਨ ਤਾਂ ਦਿੱਲੀ ਕਮੇਟੀ ਉਹਨਾਂ ਦੀ ਸਹਾਇਤਾ ਵਾਸਤੇ ਹਮੇਸ਼ਾ ਤਿਆਰ ਰਹਿੰਦੀ ਹੈ।

ਉਹਨਾਂ ਕਿਹਾ ਕਿ ਅਸੀਂ ਇਸ ਬੱਚੇ ਦੀ ਵੀ ਮਦਦ ਕਰਾਂਗੇ। ਉਹਨਾਂ ਕਿਹਾ ਕਿ ਸਾਡਾ ਸਿਰਫ ਇਕ ਹੀ ਮਕਸਦ ਹੈ ਕਿ ਜਦੋਂ ਤੁਸੀਂ ਸਿੱਖ ਪਰਿਵਾਰ ਵਿਚ ਪੈਦਾ ਹੋਏ ਤਾਂ ਤੁਸੀਂ ਸਿੱਖੀ ਸਰੂਪ ਵਿਚ ਰਹਿ ਕੇ ਪ੍ਰਾਪਤੀਆਂ ਹਾਸਲ ਕਰੋ।


# ਅਮਰੀਕਾ ਹੀ ਨਹੀਂ, ਅਮਰੀਕੀ ਫੌਜ ਕਾਰਨ ਪੂਰੀ ਦੁਨੀਆ ਆਜ਼ਾਦੀ ਦਾ ਆਨੰਦ ਮਾਣ ਰਹੀ ਹੈ









*12 ਸਤੰਬਰ ਸਾਕਾ ਸਾਰਾਗੜ੍ਹੀ ’ਤੇ ਵਿਸ਼ੇਸ਼*

# “ਸਾਰਾਗੜ੍ਹੀ ਦੀ ਜੰਗ” ਸਿੱਖ ਬਹਾਦਰੀ ਦੀ ਰਣਨੀਤਕ ਜਿੱਤ



ਮਹਾਰਾਜਾ ਰਣਜੀਤ ਸਿੰਘ ਜੀ ਵਲੋਂ, ਸਿੱਖ ਸੰਘ ਸਥਾਪਤ ਕਰਨ ਤੇ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ। ਬਰਤਾਨਵੀ ਬਸਤੀਵਾਦ ਹਾਕਮਾਂ ਨੇ ਉਨ੍ਹਾਂ ਹੀ ਕਿਲ੍ਹਿਆਂ ਦਾ ਵਿਸਥਾਰ ਕੀਤਾ। ਜਿਥੋਂ ਉਨ੍ਹਾਂ ਨੇ ਐਨਡਬਲਿਊਐਫਪੀ (ਉੱਤਰੀ ਪੱਛਮੀ ਸਰਹੱਦੀ ਸੂਬਾ) ਪਾਕਿਸਤਾਨ ਦਾ ਨਿਯੰਤਰਣ ਕੀਤਾ। ਕਿਉਂਕਿ ਪਠਾਣ ਤੇ ਕਬਾਇਲੀਆਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਨਾਂ ਕੀਤੀ। ਉਨ੍ਹਾਂ 1896 ਵਿਚ ਬਾਗਵਤ ਕਰ ਦਿੱਤੀ। ਇਹ ਸੂਬਾ ਵਪਾਰਕ ਤੌਰ ’ਤੇ ਅੰਗਰੇਜ਼ਾਂ ਲਈ ਬੜਾ ਮਹੱਤਵ ਰੱਖਦਾ ਸੀ। ਲੜਾਕੂ ਪਠਾਣ ਅਕਸਰ ਹੀ ਵਪਾਰੀਆਂ ਅਤੇ ਫੌਜੀ ਟੁਕੜੀਆਂ ਦਾ ਸਮਾਨ ਲੁੱਟ ਲੈਂਦੇ ਸਨ। ਕਬਾਲਿਆਂ ਦੀਆਂ ਮਾਰੂ ਝੜਪਾਂ ਅਤੇ ਉਨ੍ਹਾਂ ਦੀ ਵੱਡੀ ਫੌਜ ਵਿਰੁੱਧ ਆਪਣੀ ਫੌਜ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਕਿਲ੍ਹਿਆਂ ਦੇ ਵਿਸਥਾਰ ਵੱਲ ਧਿਆਨ ਦਿੱਤਾ। ਇਸ ਖੇਤਰ ਵਿਚ ਫੌਜੀ ਅਭਿਆਸ ਹੁਨਰ ਸਿਖਲਾਈ ਕੇਂਦਰ ਵੀ ਸਥਾਪਤ ਕੀਤਾ। ਫਿਰ ਵੀ ਕਬਾਇਲੀਆਂ ਦੀਆਂ ਗੰਭੀਰ ਝੜਪਾਂ ’ਤੇ ਨਿਯੰਤਰਣ ਪਾਉਣ ਲਈ ਬਰਤਾਨਵੀ ਬਹੁਤੇ ਸਫਲ ਨਹੀਂ ਹੋਏ।

ਹਿੰਦੂਕਸ਼ ਅਤੇ ਸਲੇਮਾਨ ਪਹਾੜੀਆਂ ਵਿਚ ਸਮਾਣਾ ਚੋਟੀ ਤੇ ਦੋ ਕਿਲ੍ਹੇ ਲਾਕਹਾਰਟ ਅਤੇ ਗੁਲਿਸਤਾਨ ਕੁਝ ਦੂਰੀ ’ਤੇ ਸਥਿਤ ਸਨ। ਜੋ ਭੂਗੋਲਿਕ ਸਥਿਤੀ ਕਰਕੇ ਇਕ ਦੂਸਰੇ ਤੋਂ ਅਦ੍ਰਿਸ਼ ਸਨ। ਦੋਹਾਂ ਵਿਚ ਆਪਸੀ ਤਾਲ-ਮੇਲ ਬਣਾਈ ਰੱਖਣ ਲਈ ਪ੍ਰਕਾਸ਼ ਸੰਕੇਤ ਸੰਚਾਰ ਯੰਤਰ ਨਾਲ ਇਕ ਸਾਰਾਗੜ੍ਹੀ ਚੌਕੀ ਕਿਲ੍ਹਿਆਂ ਵਿਚਕਾਰ ਸਥਾਪਤ ਕੀਤੀ ਗਈ। ਅਗਸਤ 27 ਅਤੇ ਸਤੰਬਰ 11/1896 ਨੂੰ ਪਸ਼ਤੂਨ ਦੁਆਰਾ ਕਿਲ੍ਹੇ ਤੇ ਕਬਜ਼ਾ ਕਰਨ ਦੀ ਵੱਡੀ ਕੋਸ਼ਿਸ਼ ਨੂੰ 36ਵੀਂ ਸਿੱਖ ਸੈਨਾ ਟੁਕੜੀ ਹੁਣ 4 ਸੈਨਾ ਟੁਕੜੀ ਨੇ ਨਾਕਾਮ ਕਰ ਦਿੱਤਾ। ਸੰਨ 1897 ਵਿਚ ਬ੍ਰਿਟਿਸ਼ ਖਿਲਾਫ਼ ਉਤਰ ਪੱਛਮੀ ਸਰਹੱਦੀ ਸੂਬੇ (ਐਨ.ਡਬਲਿਊ.ਐਫ.ਪੀ.) ਵਿਚ ਸਮੂਹਿਕ ਅਫ਼ਗਾਨ ਵਿਦਰੋਹ ਹੋਇਆ। ਜਿਸ ਵਿਚ ਮੁਲਿਆਂ ਨੇ ਧਾਰਮਿਕ ਰੰਗਤ ਦੇ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦਾ ਲਾਕਹਾਰਟ ਅਤੇ ਗੁਲਿਸਤਾਨ ਕਿਲਿਆਂ ’ਤੇ ਕਬਜ਼ਾ ਸੀ। ਸਤੰਬਰ 3 ਅਤੇ 9/1897 ਨੂੰ ਉਰਕਜਾਈ ਅਤੇ ਅਫਰੀਦੀ ਫੌਜਾਂ ਨੇ ਗੁਲਿਸਤਾਨ ਕਿਲ੍ਹੇ ’ਤੇ ਹਮਲਾ ਕਰ ਦਿੱਤਾ। ਲਾਕਹਾਰਟ ਕਿਲ੍ਹੇ ਨੌਂ ਰਾਹਤ ਫੌਜੀ ਸਹਾਇਤਾ ਭੇਜੀ ਗਈ ਤਾਂ ਦੁਸ਼ਮਣ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ।

ਕਿਲ੍ਹੇ ਲਾਕਹਾਰਟ ਦੀ ਰਾਹਤ ਸੈਨਾ ਟੁਕੜੀ ਨੇ ਪਰਤਦਿਆਂ ਸਾਰਾਗੜ੍ਹੀ ਵਿਖੇ ਤਾਇਨਾਤ ਟੁਕੜੀ ਨੂੰ ਹੋਰ ਮਜਬੂਤ ਕਰਨ ਲਈ ਤਿੰਨ ਗੈਰ ਅਯੋਗ ਅਧਿਕਾਰੀਆਂ ਅਤੇ 18 ਹੋਰ ਸੈਨਿਕ ਤਾਇਨਾਤ ਕੀਤੇ। ਜਿਨ੍ਹਾਂ ਦਾ ਮੁਖੀ ਹੌਲਦਾਰ ਈਸ਼ਰ ਸਿੰਘ ਸੀ।

ਸਤੰਬਰ 12/1897 ਦੇ ਚੜ੍ਹਦੇ ਦਿਨ 900 ਵਜੇ ਆਦਿਵਾਸੀ ਅਫ਼ਗਾਨਾ ਨੇ ਕਿਲ੍ਹਾ ਲਾਕਹਾਰਟ ਅਤੇ ਸਾਰਾਗੜ੍ਹੀ ਦੀ ਘੇਰਾਬੰਦੀ ਕਰ ਲਈ ਕਿ ਬਾਹਰੋਂ ਕੋਈ ਰਾਹਤ ਫੌਜੀ ਸਹਾਇਤਾ ਨੇ ਭੇਜੀ ਜਾ ਸਕੇ। ਇਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦੇ ਮੁਖੀ ਲੈਫਟੀਲੈਂਟ ਕਰਨਲ ਹਿਊਗਟਨ ਕਿਲ੍ਹਾ ਲਾਕਹਾਰਟ ਤੋਂ ਸੰਦੇਸ਼ ਰਾਹੀਂ ਸਾਰਾਗੜ੍ਹ ਦੇ ਸੰਪਰਕ ਵਿਚ ਸੀ। ਸਿਪਾਹੀ ਗੁਰਮੁਖ ਸਿੰਘ ਨੇ ਸੰਦੇਸ਼ ਭੇਜਿਆ ਕਿ ਸਾਰਾਗੜ੍ਹੀ ’ਤੇ ਹਮਲਾ ਹੋ ਗਿਆ ਹੈ। ਹਿਊਗਟਨ ਨੇ ਸੰਦੇਸ਼ ਦਿੱਤਾ ਕਿ ਜੰਗ ਦਾ ਮੋਰਚਾ ਸੰਭਾਲ ਲਓ। ਸਾਰਾਗੜ੍ਹੀ ਚੌਂਕੀ ਦੇ ਮੁਖੀ ਹੌਲਦਾਰ ਈਸ਼ਰ ਸਿੰਘ ਨੇ ਆਪਣੇ 20 ਸੈਨਿਕਾਂ ਨੂੰ ਵੰਗਾਰਿਆ ਕਿ ਅਸੀਂ ਲੜਾਂਗੇ। ਉਨ੍ਹਾਂ ਪ੍ਰਣ ਕੀਤਾ ਕਿ ਦੁਸ਼ਮਣ ਨੂੰ ਕਿਲ੍ਹਿਆਂ ਤੱਕ ਪਹੁੰਚਣ ਤੋਂ ਰੋਕਣ ਲਈ ਆਖਰੀ ਦਮ ਤੱਕ ਲੜਾਂਗੇ। ਆਖਰੀ ਗੋਲੀ ਆਖਰੀ ਜਵਾਨ ਤੱਕ। ਅਸੀਂ ਜਾਣਦੇ ਹਾਂ ਕਿ ਇਹ ਸਾਰੇ ਕੱਚੀਆਂ ਇੱਟਾਂ ’ਤੇ ਲੱਕੜ ਦਾ ਦਰਵਾਜ਼ਾ ਵਾਲੀ ਚੌਕੀ ਅਤੇ ਅਸੀਂ ਮੁੱਠੀ ਭਰ ਹਜ਼ਾਰਾਂ ਕਬਾਇਲੀਆਂ ਦੇ ਟਾਕਰਾ ਤਾਂ ਨਹੀਂ ਕਰ ਸਕਦੇ। ਅਸੀਂ ਦੁਸ਼ਮਣ ਨੂੰ ਪੂਰੀ ਟੱਕਰ ਦੇਵਾਂਗੇ। ਪਰ ਪਿੱਛ ਨਹੀਂ ਹਟਾਵਾਂਗੇ। ਸਿੱਖੀ ਜੰਗੀ ਰਵਾਇਤ ਨੂੰ ਕਾਇਮ ਰੱਖਦਿਆਂ ਜੂਝ ਮਰਾਂਗੇ। ਰਣਨੀਤਕ ਜੰਗ ਲੜਾਂਗੇ। ਸੰਕੇਤ ਤੋਂ ਹਿਊਗਟਨ ਨੇ ਵੇਖਿਆ ਕਿ ਦੁਸ਼ਮਣ 1000-14,000 ਦੀ ਗਿਣਤੀ ਵਿਚ ਹੈ।

ਦੁਪਹਿਰ 12.00 ਵਜੇ ਸਾਰਾਗੜ੍ਹੀ ਤੋਂ ਸੰਕੇਤ ਮਿਲਿਆ ਕਿ ਸਿਪਾਹੀ ਭਗਵਾਨ ਸਿੰਘ ਸ਼ਹੀਦ ਹੋ ਗਿਆ ਤੇ ਨਾਇਕ ਲਾਲ ਸਿੰਘ ਗੰਭੀਰ ਜ਼ਖ਼ਮੀ ਹੈ। ਤਿੰਨ ਰਾਇਫਲਾਂ ਵੀ ਦੁਸ਼ਮਣ ਦੀਆਂ ਗੋਲੀਆਂ ਨਾਲ ਟੁੱਟ ਗਈਆਂ ਹਨ। ਸਿਪਾਹੀ ਗਵਾਨ ਸਿੰਘ ਦੀ ਪਹਿਲੀ ਸ਼ਹੀਦੀ ਤੋਂ ਸਾਰਾਗੜ੍ਹੀ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਸਿੱਖਾਂ ਨੇ ਦੁਸ਼ਮਣ ਦੇ ਹਰ ਹਮਲੇ ਦਾ ਜਵਾਬ ਦਿੰਦਿਆਂ ਉਨ੍ਹਾਂ ਨੂੰ ਪਛਾੜਿਆਂ। ਹੁਣ ਸਿਪਾਹੀ ਬੂਟਾ ਸਿੰਘ ਤੇ ਸਿਪਾਹੀ ਸੁੰਦਰ ਸਿੰਘ ਸ਼ਹੀਦੀ ਪਾ ਗਏ। ਇਸ ਸਮੇਂ ਕਿਲ੍ਹੇ ਲਾਕਾਰਟ ਤੋਂ ਸਹਾਇਤਾ ਭੱਜਣ ਦੀ ਸੋਚੀ ਪਰ ਦੁਸ਼ਮਣ ਦੀ ਘੇਰਾਬੰਦੀ ਨੇ ਸੰਪਰਕ ਤੋੜ ਦਿੱਤੇ ਸਨ।



ਕਬਾਇਲੀਆਂ ਦੇ ਆਗੂ ਭਰਮਾਉਣ ਲੱਗੇ ਕਿ ਸਾਡੀ ਦੁਸ਼ਮਣੀ ਬ੍ਰਿਟਿਸ਼ ਨਾਲ ਹੈ। ਤੁਸੀਂ ਆਤਮ ਸਮਰਪਣ ਕਰ ਦਿਓ। ਤੁਹਾਨੂੰ ਸੁਰੱਖਿਆ ਜਾਣ ਦਿੱਤਾ ਜਾਵੇਗਾ ਅਤੇ ਤੋਹਫਿਆਂ ਨਾਲ ਨਿਵਾਜਿਆ ਜਾਵੇਗਾ। ਸਿੱਖ ਫੌਜ ਨੇ ਉਨ੍ਹਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ।

ਦੁਸ਼ਮਣ ਨੇ ਚੌਕੀ ਦੇ ਮੁੱਖ ਦਰਵਾਜ਼ੇ ਨੂੰ ਤੋੜਨ ਦੀਆਂ ਦੋ ਨਾਕਾਮ ਕੋਸ਼ਿਸ਼ ਕੀਤੀਆਂ। ਦੁਸ਼ਮਣ ਦਾ ਜਾਨੀ ਨੁਕਸਾਨ ਹੋਣ ਲੱਗਾ। ਦੁਸ਼ਮਣ ਦਾ ਰੋਹ ਵੱਧਦਾ ਗਿਆ, ਉਹ ਹਰ ਹੀਲੇ ਚੌਂਕੀ ’ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਸਿੱਖ ਫੌਜ ਦੀ ਗਿਣਤੀ ਘਟਣ ਲੱਗੀ। ਅਸਲਾ ਵੀ ਮੁੱਕਣ ’ਤੇ ਆਣ ਲੱਗਾ। ਸਿਪਾਹੀ ਗੁਰਮੁਖ ਸਿੰਘ ਸਿੱਖਾਂ ਦੀ ਬਹਾਦਰੀ ਦੇ ਦ੍ਰਿਸ਼ ਆਪਣੀ ਜਾਨ ’ਤੇ ਖੇਡਦਿਆਂ ਨਾਲੋਂ-ਨਾਲ ਭੇਜ ਰਿਹਾ ਸੀ। ਅਸਫ਼ਲ ਜੰਗ ਲੰਬੀ ਹੁੰਦੀ ਜਾਂਦੀ ਵੇਖ ਕੇ ਰਾਹ ਵਿਚ ਆ ਕੇ ਦੁਆਲੇ ਦੇ ਘਾਹ-ਫੂਸ ਨੂੰ ਅੱਗ ਲਾ ਦਿੱਤੀ। ਧੂੰਏਂ ਦੀ ਆੜ ਵਿਚ ਅਤੇ ਇਕ ਅੰਨ੍ਹੇ-ਮੋੜ ਤੋਂ ਜਿਥੋਂ ਗੋਲੀ ਅਸਰ ਨਹੀਂ ਕਰ ਸਕਦੀ ਸੀ। ਦੁਸ਼ਮਣ ਉਸ ਸਰਹੱਦੀ ਦੀਵਾਰ ਨੂੰ ਤੋੜਨ ਵਿਚ ਸਫ਼ਲ ਹੋ ਗਏ। ਹੁਣ ਜੰਗ ਆਹਮੋ-ਸਾਹਮਣੇ ਹੱਥੋਂ-ਹੱਥੀਂ ਤੇ ਆਣ ਪਹੁੰਚੀ।


ਪ੍ਰਮਿੰਦਰ ਸਿੰਘ ‘ਪ੍ਰਵਾਨਾ’
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਸਿੱਖ ਫੌਜੀ ਲਾਲ ਸਿੰਘ ਜੋ ਸ਼ੁਰੂ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ। ਗਾਰਦ ਸੁਰੱਖਿਆ ਕਮਰੇ ਵਿਚ ਤਾਇਨਾਤ ਸੀ। ਜਦ ਦੁਸ਼ਮਣ ਉਸ ਵੱਲ ਵਧੇ ਉਸਨੇ ਚਾਰ ਦੁਸ਼ਮਣਾਂ ਨੂੰ ਮਾਰ ਮੁਕਾਇਆ। ਸਿਪਾਹੀ ਗੁਰਮੁੱਖ ਸਿੰਘ ਕਿਲ੍ਹਾ ਲਾਕਹਾਰਟ ਤੇ ਬਹਾਦਰੀ ਦੇ ਦ੍ਰਿਸ਼ ਭੇਜਦਾ ਰਿਹਾ। ਜਿਥੇ ਮੁਖੀ ਹਿਊਗਟਨ ਅਤੇ ਸਿੱਖ ਫੌਜੀ ਸਾਥੀਆਂ ਨੇ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰੀ ਦੇ ਦ੍ਰਿਸ਼ ਵੇਖੇ ਸਨ। ਜਦ ਉਥੇ ਸਿਪਾਹੀ ਗੁਰਮੁੱਖ ਸਿੰਘ ਦੀਆਂ ਅੱਖਾਂ ਸਾਹਮਣੇ ਉਸਦੇ ਸਾਰੇ ਸਾਥੀ ਮਰਦੇ ਜਾ ਰਹੇ ਸਨ। ਅਸਲਾ ਵੀ ਖਤਮ ਹੁੰਦਾ ਜਾ ਰਿਹਾ ਸੀ। ਹੌਲਦਾਰ ਈਸ਼ਰ ਸਿੰਘ ਵੀ ਇਕ ਪਠਾਣ ਦੇ ਛੁਰੇ ਦਾ ਵਾਰ ਹੁੰਦਿਆਂ ਸ਼ਹੀਦੀ ਪਾ ਗਏ ਸਨ। ਉਸਨੇ ਆਖਰੀ ਸੰਦੇਸ਼ ਭੇਜਿਆ ਕਿ ਸਭ ਕੁਝ ਖਤਮ ਹੋ ਗਿਆ ਹੈ। ਮੈਨੂੰ ਸੰਦੇਸ਼ ਯੰਤਰ ਬੰਦ ਕਰਨ ਦੀ ਆ ਗਿਆ ਦਿੱਤੀ ਜਾਵੇ। ਉਸਨੇ ਯੰਤਰ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਪਾਸੇ ਰੱਖ ਦਿੱਤਾ ਤੇ ਰਾਇਫ਼ਲ ਚੁੱਕ ਕੇ ਉਸਨੇ ਦੁਸ਼ਮਣ ਨੂੰ ਵੰਗਾਰਿਆ। ਜਦ ਉਸਨੇ 20 ਦੁਸ਼ਮਣਾਂ ਨੂੰ ਮਾਰ ਮੁਕਾਇਆ ਤਾਂ ਦੁਸ਼ਮਣ ਨੇ ਚੌਕੀ ਨੂੰ ਅੱਗ ਲਾ ਦਿੱਤੀ। ਜਿਸ ਵਿਚ ਆਖੀ ਗੋਲੀ ਆਖਰੀ ਜਵਾਨ ਤੱਕ ਲਗਭਗ 7 ਘੰਟੇ ਤੱਕ ਜੰਗ ਲੜੀ ਗਈ। ਜਿਸ ਵਿਚ 36ਵੀਂ ਸਿੱਖ ਸੈਨਾ ਟੁਕੜੀ ਦੀ ਰਣਨੀਤਕ ਚਿੱਤ ਹੋਈ ਕਿ 21 ਸਿੱਖ ਸੈਨਿਕ ਨੇ ਹਜ਼ਾਰਾਂ ਦਾ ਮੁਕਾਬਲਾ ਕੀਤਾ ਤੇ ਸੈਂਕੜੇ ਦੁਸ਼ਮਣ ਮਾਰ ਮੁਕਾਏ। ਬਾਅਦ ਦੁਪਹਿਰ 3.40 ’ਤੇ ਚੌਕੀ ਢਹਿ ਢੇਰੀ ਹੋ ਚੁੱਕੀ ਸੀ।

ਅਗਲੀ ਸਵੇਰ ਰਾਹਤ ਸੈਨਾ ਟੁਕੜੀ ਸਾਰਾਗੜ੍ਹੀ ਚੌਕੀ ’ਤੇ ਪਹੁੰਚੀ। ਖਤਮ ਹੋਈ ਕਹਾਣੀ ਦੇ ਅੰਸ਼ ਦੇਖਣ ਨੂੰ ਮਿਲੇ। ਦੁਸ਼ਮਣ ਨੇ ਕਬੂਲ ਕੀਤਾ ਕਿ 600-1400 ਮਾਰੇ ਗਏ ਹਨ। ਕਈ ਜ਼ਖ਼ਮੀ ਵੀ ਹੋਏ ਹਨ। ਅੱਗ ਲੱਗਣ ਕਰਕੇ ਭਾਵੇਂ ਸਹੀ ਅੰਦਾਜ਼ਾ ਨਹੀਂ ਲੱਗਿਆ। ਬ੍ਰਿਟਿਸ਼ ਦੀ ਇਕ ਹੋਰ ਸੈਨਾ ਟੁਕੜੀ ਨੇ 14 ਸਤੰਬਰ 1897 ਨੂੰ ਮੁੜ ਸਾਰਾਗੜ੍ਹੀ ਚੌਕੀ 36ਵੀਂ ਸਿੱਖ ਸੈਨਾ ਟੁਕੜੀ ਨਾਲ ਇਕ ਗੈਰ ਸੈਨਿਕ ਸਫ਼ਾਈ ਕਰਮਚਾਰੀਆਂ ਦਾਦ ਨਾਉਂ ਦਾ ਮੁਸਲਮਾਨ ਵੀ ਸੀ। ਉਸ ਦੀ ਉਮਰ 40 ਸਾਲਾ ਸੀ। ਉਹ ਕਿਸੇ ਸ਼ਹੀਦ ਹੋਏ ਸੈਨਿਕ ਦੀ ਰਾਇਫਲ ਲੈ ਕੇ ਲੜਿਆ ਤੇ ਸ਼ਹੀਦ ਹੋਇਆ। ਇਸ ਤਰ੍ਹਾਂ ਸਾਰਾਗੜ੍ਹੀ ਦੀ ਜੰਗ ਵਿਚ 22 ਸ਼ਹੀਦ ਹੋਏ ਸਨ।

ਸਿੱਖ ਬਹਾਦਰ ਦੀ ਇਹ ਜੰਗ ਜਦੋਂ ਬ੍ਰਿਟਿਸ਼ ਸੰਸਦ ਵਿਚ ਸੁਣੀ ਗਈ ਤਾਂ ਮੈਂਬਰਾਂ ਨੇ ਖੜ੍ਹੇ ਹੋ ਕੇ ਸਹਾਰਨਾ ਕੀਤੀ। ਇਹ ਮਿਸਾਲ ਮਹਾਰਾਣੀ ਵਿਕਟੋਰੀਆ ਸਾਹਮਣੇ ਰੱਖੀ ਗਈ ਤਾਂ ਸਾਰੇ 21 ਸਿੱਖ ਬਹਾਦਰਾਂ ਨੂੰ ਇੰਡੀਅਨ ਆਰਡਰ ਆਫ਼ ਮੈਰਿਟ ਮਰਨ ਉਪਰੰਤ ਨਾਲ ਸਨਮਾਨਿਤ ਕੀਤਾ। ਉਸ ਸਮੇਂ ਦਾ ਭਾਰਤੀ ਸੈਨਿਕਾਂ ਨੂੰ ਦਿੱਤੇ ਗਏ ਸਨਮਾਨ ਤੋਂ ਵੱਡਾ ਸੀ ਜੋ ਅਜੋਕੇ ਵੀਰ-ਚੱਕਰ ਦੇ ਬਰਾਬਰ ਸੀ। ਸਾਰੇ ਸੈਨਿਕਾਂ ਦੇ ਵਾਰਿਸ਼ਾਂ ਨੂੰ 50 ਏਕੜ ਜ਼ਮੀਨ ਅਤੇ 500 ਰੁਪਏ ਦੀ ਰਾਸ਼ੀ ਵੀ ਦਿੱਤੀ ਗਈ। ਇਹ ਭਾਰਤੀ ਇਤਿਹਾਸ ਦੀ ਅਨੂਠੀ ਜੰਗ ਸੀ।

ਸਾਰਾਗੜ੍ਹੀ ਵਿਖੇ ਲੌਕਹਾਰਟ ਕਿਲ੍ਹੇ ਦੇ ਬਾਹਰ 21 ਬਹਾਦਰ ਸੈਨਿਕਾਂ ਦੀ ਤਖਤੀ ਲੱਗੀ ਹੈ। ਜਿਸ ਤੇ ਹੁਣ ਪੰਜਾਬੀ ਅਤੇ ਉਰਦੂ ਵਿਚ ਨਾਉਂ ਲਿਖੇ ਗਏ ਹਨ ਅਤੇ ਅਧਾਰਤ ਲਿਖੀ ਗਈ ਹੈ ਕਿ : ਭਾਰਤ ਸਰਕਾਰ ਨੇ ਬੰਗਾਲ ਪੈਦਲ ਫੌਜ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰ ਸੈਨਿਕਾਂ ਦਾ ਨਾਉਂ ਉਕਰੇ ਹਨ ਜਿਨ੍ਹਾਂ ਨੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਹੈ। ਜੋ 12 ਸਤੰਬਰ, 1897 ਨੂੰ ਕਿਲ੍ਹੇ ਸਾਰਾਗੜ੍ਹ ਦੀ ਰੱਖਿਆ ਕਰਦੇ ਆਪਣਾ ਫਰਜ਼ ਨਿਭਾਉਂਦੇ ਸ਼ਹੀਦ ਹੋਏ ਹਨ। ਜਿਨ੍ਹਾਂ ਨੇ ਦੁਸ਼ਮਣ ਦੀ ਵੱਡੀ ਗਿਣਤੀ ਦਾ ਮੁਕਾਬਲਾ ਡਟ ਕੇ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਭਾਰਤ ਦੀ ਰਾਣੀ ਅਤੇ ਪ੍ਰਭੂਸੱਤਾ ਪ੍ਰਤੀ ਆਪਣੀ ਵਫਾਦਾਰੀ ਅਤੇ ਸਮਰਪਣ ਸਾਬਤ ਕੀਤਾ ਹੈ। ਸਿੱਖੀ ਜੰਗੀ ਬਹਾਦਰੀ ਦੀਆਂ ਰਵਾਇਤਾ ਕਾਇਮ ਰੱਖਦੇ ਹੋਏ, ਪੈਰ ਪਿਛੇ ਨਹੀਂ ਹਟਾਇਆ।

11 ਫਰਵਰੀ 1898 ਲੰਡਨ ਰਾਜਟ ਦਾ ਰਿਕਾਰਡ ਦੱਸਦਾ ਹੈ ਕਿ ਪ੍ਰੀਸ਼ਦ ਦੇ ਗਵਰਨਰ ਜਨਰਲ ਨੇ ਵਿਸ਼ੇਸ਼ ਤੌਰ ’ਤੇ 36ਵੀਂ ਸਿੱਖ ਸੈਨਾ ਟੁਕੜੀ ਨੇ ਕਿਲ੍ਹੇ ਗੁਲਿਸਤਾਨ ਦੀ ਸ਼ਾਨਦਾਰ ਰੱਖਿਆ ਕਰਦਿਆਂ ਅਤੇ ਈਸ਼ਰ ਸਿੰਘ ਹੌਲਦਾਰ ਦੀ ਅਗਵਾਈ ਹੇਠ ਸਾਰੇ ਸੈਨਿਕਾ ਵਲੋਂ ਸਾਰਾਗੜ੍ਹੀ ਦੀ ਜੰਗ ਲਈ ਪ੍ਰਸ਼ੰਸਾ ਵਿਅਕਤ ਕਰਦਾ ਹਾਂ। ਜੋ ਅੰਤਿਮ ਸਮੇਂ ਤੱਕ ਲੜਦੇ ਹੋਏ ਸ਼ਹੀਦ ਹੋਏ। ਇਕ ਬਹਾਦਰ ਵੀਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਸੈਨਾ ਦੀ ਬਹਾਦਰੀ ਦੇ ਸਾਰੇ ਰਿਕਾਰਡ ਪਾਰ ਕਰ ਦਿੱਤੇ ਹਨ।

ਕਮਾਂਡਰ ਇਨ ਚੀਫ਼ ਨੂੰ ਸਾਰਾਗੜ੍ਹੀ ਚੱਕੀ ਦੀ ਬਰਬਾਦੀ ਦਾ ਗਹਿਰਾ ਦੁੱਖ ਹੈ। ਜੋ 36ਵੀਂ ਸਿੱਖ ਸੈਨਾ ਟੁਕੜੀ ਦੇ 21 ਜਵਾਨਾਂ ਦਾ ਆਪਣੇ ਫਰਜ਼ ਲਈ ਬਹਾਦਰੀ ਨਾਲ ਸ਼ਹੀਦ ਹੋਣ ਦੀ ਪ੍ਰਸੰਸਾ ਕਰਦਾ ਹਾਂ। ਵੱਡੀ ਗਿਣਤੀ ਦੇ ਦੁਸ਼ਮਣ ਖਿਲਾਫ਼ ਲੜਦਿਆਂ ਸਿੱਖ ਜੰਗੀ ਬਹਾਦਰੀ ਰਵਾਇਤ ਨੂੰ ਕਾਇਮ ਰੱਖਿਆ ਹੈ। ਪ੍ਰਭੂਸੱਤਾ ਅਤੇ ਰਾਸ਼ਟਰੀ ਵਫਾਦਾਰੀ ਸਾਬਤ ਕੀਤੀ ਹੈ।

ਉਨ੍ਹਾਂ ਦੀ ਬਹਾਦਰੀ ਦੀ ਯਾਦ ਵਿਚ ਇਕ ਸਾਰਾਗੜ੍ਹੀ ਦੀ ਜੰਗ ਸਥਾਨ ’ਤੇ। ਦੂਸਰਾ ਸਾਰਾਗੜ੍ਹੀ ਯਾਦਗਾਰ ਗੁਰਦੁਆਰਾ ਫਿਰੋਜ਼ਪੁਰ ਛਾਉਣੀ। ਤੀਸਰਾ ਸਾਰਾਗੜ੍ਹ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਹੈ। ਇਹ ਜੰਗ ਪੂਰਬੀ ਫੌਜੀ ਸਭਿਅਤਾ, ਬ੍ਰਿਟਿਸ਼ ਸਾਮਰਾਜ ਫੌਜੀ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਪ੍ਰਤੀਕ ਹੈ। ਹੁਣ ਸਿੱਖ ਸੈਨਾ ਟੁਕੜੀ ਵਲੋਂ 12 ਸਤੰਬਰ ਨੂੰ ਸਾਰਾਗੜ੍ਹੀ ਜੰਗ ਦੇ ਦਿਨ ਨੂੰ ਯਾਦ ਕਰਦਿਆਂ ਦਿਨ ਮਨਾਉਂਦੀ ਹੈ।

ਸਾਰਾਗੜ੍ਹੀ ਦੀ ਜੰਗ ਸੰਯੁਕਤ ਰਾਸ਼ਟਰ ਸੰਘ ਵਲੋਂ ਪ੍ਰਕਾਸ਼ਤ ਸਮੂਹਿਕ ਬਹਾਦਰੀ ਦੀਆਂ 8 ਕਹਾਣੀਆਂ ਵਿਚੋਂ ਇਕ ਹੈ। ਇਸ ਦਾ ਜ਼ਿਕਰ ਦੁਨੀਆਂ ਵਿਚ ਆਪਣੀ ਕਿਸਮ ਦੀਆਂ ਪੰਜ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿਚੋਂ ਇਕ ਵਜੋਂ ਕੀਤਾ ਗਿਆ ਹੈ। ਜਿਸ ਵਿਚ ਥਰਮੋਪਾਈਲੇ ਦੀ ਜੰਗ 480 ਈਸਾ ਪੂ+ਵ ਵਿਚ ਜੇਰਕਸਸ ਦੀ ਸ਼ਕਤੀਸ਼ਾਲੀ ਫਾਰਸੀ ਫੌਜ ਦੇ ਵਿਰੁੱਧ ਇਕ ਛੋਟੀ ਯੂਨਾਨੀ ਫੌਜ ਦੇ ਬਹਾਦਰ ਕਾਰਨਾਮੇ ਨਾਲ ਜੁੜੀ ਹੈ।

36ਵੀਂ ਸਿੱਖ ਸੈਨਾ ਟੁਕੜੀ ਹੁਣ 4 ਦੀ ਸਥਾਪਨਾ 20 ਅਪ੍ਰੈਲ 1894 ਨੂੰ ਕਰਨਲ ਕਕ ਦੀ ਅਤੇ ਕੈਪਟਨ ਐਚ.ਆਰ. ਹੌਲਮੈਸ ਦੀ ਅਗਵਾਈ ਹੇਠ ਹੋਈ। ਅਗਸਤ 1897 ਵਿਚ ਲੈਫਟੀਲੈਂਟ ਕਰਨਲ ਜੌਹਨ ਹਿਊਟਨ ਦੇ ਅਧੀਨ 36ਵੀਂ ਸਿੱਖ ਸੈਨਾ ਦੀਆਂ ਪੰਜ ਟੁਕੜੀਆਂ ਬ੍ਰਿਟਿਸ਼ ਇੰਡੀਆ (ਖੈਬਰ ਪਖੂਤਨਖਵਾ) ਦੀ ਉਤਰੀ ਪੱਛਮੀ ਸਰਹੱਦ ਸੂਬਾ ਭੇਜੀਆਂ ਗਈਆਂ। ਉਨ੍ਹਾਂ ਨੂੰ ਸਮਾਣਾ ਪਹਾੜੀ ਚੋਟੀ: ਕੁਰਾਗ, ਸੰਗਰ, ਸਾਹਤੋਪ, ਧਰ ਅਤੇ ਸਾਰਾਗੜ੍ਹੀ ਤੇ ਤਾਇਨਾਤ ਕੀਤਾ ਗਿਆ ਸੀ।

ਸਾਰਾਗੜ੍ਹੀ ਦੀ ਜੰਗ ਵਿਚ ਸਿੱਖਾਂ ਦੀ ਰਣਨੀਤਕ ਜਿੱਤ ਹੋਈ ਜਿਸ ਨੇ ਸੰਸਾਰ ਵਿਚ ਬਹਾਦਰੀ ਦਾ ਲੋਹਾ ਮਨਵਾਇਆ। ਸਿੱਖਾਂ ਨੇ ਪ੍ਰਤੱਖ ਬਹਾਦਰੀ ਦੇ ਜੌਹਰ ਵਿਖਾਏ। ਮਰਦੇ ਦਮ ਤੱਕ ਹਥਿਆਰ ਨਹੀਂ ਸੁੱਟੇ। ਉਹ ਹਜ਼ਾਰਾਂ ਦੀ ਫੌਜ ਵੇਖਕੇ ਘਬਰਾਏ ਨਹੀਂ। ਜਿਵੇਂ ਜਿਵੇਂ ਵੈਰੀ ਚੜ੍ਹਦਾ ਆਇਆ, ਉਹ ਰੋਹ ਵਿਚ ਆ ਕੇ ਲੜੇ। ਦੁਸ਼ਮਣ ਦੀ ਪੇਸ਼ ਨਹੀਂ ਜਾਣ ਦਿੱਤੀ। ਕਈ ਘੰਟੇ ਤੁਰਕਾਂ ਨੂੰ ਸਖ਼ਤ ਮੁਕਾਬਲਾ ਦਿੱਤਾ। ਹਰ ਹਮਲੇ ਦਾ ਜਵਾਬ ਜ਼ਿੰਦਾਦਿਲੀ ਨਾਲ ਦਿੱਤਾ।

# ਹਰਦੀਪ ਪੁਰੀ ਵੱਲੋਂ 'ਮੇਰੀ ਮਾਟੀ ਮੇਰਾ ਦੇਸ਼ ਮੁਹਿੰਮ' ਦਾ ਆਗਾਜ਼

## ਅੰਮ੍ਰਿਤਸਰ ਦੇ ਹਰ ਬੂਥ, ਸ਼ਕਤੀ ਕੇਂਦਰ ਅਤੇ ਹਰ ਘਰ ਦੀ ਮਿੱਟੀ ਕੀਤੀ ਜਾਵੇਗੀ ਇਕੱਠੀ









ਅੰਮ੍ਰਿਤਸਰ : ਭਾਜਪਾ ਵੱਲੋਂ ਦੇਸ਼ ਭਰ ਵਿੱਚ ਸ਼ੁਰੂ ਕੀਤੀ ਗਈ ਮੁਹਿੰਮ 'ਮੇਰੀ ਮਾਟੀ ਮੇਰਾ ਦੇਸ਼' ਤਹਿਤ ਅੱਜ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇੱਥੇ ਏਕ ਰੂਪ ਐਵੇਨਿਊ ਦੇ ਸਰਪੰਚ ਦੇ ਘਰ ਤੋਂ ਮਿੱਟੀ ਲੈ ਕੇ ਗੁਰੂ ਨਗਰੀ ਵਿੱਚ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਭਾਜਪਾ ਦੇ ਨਵੇਂ ਬਣੇ ਸਕੱਤਰ ਮਨਜਿੰਦਰ ਸਿੰਘ ਸਿਰਸਾ, ਸੂਬਾ ਜਨਰਲ ਸਕੱਤਰ ਵਿਕਰਮਜੀਤ ਸਿੰਘ ਚੀਮਾ, ਸਾਬਕਾ ਰਾਜ ਸਭਾ ਮੈਂਬਰ ਮਲਿਕ, ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਅਤੇ ਹੋਰ ਭਾਜਪਾ ਆਗੂ ਸ਼ਾਮਲ ਸਨ।

ਇਸ ਸਬੰਧ ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਤੋਂ ਇਸ ਮੁਹਿੰਮ ਨੂੰ ਸ਼ੁਰੂ ਕੀਤਾ ਗਿਆ। ਇਸ ਦੀ ਸ਼ੁਰੂਆਤ ਲਈ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵਿਸ਼ੇਸ਼ ਤੌਰ 'ਤੇ ਇੱਥੇ ਪੁੱਜੇ ਸਨ। ਕੇਂਦਰੀ ਮੰਤਰੀ ਨੇ ਦੱਸਿਆ ਕਿ ਦਿੱਲੀ ਵਿੱਚ ਬਣਨ ਵਾਲੀ ਅੰਮ੍ਰਿਤ ਵਾਟਿਕਾ ਵਾਸਤੇ ਸ਼ਹੀਦ ਪਰਿਵਾਰਾਂ ਦੇ ਘਰਾਂ ਦੀ ਮਿੱਟੀ ਲਈ ਗਈ ਹੈ। ਇਸੇ ਤਹਿਤ ਅੰਮ੍ਰਿਤਸਰ ਦੇ ਹਰ ਬੂਥ ਅਤੇ ਸ਼ਕਤੀ ਕੇਂਦਰ ਤੋਂ ਹਰ ਘਰ ਦੀ ਮਿੱਟੀ ਇਕੱਠੀ ਕੀਤੀ ਜਾਵੇਗੀ ਅਤੇ ਦਿੱਲੀ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸ਼ਹੀਦ ਪਰਿਵਾਰਾਂ, ਸਮਾਜਿਕ ਸੰਸਥਾਵਾਂ, ਹਰ ਪਿੰਡ, ਵਾਰਡ, ਮੰਡਲ ਅਤੇ ਬੂਥ ਪੱਧਰ 'ਤੇ ਘਰ ਘਰ ਦਸਤਕ ਦਿੱਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 74ਵੇਂ ਜਨਮ ਦਿਨ ਮੌਕੇ ਭਾਜਪਾ ਵੱਲੋਂ ਹਫ਼ਤਾ ਭਰ ਸਮਾਗਮ ਚੱਲਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਭਾਜਪਾ ਵੱਲੋਂ ਚਾਰ ਸਤੰਬਰ ਤੋਂ ਲੈ ਕੇ 30 ਅਕਤੂਬਰ ਤੱਕ ਵੱਖ-ਵੱਖ ਪ੍ਰੋਗਰਾਮ ਕੀਤੇ ਜਾ ਰਹੇ ਹਨ।

# ਪਿੰਡ ਖਾਲੜਾ ਤੋਂ ਇੱਕ ਸਾਧਾਰਨ ਜਿਹੇ ਪਰਿਵਾਰ ਦੇ ਜਸਕਰਨ ਸਿੰਘ ਨੇ 'ਕੌਣ ਬਣੇਗਾ ਕਰੋੜਪਤੀ' 'ਚ ਜਿੱਤਿਆ 1 ਕਰੋੜ ਰੁਪਿਆ

ਤਰਨਤਾਰਨ : ਪਿੰਡ ਖਾਲੜਾ ਤੋਂ ਇੱਕ ਸਾਧਾਰਨ ਜਿਹੇ ਪਰਿਵਾਰ ਦੇ ਮੁੰਡੇ ਜਸਕਰਨ ਸਿੰਘ ਨੇ ਸੋਨੀ ਟੀਵੀ ਦੇ ਕੌਣ ਬਣੇਗਾ ਕਰੋੜਪਤੀ ਪ੍ਰੋਗਰਾਮ ਵਿੱਚ 1 ਕਰੋੜ ਰੁਪਿਆ ਜਿੱਤ ਕੇ ਆਪਣਾ ਸਪਨਾ ਤੇ ਪਰਿਵਾਰ ਦਾ ਸਪਨਾ ਸਾਕਾਰ ਕੀਤਾ ਹੈ।

ਅੰਮ੍ਰਿਤਸਰ ਦੇ ਡੀ.ਏ.ਵੀ ਕਾਲਜ ਦਾ ਵਿਦਿਆਰਥੀ ਅਤੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਖਾਲੜਾ ਤੋਂ ਇੱਕ ਸਾਧਾਰਨ ਜਿਹੇ ਪਰਿਵਾਰ ਦੇ ਮੁੰਡੇ ਜਸਕਰਨ ਸਿੰਘ ਨੇ ਸੋਨੀ ਟੀਵੀ ਦੇ ਕੌਣ ਬਣੇਗਾ ਕਰੋੜਪਤੀ ਪ੍ਰੋਗਰਾਮ ਵਿੱਚ 1 ਕਰੋੜ ਰੁਪਿਆ ਜਿੱਤ ਕੇ ਜਿਥੇ ਆਪਣਾ ਸਪਨਾ ਤੇ ਪਰਿਵਾਰ ਦਾ ਸਪਨਾ ਸਾਕਾਰ ਕੀਤਾ ਉਥੇ ਹੀ ਪਿੰਡ ਤੇ ਜ਼ਿਲ੍ਹਾ ਤਰਨ ਤਾਰਨ ਦਾ ਨਾਮ ਰੋਸ਼ਨ ਵੀ ਕੀਤਾ।

ਹੁਣ ਉਹ 7 ਕਰੋੜ ਰੁਪਿਆ ਜਿੱਤਣ ਲਈ ਅਗਲੇ ਸਵਾਲ ਦਾ ਜਵਾਬ ਦੇਵੇਗਾ ਇਹ ਐਪੀਸੋਡ ਸੋਨੀ ਟੀਵੀ ਉੱਪਰ 4 ਸਤਬੰਰ ਨੂੰ ਰਾਤ ਨੂੰ ਵਜੇ ਵਿਖਾਇਆ ਜਾਵੇਗਾ ਸਿਵਲ ਸਰਵਿਸਜ਼ ਦੀ ਤਿਆਰੀ ਕਰ ਰਹੇ ਜਸਕਰਨ ਸਿੰਘ ਦੀ ਮਿਹਨਤ ਰੰਗ ਲਿਆਈ ਅਤੇ ਉਹ ਤੇ ਓਹਦਾ ਪਰਿਵਾਰ ਇਸ ਪ੍ਰਾਪਤੀ ਉੱਪਰ ਬੇਹੱਦ ਖੁਸ਼ ਹਨ।

'ਕੌਣ ਬਣੇਗਾ ਕਰੋੜਪਤੀ' ਦੇ ਸੀਜ਼ਨ-15 ਦੇ ਪਹਿਲੇ ਕਰੋੜਪਤੀ ਜਸਕਰਨ ਸਿੰਘ ਬਣ ਚੁੱਕੇ ਹਨ। ਜਸਕਰਨ ਨੇ ਕਿਹਾ ਕਿ ਕੇਬੀਸੀ ਵਿਨਰ ਬਣਨ ਦੇ ਨਾਲ ਮੇਰੀ ਜ਼ਿੰਦਗੀ ਬਦਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੈਂ ਹਮੇਸ਼ਾ ਤੋਂ ਚਾਹੁੰਦਾ ਸੀਕਿ ਲੋਕ ਮੇਰਾ ਨਾਂ ਜਾਣਨ ਤੇ ਹੁਣ ਕੇਬੀਸੀ ਦਾ ਵਿਨਰ ਬਣਨ ਦੇ ਬਾਅਦ ਮੇਰਾ ਨਾਂ ਲੋਕ ਜਾਨਣ ਲੱਗੇ ਹਨ।

ਜਸਕਰਨ ਸਿੰਘ ਨੇ ਦੱਸਿਆ ਕਿ ਮੈਂ ਤਰਨਤਾਰਨ ਦੇ ਪਿੰਡ ਖਾਲੜਾ ਦਾ ਰਹਿਣ ਵਾਲਾ ਹਾਂ। ਮੈਂ ਇਕਨਾਮਿਕਸ ਵਿਚ ਥਰਡ ਈਅਰ ਦਾ ਸਟੂਡੈਂਟ ਹਾਂ। ਮੈਂ ਪਿਛਲੇ ਸਾਲ ਤੋਂ ਕੇਬੀਸੀ ਦੇ ਸ਼ੋਅ ਦੀ ਤਿਆਰ ਕਰ ਰਿਹਾ ਹਾਂ। ਚਾਰ ਸਾਲਾਂ ਵਿਚ ਹਮੇਸ਼ਾ ਇੰਟਰਵਿਊ ਰਾਊਂਡ ਤੱਕ ਪਹੁੰਚ ਜਾਂਦਾ ਸੀ ਪਰ ਉਸ ਦੇ ਬਾਅਦ ਮੇਰਾ ਸਿਲੈਕਸ਼ਨ ਨਹੀਂ ਹੁੰਦਾ ਸੀ ਪਰ ਇਸ ਵਾਰ ਮੇਰਾ ਸਿਲੈਕਸ਼ਨ ਹੋ ਗਿਆ। ਕੇਬੀਸੀ ਦੀ ਤਿਆਰੀ ਕਰਦੇ ਹੋਏ ਮੈਨੂੰ ਲੱਗਾ ਕਿ ਮੈਨੂੰ ਯੂਪੀਐੱਸਸੀਦੀ ਤਿਆਰੀ ਕਰਨੀ ਚਾਹੀਦੀ ਹੈ ਤੇ ਯੂਪੀਐੱਸਸੀ ਦੀ ਤਿਆਰੀ ਵੀ ਪਿਛਲੇ ਢਾਈ ਸਾਲ ਤੋਂ ਕਰ ਰਿਹਾ ਹਾਂ।

ਉਨ੍ਹਾਂ ਕਿਹਾ ਕਿ ਮੈਂ ਬਚਪਨ ਤੋਂ ਇਹ ਸ਼ੋਅ ਦੇਖਦਾ ਆਇਆ ਹਾਂ ਤੇ ਕਦੇ ਇਹ ਨਹੀਂ ਸੋਚਿਆ ਸੀ ਕਿ ਮੈਂ ਸ਼ੋਅ ਵਿਚ ਜਾਵਾਂਗਾ। ਮੈਂ ਬਚਪਨ ਵਿਚ ਕ੍ਰਿਕਟਰ ਬਣਨਾ ਚਾਹੁੰਦਾ ਸੀ। ਕਲਾਸ 9 ਵਿਚ ਮੈਂ ਪੜ੍ਹਾਈ ਛੱਡ ਦਿੱਤੀ ਸੀ ਤੇ ਕ੍ਰਿਕਟ ਵਿਚ ਪੂਰੀ ਤਰ੍ਹਾਂ ਖੁਦ ਨੂੰ ਸਮਰਪਿਤ ਕਰ ਦੇਣਾ ਚਾਹੁੰਦਾ ਸੀ। ਮੈਂ ਡਿਸਟ੍ਰਿਕਟ ਲੈਵਲ ਤੱਕ ਖੇਡਿਆ। ਮੈਂ ਪ੍ਰੈਕਟਿਸ ਮੈਚ ਵਿਚ ਬਹੁਤ ਚੰਗਾ ਪਰਫਾਰਮ ਕੀਤਾ ਸੀ ਪਰ ਮੈਨੂੰ ਨਹੀਂ ਚੁਣਿਆ ਗਿਆ। ਮੇਰੇ ਕੋਲੋਂ ਪੈਸਿਆਂ ਦੀ ਮੰਗ ਕੀਤੀ ਗਈ, ਜੋ ਮੈਂ ਨਹੀਂ ਦੇ ਸਕਿਆ। ਕੁਰੱਪਸ਼ਨ ਟੇਲੈਂਟ 'ਤੇ ਹਾਵੀ ਹੋ ਗਈ। ਉਸਦੇ ਬਾਅਦ ਮੇਰਾ ਜੀਅ ਕ੍ਰਿਕਟ ਤੋਂ ਉਠ ਗਿਆ।




ਸਕੂਲ ਵਿਚ ਦਾਖਲਾ ਲੈਣ ਗਿਆ ਤਾਂ ਬੋਲਿਆ ਗਿਆ ਕਿ ਇਸ ਸਾਲ ਦਾਖਲੇ ਹੋ ਗਏ ਹਨ। ਹੁਣ ਅਗਲੇ ਸਾਲ ਦਾ ਇੰਤਜ਼ਾਰ ਕਰਨਾ ਹੋਵੇਗਾ, ਖਾਲੀ ਬੈਠ ਨਹੀਂ ਸਕਦਾ ਸੀ। ਸੋਚਿਆ ਕੁਝ ਨਾਲੇਜ ਦੀਆਂ ਚੀਜ਼ਾਂ ਪੜ੍ਹ ਲਵਾਂ। ਇਸ ਦੌਰਾਨ ਲੱਗਾ ਕਿ ਕੇਬੀਸੀ ਨਾਲੇਜ ਦਾ ਮੰਚ ਹੈ। ਇਸ ਲਈ ਤਿਆਰੀ ਕਰਦੇ ਹਾਂ।

ਚਾਰ ਸਾਲਾਂ ਵਿਚ ਮੈਂਕੇਬੀਸੀ ਦੇ ਹਰ ਐਪੀਸੋਡ ਨੂੰ ਦੇਖਿਆ। ਮੈਂ ਨੋਟਸ ਬਣਾਏ ਕਿ ਕਿਸ ਫੀਲਡ ਤੋਂ ਸਵਾਲ ਆ ਰਹੇ ਹਨ ਤਾਂ ਉਸ ਫੀਲਡ ਨਾਲ ਜੁੜੀ ਹਰ ਗੱਲ ਦੀ ਜਾਣਕਾਰੀ ਮੈਂ ਲੈਂਦਾ ਸੀ। 1857 ਤੋਂ ਹੁਣ ਤੱਕ ਭਾਰਤ ਦੇ ਜਿੰਨੇ ਵੀ ਮਹਾਨ ਲੋਕ ਸਨ ਉਨ੍ਹਾਂ ਬਾਰੇ ਵਿਕੀਪੀਡੀਆ ਤੋਂ ਪੜਿਆ । ਮੈਂ ਕੋਈ ਚਾਂਸ ਨਹੀਂ ਲੈਣਾ ਚਾਹੁੰਦਾ ਸੀ।

**ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜੀ**
**ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ**
**ਵਿਸ਼ਾ : ਸ਼੍ਰੋਮਣੀ ਕਮੇਟੀ ਵਲੋ ਰਾਜਸਥਾਨ ਵਿਚ ਬੇਅਦਬੀ ਦੇ ਦੋਸ਼ੀ ਦੀ ਨਿਯੁਕਤੀ ਦੇ ਵਿਰੋਧ ਦਰਜ ਕਰਵਾਉਣ ਸਬੰਧੀ**

ਪੰਥਕ ਹਲਕਿਆਂ ਵਿਚ ਇਸ ਗੱਲ ਉਪਰ ਗਿਲਾ ਰਹਿੰਦਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਮ ਸਿੱਖ ਇੱਜਤ ਨਹੀਂ ਕਰਦੇ ਪਰ ਇਸ ਵਿਚ ਆਮ ਸਿੱਖਾਂ ਦੀ ਐਨੀ ਵੱਡੀ ਗਲਤੀ ਨਹੀਂ ਹੈ ਜਿੰਨੀ ਜਵਾਬਦੇਹੀ ਇਹਨਾਂ ਸੰਸਥਾਵਾਂ ਦੇ ਪ੍ਰਬੰਧਕਾਂ ਦੀ ਹੈ ਆਮ ਸਿੱਖ ਵਾਂਗ ਇਹ ਸੰਸਥਾਵਾਂ ਸਿਧਾਤਕ ਤੌਰ 'ਤੇ ਮੇਰੇ ਲਈ ਵੀ ਸਤਿਕਾਰ ਯੋਗ ਹਨ ਕਿਉਕਿ ਇਹਨਾਂ ਸੰਸਥਾਵਾਂ ਦੇ ਬੈਨਰ ਥੱਲੇ ਮੇਰੇ ਬਜ਼ੁਰਗਾਂ ਨੇ ਵੱਖ ਵੱਖ ਮੋਰਚਿਆਂ ਵਿਚ ਜੇਲ੍ਹਾਂ ਕੱਟੀਆਂ ਪਰ ਅੱਜ ਦੇ ਸਮੇਂ ਵਿਚ ਇਸ ਉਪਰ ਕਾਬਜ਼ ਧਿਰ ਵੱਲੋ ਕੀਤੇ ਜਾਂਦੇ ਫ਼ੈਸਲੇ ਕਿਸੇ ਵੀ ਤਰੀਕੇ ਨਾਲ ਪੰਥਕ ਨਹੀਂ ਲਗਦੇ ਔਰ ਨਾ ਹੀ ਉਸ ਉਪਰ ਮਾਣ ਕੀਤਾ ਜਾ ਸਕਦਾ ਹੈ ਸਗੋ ਲੱਗਦਾ ਹੈ ਐੱਸਜੀਪੀਸੀ ਦਾ ਅਰਥ ਸਾਰੇ ਗੁੰਡਾ ਪਾਲ ਕਮੇਟੀ ਰੱਖ ਲੈਣਾ ਚਾਹੀਦਾ ਹੈ। ਰਾਜਸਥਾਨ ਵਿਚ ਕੱਲ ਸ਼੍ਰੋਮਣੀ ਕਮੇਟੀ ਵਲੋ ਇਕ ਸਖਸ਼ ਨੂੰ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ ਲਾਇਆ ਗਿਆ।

ਜਿਸ ਉਪਰ ਪਿਛੋਕੜ ਪੁਲਿਸ ਜਾਂਚ ਤੋ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਪਰਚਾ ਦਰਜ ਹੈ ਜਿਸ ਵਿਚ ਉਸਦੀ ਜਮਾਨਤ ਸੈੱਸਨ ਕੋਰਟ ਵੱਲੋ ਖਾਰਜ ਹੋ ਗਈ ਸੀ ਅਤੇ ਉਹ ਭਗੌੜਾ ਹੈ। ਦੂਸਰਾ ਉਸ ਉਪਰ ਦਿੱਲੀ ਹਾਈਕੋਰਟ ਵਿਚ 420 ਦਾ ਮੁਕੱਦਮਾ ਹੈ ਜਿਸ ਵਿਚ ਉਹ ਜ਼ਮਾਨਤ 'ਤੇ ਹੈ।

ਕੀ ਸ਼੍ਰੋਮਣੀ ਕਮੇਟੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਭੁਗਤ ਰਹੇ ਸ਼ਖ਼ਸ ਨੂੰ ਧਰਮ ਪ੍ਰਚਾਰ ਦਾ ਜ਼ਿੰਮਾ ਦੇ ਸਕਦੀ ਹੈ।

ਉਸ ਸ਼ਖ਼ਸ ਬਾਰੇ ਬਹੁਤ ਇਹੋ ਜਿਹੇ ਨੁਕਤੇ ਹਨ ਜੋ ਵਿਵਾਦਿਤ ਹਨ ਅਤੇ ਸ਼੍ਰੋਮਣੀ ਕਮੇਟੀ ਵਲੋ ਇਸ ਨਿਯੁਕਤੀ ਕਿਸ ਆਧਾਰ ਤੇ ਕੀਤੀ ਗਈ ਹੈ

ਕੀ ਹੁਣ ਸ਼੍ਰੋਮਣੀ ਕਮੇਟੀ ਵੀ ਸਿਆਸੀ ਨਿਯੁਕਿਤੀ ਕਰੇਗੀ ?

ਆਪ ਜੀ ਵੱਲੋ ਇਸੇ ਸਖਸ ਦੇ ਸਬੰਧ ਰਾਜਸਥਾਨ ਦੇ ਡੀਜੀਪੀ ਨੂੰ ਇਕ ਚਿੱਠੀ ਵੀ ਲਿਖੀ ਗਈ ਸੀ ਜਿਸ ਵਿਚ ਇਸਦੀ ਗ੍ਰਿਫਤਾਰੀ ਨਾ ਕਰਨ ਦੀ ਬੇਨਤੀ ਕੀਤੀ ਸੀ

ਇਹ ਚਿੱਠੀ ਅਤੇ ਆਪ ਜੀ ਦਾ ਬਿਆਨ ਪੜ੍ਹ ਕੇ ਸ਼ਰਮਿੰਦਗੀ ਹੋਈ ਜਦੋ ਰਾਜਸਥਾਨ ਦੇ ਗੈਰ ਸਿੱਖ ਅਫ਼ਸਰਾਂ ਦੀਆਂ ਤਰਕ ਭਰਪੂਰ ਗੱਲਾਂ ਦਾ ਮੇਰੇ ਕੋਲ ਜਵਾਬ ਨਹੀਂ ਸੀ

ਇਹ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਹੈ ਜਿਸਨੇ ਦੁਨਿਆਵੀ ਤਖਤ ਦੀ ਈਨ ਨਹੀਂ ਮੰਨੀ ਅਤੇ ਜਿਸ ਉਪਰ ਸਿੱਖ ਹੀ ਨਹੀਂ ਗੈਰ ਸਿੱਖ ਨੂੰ ਵੀ ਇਨਸਾਫ਼ ਦੀ ਉਮੀਦ ਹੁੰਦੀ ਸੀ ਪਰ ਪਿਛਲੇ ਕੁਝ ਸਾਲਾਂ ਤੋ ਉਥੇ ਵੀ ਸਿਆਸੀ , ਆਰਥਿਕ ਪੱਖੋ ਮਜ਼ਬੂਤ ਧਿਰ ਦਾ ਪੱਖ ਪੂਰਿਆ ਜਾਂਦਾ ਹੈ

ਤੇ ਸ਼ਾਇਦ ਹੁਣ ਵੀ ਇਸੇ ਤਰਾਂ ਹੋਵੇਗਾ। ਮੈਂ ਇਸ ਪੱਤਰ ਵਿਚ ਉਸ ਸਖਸ਼ ਦਾ ਨਾਮ ਲਿਖ ਕੇ ਅਪਣਾ ਕਿਰਦਾਰ ਨੀਵਾਂ ਨਹੀਂ ਕਰਨਾ ਚਾਹੁੰਦਾ ਜਿਸ ਸਖਸ਼ ਨੂੰ ਤੁਸੀਂ ਰਾਜਸਥਾਨ ਦਾ ਜਥੇਦਾਰ ਥਾਪਿਆ ਹੈ ਉਸਦੇ ਕੋਰਟ ਕੇਸ ਦੇ ਸਬੂਤ ਨਾਲ ਨੱਥੀ ਕਰਕੇ ਭੇਜ ਰਿਹਾ ਹਾਂ

ਆਮ ਸਿੱਖ ਹੋਣ ਦੇ ਨਾਤੇ ਮੈਨੂੰ ਮੇਰੇ ਗੁਰੂ ਸਾਹਿਬ ਦੇ ਪੂਰਨ ਭਰੋਸਾ ਹੈ ਅਤੇ ਅਰਦਾਸ ਬੇਨਤੀ ਕਰਦਾ ਹਾਂ ਤੁਸੀਂ ਵੀ ਇਹਨਾ ਸੰਸਥਾਵਾਂ ਦੀ ਮਾਣ ਮਰਿਆਦਾ ਨੂੰ ਕਾਇਮ ਰੱਖ ਸਕੋ ਅਤੇ ਸਹੀ ਫ਼ੈਸਲੇ ਕਰਨ ਦਾ ਬਲ ਆਪਜੀ ਨੂੰ ਵਾਹਿਗੁਰੂ ਬਖਸੇ

ਭੁੱਲ ਚੁੱਕ ਦੀ ਖਿਮਾ

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਿਹ ॥



**ਗੁਰੂ ਪੰਥ ਦਾ ਦਾਸ**
**ਪ੍ਰੋ. ਬਲਜਿੰਦਰ ਸਿੰਘ ਮੋਰਜੰਡ**
347-619-4494

# ਸਿੱਖ ਜਗਤ ਇਕੱਠਾ ਹੋ ਕੇ ਕੌਮੀ ਇਨਸਾਫ ਮੋਰਚੇ ਵਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਸਫਲ ਬਣਾਵੇ!!

ਕੌਮੀ ਇਨਸਾਫ ਮੋਰਚੇ ਨੇ 7 ਜਨਵਰੀ 2023 ਨੂੰ ਚਾਰ ਸਿੱਖ ਮੁੱਖ ਮੰਗਾਂ ਜਿਸ ਵਿੱਚ ਸਾਲ 2015 ਵਿੱਚ ਪਿੰਡ ਜਵਾਹਰੇ ਕੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰਨ ਉਪਰੰਤ 600 ਅੰਗਾਂ ਨੂੰ ਪਾੜ੍ਹ ਕੇ ਗਲੀਆਂ ਵਿੱਚ ਖਿਲਾਰਣ ਵਾਲੇ ਦੋਸ਼ੀਆਂ ਨੂੰ ਫੜ੍ਹਣ, ਕੋਟਕਪੁਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਅਤੇ ਬੰਦੀ ਸਿੰਘ ਜਿਨ੍ਹਾਂ ਨੇ ਸਿੱਖ ਸੰਘਰਸ਼ ਦੌਰਾਨ ਵੱਖ ਵੱਖ ਦੋਸ਼ਾਂ ਤਹਿਤ ਉਮਰ ਕੈਦ ਤੋਂ ਵੀ ਦੁੱਗਣੀਆਂ ਸਜਾਵਾਂ ਤਕ ਪੂਰੀਆਂ ਕਰ ਲਈਆਂ ਹਨ ਨੂੰ ਪੱਕੇ ਤੌਰਤੇ ਰਿਹਾਅ ਕੀਤਾ ਜਾਵੇ ਦੀਆਂ ਮੰਗਾਂ ਨੂੰ ਲੈ ਕੇ ਮੋਹਾਲੀ ਚੰਡੀਗੜ੍ਹ ਬਾਰਡਰ ਜਿਥੇ ਕੌਮੀ ਸਿੱਖ ਮੋਰਚੇ ਦੇ ਯੋਧਿਆਂ ਨੂੰ ਮੁਜਾਹਰਾ ਕਰਕੇ ਚੰਡੀਗੜ੍ਹ ਜਾਂਦੇ ਹੋਏ ਜੱਥੇ ਨੂੰ ਪੁਲੀਸ ਨੇ ਜਬਰੀ ਰੋਕਿਆ ਸੀ ਉਸੇ ਸਥਾਨ ਤੇ ਉਨਾਂ ਨੇ ਪੱਕੇ ਤੌਰਤੇ ਟੈਂਟ ਲਗਾ ਕੇ ਉਸ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਉਨਾਂ ਨੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ 26 ਜਨਵਰੀ 2023 ਨੂੰ ਮੁਹਾਲੀ ਵਿਖੇ ਲਾ ਮਿਸਾਲ ਰੋਸ ਮਾਰਚ ਕੀਤਾ ਸੀ ਜਿਸ ਬਾਰੇ ਅਖਬਾਰਾਂ ਵਿੱਚ ਖਬਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਮੀਡੀਏ ਵਲੋਂ ਇਹ ਦਸਿਆ ਗਿਆ ਸੀ ਕਿ ਸਿੱਖ ਸੰਗਤਾਂ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਪ੍ਰਤੀ ਇਤਨਾ ਰੋਸ ਸੀ ਕਿ ਇਹ ਮਾਰਚ 18 ਕਿਲੋਮੀਟਰ ਤੋਂ ਕਿਤੇ ਵਧੇਰੇ ਲੰਮੇਰਾ ਸੀ ।ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖ ਕੌਮ ਦੀਆਂ ਸਾਂਝੀਆਂ ਮੰਗਾਂ ਹੋਣ ਤੇ ਲੜਾਈ ਸਿਰਫ ਕੌਮੀ ਇਨਸਾਫ ਮੋਰਚੇ, ਦੱਲ ਖਾਲਸਾ, ਸ਼੍ਰੋਮਣੀ ਅਕਾਲੀ ਦੱਲ (ਅੰਮ੍ਰਿਤਸਰ) ਆਦਿ ਜਥੇਬੰਦੀਆਂ ਹੀ ਲੜ੍ਹ ਰਹੀਆਂ ਹਨ। ਬਾਕੀ ਸਿੱਖ ਜਥੇਬੰਦੀਆਂ ਤੇ ਸਿੱਖ ਜਗਤ ਦਾ ਇਕੱਠਿਆਂ ਨਾ ਹੋਣ ਦਾ ਨਤੀਜਾ ਹੈ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿੱਚ ਤੇ ਹੋਰ ਮੰਗਾਂ ਨੂੰ ਪ੍ਰਵਾਨ ਕਰਾਉਣ ਵਿੱਚ ਸਰਕਾਰ ਦੀ ਬੇਰੁੱਖੀ ਚਲੀ ਆ ਰਹੀ ਹੈ।

ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਤੋਂ ਵੀ ਇਕ ਰੋਸ ਸ਼ੁਰੂ ਕਰਕੇ ਪੰਜਾਬ ਦੇ ਗਵਰਨਰ ਨੂੰ ਮਿਲਣ ਲਈ ਚੰਡੀਗੜ੍ਹ ਲਈ ਰਵਾਨਾ ਹੋਇਆ ਸੀ ਉਸ ਨਾਲ ਮੀਟਿੰਗ ਦੌਰਾਨ ਜੋ ਗਲ ਬਾਤ ਹੋਈ ਸੀ ਜਿਸ ਵਿੱਚ ਉਨਾਂ ਨੇ ਇਹ ਕਿਹਾ ਸੀ ਕਿ ਉਹ ਉਨਾਂ ਨੂੰ ਬੰਦੀ ਸਿੰਘ ਜਿਨਾਂ ਦੀ ਰਿਹਾਈ ਦੀ ਉਹ ਮੰਗ ਕਰ ਰਹੇ ਹਨ ਤੇ ਉਨਾਂ ਨੇ ਕਿੰਨੀਆਂ ਕਿੰਨੀਆਂ ਸਜਾਵਾਂ ਕੱਟ ਲਈਆਂ ਹਨ ਉਨਾਂ ਦੀ ਲਿਸਟ ਦੇਣ ਤਾਂ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਹ ਮੰਗੀ ਜਾਣਕਾਰੀ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਵਲੋਂ ਨਿਸਚਿਤ ਸਮੇਂ ਵਿੱਚ ਪੰਜਾਬ ਦੇ ਗਵਰਨਰ ਸ੍ਰੀ ਬਨਵਾਰੀ ਲਾਲ ਪ੍ਰੋਹਤ ਨੂੰ ਦੇ ਵੀ ਦਿੱਤੀ ਸੀ। ਕੌਮੀ ਇਨਸਾਫ ਮੋਰਚੇ ਦੇ ਆਗੂਆਂ ਦੀ ਇਕ ਹੋਰ ਮੀਟਿੰਗ 14 ਅਗਸਤ 2023 ਨੂੰ ਇਨਾਂ ਮੰਗਾਂ ਦੇ ਸਬੰਧ ਵਿੱਚ ਪੰਜਾਬ ਦੇ ਗਵਰਨਰ ਨਾਲ ਹੋਈ ਸੀ ਜਿਸ ਵਿੱਚ ਉਨਾਂ ਨੇ ਫਿਰ 10 ਦਿਨ ਦਾ ਸਮਾਂ ਮੰਗਿਆ ਸੀ। ਇਥੇ ਦੱਸਣਾ ਬਨਦਾ ਹੈ ਕਿ ਇਕ ਸਾਲ ਪਹਿਲਾਂ ਵੀ ਇਹੋ ਗੱਲ ਪੰਜਾਬ ਦੇ ਗਵਰਨਰ ਨੇ ਸਿੱਖ ਆਗੂਆਂ ਨਾਲ ਇਕ ਮਿਲਣੀ ਦੌਰਾਨ ਸਤ ਦਿਨਾਂ ਦਾ ਸਮਾਂ ਮੰਗਣ ਵਾਲੀ ਗੱਲ ਦਾ ਜ਼ਿਕਰ ਕੀਤਾ ਸੀ ਉਸੇ ਸਮੇਂ ਸਿੱਖ ਆਗੂਆਂ ਨੇ ਗਵਰਨਰ ਸਾਹਿਬ ਨੂੰ ਚੇਤੇ ਕਰਵਾਉਂਦਿਆ ਕਿਹਾ ਸੀ ਕਿ ਇਹ ਗੱਲ ਤਾਂ ਤੁਸੀ ਇਕ ਸਾਲ ਪਹਿਲਾਂ ਵੀ ਕਹਿ ਚੁੱਕੇ ਹੋ ਪਰ ਹਾਲੇ ਤਕ ਮਸਲਾ ਉਥੇ ਦਾ ਉਥੇ ਹੁਣ




ਤਕ ਖੜਾ ਹੈ। ਕੋਈ ਨਤੀਜਾ ਨਹੀਂ ਨਿਕਲਿਆ? ਇਹ ਸੁਣ ਕੇ ਗਵਰਨਰ ਸਾਹਿਬ ਝਿੱਥੇ ਜਿਹੇ ਤਾਂ ਜਰੂਰ ਪੈ ਗਏ ਸਨ। ਇਹ ਲਫਜ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਪੰਜਾਬ ਦੇ ਗਵਰਨਰ ਸਮੇਤ ਕੇਂਦਰ ਦੀ ਸਰਕਾਰ ਇਸ ਮਸੱਲੇ ਨੂੰ ਹੱਲ ਕਰਨ ਦੀ ਬਜਾਏ ਇਸ ਨੂੰ ਲੱਟਕਾ ਕੇ ਰੱਖਣਾ ਚਾਹੁੰਦੀ ਹੈ। ਹੁਣ ਜੇ ਕਰ ਇਨਾਂ ਮਸੱਲਿਆਂ ਤੇ ਝਾਤ ਮਾਰੀਏ ਤਾਂ ਸਾਲ 2015 ਵਿੱਚ ਜਦੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਜਾਂ ਗੋਲੀ ਚਲੀ ਸੀ ਜਿਸ ਵਿੱਚ ਦੋ ਬੇਦੋਸ਼ੇ ਸਿੱਖ ਨੌਜੁਆਨਾਂ ਦੀ ਮੌਤ ਹੋਈ ਸੀ ਉਸ ਸਮੇਂ ਪੰਜਾਬ ਵਿੱਚ ਸ੍ਰ ਪ੍ਰਕਾਸ਼ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਰਾਜ ਕਰ ਰਹੀ ਸੀ ਜਿਸ ਦੇ ਆਗੂ ਖੁਦ ਸ੍ਰੀ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ। ਇਹ ਲੀਡਰਸ਼ਿਪ ਇੰਨੀ ਸੁਆਰਥੀ ਸੀ ਕਿ ਉਨਾਂ ਨੂੰ ਆਪਣੇ ਗੁਰੂ ਸ੍ਰੀ ਗੁਰੁ ਗ੍ਰੰਥ ਸਾਹਿਬ ਤੋਂ ਵੱਧ ਸਿਰਸੇ ਵਾਲੇ ਸਾਧ ਦੀਆਂ ਵੋਟਾਂ ਪਿਆਰੀਆਂ ਸਨ ਜਿਸ ਕਰਕੇ ਦੋਸ਼ੀਆਂ ਦਾ ਪਤਾ ਹੋਣ ਦੇ ਬਾਵਜੂਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੇ ਸਿਰਸੇ ਵਾਲੇ ਬਾਬੇ ਸ੍ਰੀ ਰਾਮ ਰਹੀਮ ਸਿੰਘ ਦਾ ਹੱਥ ਹੈ। ਉਨ੍ਹਾਂ ਨੂੰ ਫੜ੍ਹਿਆ ਨਹੀਂ ਗਿਆ। ਇਸੇ ਅਖੌਤੀ ਸਾਧ ਰਾਮ ਰਹੀਮ ਸਿੰਘ ਜਿਸ ਨੇ ਦਸਮ ਪਾਤਸ਼ਾਹ ਦੇ ਅੰਮ੍ਰਿਤ ਦੀ ਨਕਲ ਕਰਦਿਆਂ 'ਜਾਮ ਇਨਸਾਂ' ਪਿਆ ਕੇ ਇਕ ਤਰ੍ਹਾਂ ਨਾਲ ਸਿੱਖ ਧਰਮ ਦੀ ਖਿੱਲ੍ਹੀ ਉਡਾਈ ਸੀ ਉਸੇ ਸਾਧ ਨੂੰ ਸ੍ਰੀ ਅਕਾਲ ਤਖਤ ਤੋਂ ਬਿਨ ਮੁਆਫੀ ਮੰਗੇ ਸ੍ਰ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਨੇ ਸਿੱਖ ਪੰਥ ਦੇ ਪੰਜ ਜਥੇਦਾਰਾਂ ਕੋਲੋਂ ਜਬਰੀ ਮੁਆਫੀ ਦੁਆਈ ਗਈ ਸੀ ।ਜਿਸ ਦਾ ਸਿੱਖ ਪੰਥ ਨੇ ਸਖਤ ਵਿਰੋਧ ਕੀਤਾ ਤਾਂ ਇਸ ਮੁਆਫੀ ਨੂੰ ਸਹੀ ਦਰਸਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਲਗ ਭਗ ਇਕ ਕਰੋੜ੍ਹ ਰੁਪਏ ਦੇ ਵੱਖ ਵੱਖ ਅਖਬਾਰਾਂ ਨੂੰ ਇਸ਼ਤਿਹਾਰ ਦਿੱਤੇ ਗਏ। ਇਸ ਦੇ ਬਾਵਜੂਦ ਜਦੋਂ ਸਿੱਖ ਕੌਮ ਨੇ ਇਸ ਦਾ ਵਿਰੋਧ ਜਾਰੀ ਰਖਿਆ ਤਾਂ ਫਿਰ ਕਿਧਰੇ ਜਾ ਕੇ ਮਜਬੂਰ ਹੋ ਕੇ ਉਸੇ ਮੁਆਫੀ ਨੂੰ ਸਿੱਖ ਕੌਮ ਦੇ ਜਥੇਦਾਰਾਂ ਨੂੰ ਰੱਦ ਕਰਨਾ ਪਿਆ ਸੀ। ਉਪਰੰਤ ਕਾਂਗਰਸ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਪੰਜ ਸਾਲਾਂ ਤਕ ਕਰਦੇ ਰਹੇ ਸਜਾਵਾਂ ਦੇਣ ਦਾ ਵਾਅਦਾ ਕਰਕੇ ਉਨ੍ਹਾਂ ਵਲੋਂ ਵੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣਾ। ਉਪਰੰਤ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਨੂੰ ਹੋਂਦ ਵਿੱਚ ਆਇਆਂ ਡੇਢ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਹੈ ਜਿਹੜੀ ਪਾਰਟੀ ਆਪਣੇ ਆਪ ਨੂੰ ਰਵਾਇਤੀ ਪਾਰਟੀਆਂ ਤੋਂ ਵੱਖਰਾ ਦਸਦੀ ਸੀ ਇਸ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜਿਹਨਾਂ ਨੇ ਆਪਣੇ ਸਿਰ ਤੇ ਸ਼ਹੀਦ ਭਗਤ ਸਿੰਘ ਦੀ ਪੱਗ ਦੇ ਰੰਗ ਵਾਲੀ ਬਸੰਤੀ ਪੱਗ ਸਜਾਈ ਹੋਈ ਹੈ ਜਿਨਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਕਿਹਾ ਸੀ ਕਿ ਪੰਜਾਬ ਵਿੱਚ



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380

ਆਮ ਆਦਮੀ ਪਾਰਟੀ ਦੀ ਸਰਕਾਰ ਬਣਾਓ ਅਸੀ ਇਕ ਮਹੀਨੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਫੜ੍ਹ ਕੇ ਸਜਾਵਾਂ ਦੇਵਾਂਗੇ ।ਅੱਜ ਇਸ ਪਾਰਟੀ ਦਾ ਕਿਰਦਾਰ ਵੀ ਰਵਾਇਤੀ ਪਾਰਟੀਆਂ ਵਰਗਾ ਬਣ ਜਾਣ ਕਰਕੇ ਇਸ ਪਾਰਟੀ ਨੇ ਵੀ ਮਸਲੇ ਨੂੰ ਹੱਲ ਕਰਨ ਦੀ ਹੁਣ ਤਕ ਪੂਣੀ ਵੀ ਨਹੀਂ ਕੱਤੀ। ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਨ ਸਭਾ ਮੈਂਬਰ ਕੰਵਰ ਪ੍ਰਤਾਪ ਸਿੰਘ ਕਈ ਵਾਰ ਪੰਜਾਬ ਸਰਕਾਰ ਦਾ ਧਿਆਨ ਇਸ ਮੰਗ ਵਲ ਦੁਆ ਚੁੱਕੇ ਹਨ ਨਾਂ ਤਾਂ ਉਨਾਂ ਨੂੰ ਵਿਧਾਨ ਸਭਾ ਵਿੱਚ ਗੱਲ ਕਰਨ ਦਾ ਮੌਕਾ ਦਿੱਤਾ ਗਿਆ ਨਾ ਹੀ ਮੱਸਲਾ ਹੱਲ ਕੀਤਾ ਹੈ।ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਬਾਰੇ ਪੰਜਾਬੀਆਂ ਦੇ ਭੁਲੱਖੇ ਕਾਫੀ ਹੱਦ ਤਕ ਦੂਰ ਹੋ ਗਏ ਹਨ ਕਿ ਆਮ ਆਦਮੀ ਪਾਰਟੀ ਦੀ ਉਹ ਹੀ ਨੀਤੀ ਹੈ ਜੋ ਭਾਜਪਾ ਦੀ ਹੈ।ਇਸ ਪਾਰਟੀ ਨੇ ਚੋਣਾਂ ਜਿੱਤਣ ਖਾਤਰ ਸਜਾਵਾਂ ਦੇਣ ਦੀ ਅਵਾਜ ਬੁਲੰਦ ਕਰਕੇ ਪੰਜਾਬੀਆਂ ਦੀਆਂ ਵੋਟਾਂ ਬਟੋਰੀਆਂ ਹਨ ਜਿਸ ਕਾਰਨ ਇਹ ਪਾਰਟੀ ਵੀ ਦਿਨ ਬ ਦਿਨ ਪੰਜਾਬੀਆਂ ਦੇ ਮਨੋਂ ਲਹਿ ਰਹੀ ਹੈ । ਪੰਜਾਬ ਦੇ ਲੋਕਾਂ ਦੇ ਮਸਲੇ ਉਂਝ ਦੇ ਉਂਝ ਬਰਕਰਾਰ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਕੇਜਰੀਵਾਲ ਦੀ ਕਠਪੁੱਤਲੀ ਬਣ ਕੇ ਕਰੋੜ੍ਹਾਂ ਰੁਪਏ ਦੇ ਦੂਸਰੇ ਪ੍ਰਾਂਤਾਂ ਵਿੱਚ ਪੰਜਾਬ ਦੇ ਇਸ਼ਤਿਹਾਰ ਦੇ ਕੇ , ਆਮ ਆਦਮੀ ਪਾਰਟੀ ਦੀਆਂ ਚੋਣਾਂ ਵਿੱਚ ਸ੍ਰੀ ਕੇਜਰੀਵਾਲ ਨੂੰ ਪੰਜਾਬ ਦੇ ਚੌਪਰ ਵਿੱਚ ਬਿਠਾ ਕੇ ਦੂਜੇ ਪ੍ਰਾਤਾਂ ਜਿਥੇ ਚੋਣਾਂ ਹੋ ਰਹੀਆਂ ਹਨ ਉਨਾਂ ਪ੍ਰਾਤਾਂ ਵਿੱਚ ਘੁੰਮਾ ਕੇ ਪੰਜਾਬ ਨੂੰ ਕਰਜੇ ਦੀ ਦਲ ਦਲ ਵਿੱਚ ਹੋਰ ਧਕਦੇ ਆ ਰਹੇ ਹਨ। ਪੰਜਾਬ ਦੇ ਲੋਕ ਇਹ ਸਭ ਕੁਝ ਵੇਖਦੇ ਆ ਰਹੇ ਹਨ। ਜਿਸ ਕਾਰਨ ਬਸੰਤੀ ਪੱਗੜ੍ਹੀ ਬੰਨਣ ਵਾਲੇ ਸ੍ਰ ਮਾਨ ਵੀ ਹੁਣ ਪੰਜਾਬੀਆਂ ਦੀਆਂ ਅੱਖਾਂ ਵਿੱਚ ਰੜ੍ਹਕਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਇਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਸੰਗਰੂਰ ਦੀਆਂ ਚੋਣਾਂ ਵਿੱਚ ਹਾਰ ਦੁਆ ਕੇ ਇਕ ਟਰੇਲਰ ਰਾਹੀਂ ਪ੍ਰੱਤਖ ਦਸ ਦਿਤਾ ਸੀ ਕਿ ਪੰਜਾਬ ਦੇ ਲੋਕ ਸ੍ਰੀ ਕੇਜਰੀਵਾਲ ਜਿਸ ਨੇ ਸਾਰੇ ਪੰਜਾਬ ਨੂੰ ਆਪਣੀ ਜਕੜ੍ਹ ਵਿੱਚ ਲੈ ਰਖਿਆ ਹੈ ਉਸ ਨੂੰ ਬਿਲਕੁਲ ਸਵੀਕਾਰ ਕਰਨ ਵਾਲੇ ਨਹੀਂ।

ਕੌਮੀ ਇਨਸਾਫ ਮੋਰਚੇ ਦੇ ਪ੍ਰਮੁੱਖ ਇਕ ਆਗੂ ਬਾਪੂ ਤਰਲੋਕ ਸਿੰਘ ਜਿਹੜੇ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਪਿਤਾ ਹਨ ਨੇ ਇਕ ਮੁਲਾਕਾਤ ਵਿੱਚ ਦਸਿਆ ਕਿ ਉਨਾਂ ਨੇ ਮੋਰਚਾ ਲਗਾਉਣ ਤੋਂ ਪਹਿਲਾਂ ਤੇ ਹੁਣ ਤਕ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸੰਪਰਕ ਕੀਤਾ ਹੈ ਪਰ ਉਹ ਹਾਲੇ ਤਕ ਉਹ ਖਾਮੋਸ਼ ਬੈਠੀਆਂ ਹਨ। ਸਿੱਖ ਕੌਮ ਦੀ ਤਰਾਸਦੀ ਇਹ ਹੈ ਕਿ ਇਸ ਸਮੇਂ ਸਿੱਖ ਕੌਮ ਲੀਡਰ ਰਹਿਤ ਹੈ। ਸ਼੍ਰੋਮਣੀ ਅਕਾਲੀ ਦੱਲ ਜਿਸ ਨੇ ਪੰਜਾਬ ਵਿੱਚ ਲਗਭਗ ਤਿੰਨ ਦਹਾਕੇ ਰਾਜ ਹੀ ਨਹੀਂ ਕੀਤਾ ਬਲਕਿ ਕੇਂਦਰ ਵਿੱਚ ਵੀ ਭਾਜਪਾ ਸਰਕਾਰ ਵਿੱਚ ਭਾਈਵਾਲ ਰਹੀ ਹੈ ਪਰ ਇਸ ਨੇ ਵੀ ਪੰਜਾਬ ਦਾ ਇਕ ਵੀ ਮਸੱਲਾ ਹੱਲ ਨਹੀਂ ਕਰਵਾਇਆ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀ ਤੇ ਡੈਮਾਂ ਆਦਿ ਸਭ ਮੱਸਲੇ ਉਂਝ ਦੇ ਉਂਝ ਲਟਕਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਬੰਦੀ ਸਿੰਘਾਂ ਨੂੰ ਰਿਹਾ ਕਰਾਉਣਾ ਤਾਂ ਦੂਰ ਦੀ ਗੱਲ ਸ੍ਰ ਪਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਬੰਦੀ ਸਿੰਘਾਂ ਬਾਰੇ ਇੰਝ ਕਹਿ ਕੇ ਜੇ ਕਰ ਇਨਾਂ ਬੰਦੀ ਸਿੰਘਾਂ ਨੂੰ ਪੰਜਾਬ ਵਿੱਚ ਰਖਿਆ ਗਿਆ ਤਾਂ ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਵਿਗੜ ਸਕਦੀ ਹੈ ਬੰਦੀ ਸਿੰਘਾਂ ਨੂੰ ਪੰਜਾਬ ਵਿੱਚ ਰੱਖਣ ਦੀ ਥਾਂ ਤੇ ਦੂਸਰੇ ਪ੍ਰਾਂਤਾਂ ਵਿੱਚ ਭੇਜਦੀ ਰਹੀ ਹੈ। ਇਸੇ ਤਰ੍ਹਾਂ ਹੀ ਦਿੱਲੀ ਜਿਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਇਸ ਨੇ ਚੌਥੀ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਕੇਂਦਰ ਸਰਕਾਰ ਦੀ ਹੋਰ ਮਕਾਰੀ ਵੇਖੋ ਕਿ ਭਾਈ ਜਗਤਾਰ ਸਿੰਘ ਹਵਾਰਾ ਜਿਹੜੇ 1995 ਤੋਂ ਜੇਲ ਵਿੱਚ ਬੰਦ ਹਨ ਉਨਾਂ ਵਿਰੁੱਧ ਹੁਣ 28 ਸਾਲਾਂ ਬਾਅਦ ਚਾਰਸ਼ੀਟ ਜਾਰੀ ਕੀਤੀ ਹੈ ਜਿਸ ਦੀ ਸਤੰਬਰ ਵਿੱਚ ਸੁਣਵਾਈ ਰੱਖੀ ਗਈ ਹੈ ਤਾਂ ਕਿ ਉਸ ਦੀ ਰਿਹਾਈ ਨੂੰ ਲਟਕਾਇਆ ਜਾ ਸਕੇ। ਜੋ ਸਰਕਾਰ ਦੀ ਸਿੱਖਾਂ ਪ੍ਰਤੀ ਮੰਦੀ ਸੋਚ ਦਾ ਪ੍ਰਗਟਾਵਾ ਕਰ ਰਹੀ ਹੈ। ਇਸ ਸਮੇਂ ਸਿੱਖ ਕੌਮ ਨੂੰ ਸੁਹਿਰਦ ਆਗੂ ਦੀ ਜਰੂਰਤ ਹੈ ਜਿਹੜਾ ਪੰਜਾਬ ਦੇ ਮੁੱਖ ਮੱਸਲੇ ਹੱਲ ਕਰਵਾ ਸਕੇ।

ਸਿੱਖ ਪੰਥ ਨੇ ਬਾਦਲਾਂ ਦੀਆਂ ਪੰਜਾਬ ਤੇ ਸਿੱਖ ਵਿਰੋਧੀ ਨੀਤੀਆਂ ਨੂੰ ਵੇਖਦਿਆਂ ਹੋਇਆਂ ਉਨਾਂ ਨੂੰ ਬਿਲਕੁਲ ਨਕਾਰ ਦਿੱਤਾ ਹੈ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ ਹਰਵਿੰਦਰ ਸਿੰਘ ਫੂਲਕਾ ਜਿਨਾ ਦਾ ਨਾਂ ਸਿੱਖ ਜਗਤ ਵਿੱਚ ਸਤਿਕਾਰ ਵਜੋਂ ਲਿਆ ਜਾਂਦਾ ਹੈ ਉਨਾਂ ਨੂੰ ਇਨਾਂ ਬੰਦੀ ਸਿੰਘਾਂ ਨੂੰ ਰਿਹਾ ਕਰਾਉਣ ਦੀ ਬਾਂਹ ਫੜਨੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜ੍ਹੇ ਤੇ ਭਾਰਤ ਦੇ ਰਾਸ਼ਟਰਪਤੀ ਨੇ ਜਿਨਾਂ ਸਿੱਖ ਕੈਦੀਆਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ। ਉਨ੍ਹਾਂ ਦੀ ਰਿਹਾਈ ਦਾ ਐਲਾਨ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸੁਲਤਾਨ ਪੁਰ ਲੋਧੀ ਵਿਖੇ ਕਰ ਚੁੱਕੇ ਹਨ ਇਸ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ। ਇਸ ਕਰਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ. ਫੂਲਕਾ ਸਾਹਿਬ ਨੂੰ ਇਨਾਂ ਬੰਦੀ ਸਿੰਘਾਂ ਨੂੰ ਰਿਹਾ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਆਪਣੀ ਚਾਰਾਜੋਈ ਸ਼ੁਰੂ ਕਰਨੀ ਚਾਹੀਦੀ ਹੈ। ਇਸ ਸਬੰਧ ਵਿੱਚ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੂੰ ਵੀ ਸ੍ਰ ਫੂਲਕਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸੰਸਾਰ ਭਰ ਦੇ ਸਿੱਖਾਂ ਜਿਨ੍ਹਾਂ ਦੇ ਮਨਾਂ ਵਿੱਚ ਪੰਜਾਬ ਪ੍ਰਤੀ ਮੋਹ ਹੈ ਉਨਾਂ ਨੂੰ ਚਾਹੀਦਾ ਹੈ ਕਿ ਉਹ ਪਹਿਲ ਕਦਮੀ ਕਰਕੇ ਪੰਜਾਬ ਦੀਆਂ ਵੱਖ ਵੱਖ ਪਾਰਟੀਆਂ ਦੇ ਈਮਾਨਦਾਰ ਆਗੂਆਂ ਭਾਜਪਾ ਨੂੰ ਛੱਡ ਕੇ ਬੁੱਧੀਜੀਵੀਆਂ, ਸਿੱਖ ਚਿੰਤਕਾਂ, ਕਿਸਾਨ ਆਗੂਆਂ ਆਦਿ ਨੂੰ ਸ਼ਾਮਲ ਕਰਕੇ ਇਕ ਕਮੇਟੀ ਦਾ ਗੱਠਨ ਕਰਨਾ ਚਾਹੀਦਾ ਹੈ ਜੋ ਪੰਜਾਬ ਦੇ ਸਾਰੇ ਵਿੰਗਾਂ ਚਾਹੇ ਉਹ ਇਸਤਰੀਆਂ ਹਨ, ਵਿਦਿਆਰਥੀ ਹਨ, ਨੌਜੁਆਨ ਹਨ ਸਭਨਾ ਦਾ ਸੰਗਠਨ ਮਜਬੂਤ ਕਰਕੇ ਪੰਜਾਬ ਦੀ ਖੇਤਰੀ ਪਾਰਟੀ ਦਾ ਰੂਪ ਦੇਣਾ ਚਾਹੀਦਾ ਹੈ ਜੋ ਕਿ ਇਸ ਸਮੇਂ ਦੀ ਵੱਡੀ ਮੰਗ ਹੈ ਤਾਂ ਕਿ ਪੰਜਾਬ ਦੇ ਮਸਲਿਆਂ ਸਬੰਧੀ ਸਾਂਝੀ ਜਦੋਜਹਿਦ ਸ਼ੁਰੂ ਕਰਕੇ ਉਨਾਂ ਦਾ ਹੱਲ ਕਰਵਾਇਆ ਜਾ ਸਕੇ। ਜਿੰਨਾਂ ਚਿਰ ਸਰਬ ਸਾਂਝੀ ਜਥੇਬੰਦੀ ਹੋਂਦ ਵਿੱਚ ਨਹੀਂ ਆਉਂਦੀ ਉਨਾਂ ਚਿਰ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਦੇ ਨਾਲ ਹੋਰ ਜਿਹੜੀਆਂ ਉਪਰੋਕਤ ਬਿਆਨੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਹੈ ਉਸ ਵਿੱਚ ਕੌਮੀ ਇਨਸਾਫ ਮੋਰਚੇ ਦਾ ਡੱਟ ਕੇ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਉਹ ਇਸ ਸੰਘਰਸ਼ ਵਿੱਚ ਮੁਕੰਮਲ ਰੂਪ ਵਿੱਚ ਸਫਲ ਹੋ ਸਕਣ।

ਅਮੀਨ ! ਅਮੀਨ !!

# ਕੀ ਧਰਮ ਨੂੰ ਨਿਸ਼ਾਨਾ ਬਣਾਉਣ ਲਈ ਵਿਰੋਧੀ ਧਿਰ ਇਕੱਠੀ ਹੋਈ: ਭਾਜਪਾ

## 'ਸਨਾਤਨ ਧਰਮ' ਬਾਰੇ ਟਿੱਪਣੀਆਂ ਲਈ ਕਾਂਗਰਸ ਤੇ ਇੰਡੀਆ ਗੱਠਜੋੜ 'ਚ ਸ਼ਾਮਲ ਪਾਰਟੀਆਂ ਨੂੰ ਘੇਰਿਆ



ਨਵੀਂ ਦਿੱਲੀ : ਭਾਜਪਾ ਨੇ ਡੀਐੱਮਕੇ ਆਗੂ ਉਦੈਨਿਧੀ ਸਟਾਲਿਨ ਵੱਲੋਂ 'ਸਨਾਤਨ ਧਰਮ' ਬਾਰੇ ਕੀਤੀਆਂ ਟਿੱਪਣੀਆਂ ਲਈ ਇੰਡੀਆ ਗੱਠਜੋੜ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਾਂਗਰਸ ਨੂੰ ਸਵਾਲ ਕੀਤਾ ਕਿ ਕੀ ਗੱਠਜੋੜ ਦੇ ਆਗੂ ਧਰਮ ਨੂੰ ਨਿਸ਼ਾਨਾ ਬਣਾਉਣ ਲਈ ਹੀ ਮੁੰਬਈ ਵਿੱਚ ਇਕੱਠੇ ਹੋਏ ਸਨ। ਭਾਜਪਾ ਨੇ ਜ਼ੋਰ ਦੇ ਕੇ ਆਖਿਆ ਕਿ ਵਿਰੋਧੀ ਧਿਰਾਂ ਹਿੰਦੂ ਭਾਵਨਾਵਾਂ ਨਾਲ ਨਾ ਖੇਡਣ।

ਸਾਬਕਾ ਕੇਂਦਰੀ ਮੰਤਰੀ ਤੇ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ.ਕੇ.ਸਟਾਲਿਨ ਦੇ ਪੁੱਤਰ ਵੱਲੋਂ ਕੀਤੀਆਂ ਟਿੱਪਣੀਆਂ ਸ਼ਰਮਨਾਕ ਤੇ ਹੈਰਾਨ ਕਰਨ ਵਾਲੀਆਂ ਹਨ। ਪ੍ਰਸਾਦ ਨੇ ਕਿਹਾ ਕਿ ਕਾਂਗਰਸ ਐੱਮਪੀ ਕਾਰਤੀ ਚਿਦੰਬਰਮ, ਜਿਸ ਦੇ ਪਿਤਾ ਤੇ ਸਾਬਕਾ ਵਿੱਤ ਮੰਤਰੀ ਪੀ.ਚਿਦੰਬਰਮ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ, ਵੱਲੋਂ ਉਦੈਨਿਧੀ ਦੀ ਮਦਦ ਕੀਤੀ ਜਾ ਰਹੀ ਹੈ। ਪ੍ਰਸਾਦ ਨੇ ਕਿਹਾ, "ਰਾਹੁਲ ਗਾਂਧੀ, ਮਲਿਕਾਰਜੁਨ ਖੜਗੇ, ਨਿਤੀਸ਼ ਕੁਮਾਰ, ਮਮਤਾ ਬੈਨਰਜੀ ਚੁੱਪ ਕਿਉਂ ਹਨ? ਕੀ ਤੁਸੀਂ ਵੋਟਾਂ ਲਈ ਹਿੰਦੂ ਭਾਵਨਾਵਾਂ ਨਾਲ ਖੇਡ ਰਹੇ ਹੋ? ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੈਂਕੜੇ ਸਾਲਾਂ ਦਾ ਇਸਲਾਮਿਕ ਸ਼ਾਸਨ ਵੀ ਸਨਾਤਨ ਧਰਮ ਨੂੰ ਖ਼ਤਮ ਨਹੀਂ ਕਰ ਸਕਿਆ ਤੇ ਬਰਤਾਨਵੀ ਸਾਮਰਾਜ ਵਿੱਚ ਵੀ ਇਸ ਵਿੱਚ ਨਾਕਾਮ ਰਿਹਾ।" ਉਨ੍ਹਾਂ ਕਿਹਾ ਕਿ ਰਿਸ਼ੀ ਸੂਨਕ ਐਲਾਨੀਆ ਸਨਾਤਨੀ ਹਨ। ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਵਿਰੋਧੀ ਧਿਰਾਂ ਨੂੰ ਘੇਰਦਿਆਂ ਕਾਂਗਰਸ ਨੂੰ ਸਵਾਲ ਕੀਤਾ ਕਿ ਕੀ ਇੰਡੀਆ ਗੱਠਜੋੜ ਸਨਾਤਨ ਧਰਮ ਖਿਲਾਫ਼ ਤੇ ਇਸ ਨੂੰ ਪੂਰੇ ਦੇਸ਼ ਵਿਚ ਕਿਵੇਂ ਖ਼ਤਮ ਕਰਨਾ ਹੈ, ਬਾਰੇ ਏਜੰਡਾ ਫਾਈਨਲ ਕਰਨ ਲਈ ਹੀ ਮੁੰਬਈ ਵਿੱਚ ਇਕੱਤਰ ਹੋਇਆ ਸੀ। ਉਨ੍ਹਾਂ ਕਾਂਗਰਸ ਆਗੂ ਕੇ.ਸੀ.ਵੇਣੂਗੋਪਾਲ 'ਤੇ ਧਰਮ ਖਿਲਾਫ਼ ਜ਼ਹਿਰ ਉਗਲਣ ਦਾ ਦੋਸ਼ ਲਾਉਂਦਿਆਂ ਕਿਹਾ, "ਕੀ ਇਹੀ ਤੁਹਾਡੀ 'ਮੁਹੱਬਤ ਕੀ ਦੁਕਾਨ' ਹੈ।

ਇਕ ਹੋਰ ਕੇਂਦਰੀ ਮੰਤਰੀ ਪ੍ਰਹਿਲਾਦ ਪਟੇਲ ਨੇ ਕਿਹਾ ਕਿ ਸਨਾਤਨ ਧਰਮ 'ਤੇ ਹਮਲਾ, ਵਿਰੋਧੀ ਪਾਰਟੀਆਂ ਵੱਲੋਂ ਮੁੰਬਈ ਵਿੱਚ ਘੜੀ ਸਾਜ਼ਿਸ਼ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਹੋਣ ਜਾਂ ਫਿਰ ਅਰਵਿੰਦ ਕੇਜਰੀਵਾਲ, ਜੋ ਮੰਦਿਰਾਂ ਵਿੱਚ ਜਾ ਕੇ ਤਸਵੀਰਾਂ ਖਿਚਵਾਉਂਦੇ ਹਨ, ਦੀ ਖਾਮੋਸ਼ੀ ਸਭ ਕੁਝ ਬੋਲ ਰਹੀ ਹੈ।

# ਸਨਾਤਨ ਧਰਮ ਨੂੰ ਡੇਂਗੂ ਤੇ ਕਰੋਨਾਵਾਇਰਸ ਵਾਂਗ ਖ਼ਤਮ ਕੀਤਾ ਜਾਵੇ: ਉਦੈਨਿਧੀ

ਚੇਨੱਈ : ਡੀਐੱਮਕੇ ਯੂਥ ਵਿੰਗ ਦੇ ਸਕੱਤਰ ਤੇ ਤਾਮਿਲਨਾਡੂ ਦੇ ਨੌਜਵਾਨ ਭਲਾਈ ਮੰਤਰੀ ਉਦੈਨਿਧੀ ਸਟਾਲਿਨ ਨੇ ਕਿਹਾ ਕਿ ਸਨਾਤਨ ਧਰਮ ਕਥਿਤ ਬਰਾਬਰੀ ਤੇ ਸਮਾਜਿਕ ਨਿਆਂ ਦੀ ਖਿਲਾਫ਼ਵਰਜ਼ੀ ਹੈ ਤੇ ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ.ਸਟਾਲਿਨ ਦੇ ਪੁੱਤਰ ਉਦੈਨਿਧੀ ਨੇ ਕਿਹਾ ਕਿ ਸਨਾਤਨ ਧਰਮ ਕਰੋਨਾਵਾਇਰਸ, ਮਲੇਰੀਆ ਅਤੇ ਡੇਂਗੂ ਵਾਇਰਸ ਤੇ ਮੱਛਰਾਂ ਕਰਕੇ ਹੁੰਦੇ ਬੁਖਾਰ ਵਾਂਗ ਹੈ, ਤੇ ਅਜਿਹੀਆਂ ਚੀਜ਼ਾਂ ਦਾ ਵਿਰੋਧ ਨਹੀਂ ਬਲਕਿ ਇਨ੍ਹਾਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਉਦੈਨਿਧੀ ਸ਼ਨਿਚਰਵਾਰ ਨੂੰ ਤਾਮਿਲਨਾਡੂ ਪ੍ਰੋਗਰੈਸਿਵ ਰਾਈਟਰਜ਼ ਤੇ ਆਰਟਿਸਟਸ ਐਸੋਸੀਏਸ਼ਨ ਦੀ ਬੈਠਕ ਨੂੰ ਸੰਬੋਧਨ ਕਰ ਰਹੇ ਸਨ।



ਉਦੈਨਿਧੀ ਨੇ ਤਾਮਿਲ ਵਿੱਚ ਆਪਣੇ ਸੰਬੋਧਨ 'ਚ ਸਨਾਤਨ ਧਰਮ ਦਾ 'ਸਨਾਤਨਮ' ਵਜੋਂ ਹਵਾਲਾ ਦਿੱਤਾ। ਉਨ੍ਹਾਂ ਪ੍ਰਬੰਧਕਾਂ ਦੀ ਤਾਰੀਫ਼ ਕੀਤੀ ਕਿ ਉਨ੍ਹਾਂ 'ਸਨਾਤਨ ਦਾ ਵਿਰੋਧ' ਦੀ ਥਾਂ 'ਸਨਾਤਨ ਦਾ ਖ਼ਾਤਮਾ' ਥੀਮ ਦੀ ਚੋਣ ਕੀਤੀ। ਉਨ੍ਹਾਂ ਕਿਹਾ ਕਿ ਕੁਝ ਚੀਜ਼ਾਂ ਦਾ ਵਿਰੋਧ ਨਹੀਂ ਬਲਕਿ ਇਨ੍ਹਾਂ ਨੂੰ ਖ਼ਤਮ ਹੀ ਕੀਤਾ ਜਾਂਦਾ ਹੈ। ਉਦੈਨਿਧੀ ਨੇ ਕਿਹਾ, "ਸਨਾਤਨਮ ਕੀ ਹੈ? ਇਹ ਨਾਮ ਸੰਸਕ੍ਰਿਤ ਵਿਚੋਂ ਆਇਆ ਹੈ। ਸਨਾਤਨ ਬਰਾਬਰੀ ਤੇ ਸਮਾਜਿਕ ਨਿਆਂ ਦੇ ਖਿਲਾਫ਼ ਹੈ। ਸਨਾਤਨ ਦਾ ਕੀ ਮਤਲਬ ਹੈ? ਇਹ ਸਦੀਵੀ ਹੈ ਕਿ ਇਸ ਨੂੰ ਬਦਲਿਆ ਨਹੀਂ ਜਾ ਸਕਦਾ; ਕੋਈ ਵੀ ਇਸ ਬਾਰੇ ਸਵਾਲ ਨਹੀਂ ਕਰ ਸਕਦਾ ਤੇ ਇਸ ਦਾ ਇਹ ਮਤਲਬ ਹੈ।" ਉਨ੍ਹਾਂ ਕਿਹਾ ਕਿ ਸਨਾਤਨ ਨੇ ਜਾਤ ਦੇ ਆਧਾਰ 'ਤੇ ਲੋਕਾਂ ਨੂੰ ਵੰਡਿਆ ਹੈ। ਉਧੈਨਿਧੀ ਨੇ ਕਿਹਾ ਕਿ ਮਰਹੂਮ ਮੁੱਖ ਮੰਤਰੀ ਤੇ ਡੀਐੱਮਕੇ ਆਗੂ ਐੱਮ.ਕਰੁਣਾਨਿਧੀ ਨੇ ਸਾਰੇ ਭਾਈਚਾਰਿਆਂ ਦੇ ਲੋਕਾਂ ਨੂੰ ਇਕ ਥਾਂ 'ਤੇ ਵਸਾਇਆ। ਉਧੈਨਿੱਧੀ, ਜਿਨ੍ਹਾਂ ਕੋਲ ਖੇਡ ਮੰਤਰਾਲਾ ਵੀ ਹੈ, ਨੇ ਕਿਹਾ ਕਿ ਸਨਾਤਨ ਨੇ ਮਹਿਲਾਵਾਂ ਨੂੰ ਗੁਲਾਮ ਬਣਾਇਆ ਤੇ ਉਨ੍ਹਾਂ ਨੂੰ ਘਰਾਂ ਦੀ ਚਾਰਦੀਵਾਰੀ 'ਚ ਕੈਦ ਰੱਖਿਆ। ਉਹੀ ਮਹਿਲਾਵਾਂ ਅੱਜ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ ਤੇ ਵਿੱਤੀ ਤੌਰ 'ਤੇ ਸੁਤੰਤਰ ਹਨ। ਉਨ੍ਹਾਂ ਕਿਹਾ, "ਸਨਾਤਨ ਨੇ ਮਹਿਲਾਵਾਂ ਨਾਲ ਕੀ ਕੀਤਾ? ਉਨ੍ਹਾਂ ਮਹਿਲਾਵਾਂ ਨੂੰ ਆਪਣੇ ਪਤੀ ਦੀ ਚਿਤਾ ਨਾਲ ਸਤੀ ਹੋਣ ਵੱਲ ਧੱਕਿਆ। ਵਿਧਵਾਵਾਂ ਦੇ ਸਿਰ ਮੁੰਨੇ ਤੇ ਉਨ੍ਹਾਂ ਨੂੰ ਸਫ਼ੇਦ ਸਾੜ੍ਹੀਆਂ ਪਾਉਣ ਲਈ ਮਜਬੂਰ ਕੀਤਾ, ਬਾਲ ਵਿਆਹ ਵੀ ਹੋਏ।"

# ਉਦੈਨਿਧੀ ਦਾ ਭੜਕਾਊ ਬਿਆਨ

ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਦੇ ਪੁੱਤਰ ਅਤੇ ਹਾਕਮ ਪਾਰਟੀ ਡੀਐੱਮਕੇ ਦੇ ਆਗੂ ਉਦੈਨਿਧੀ ਸਟਾਲਿਨ ਨੇ ਸਨਾਤਨ ਧਰਮ ਨੂੰ ਕਰੋਨਾਵਾਇਰਸ, ਮਲੇਰੀਆ ਤੇ ਡੇਂਗੂ ਵਰਗੀਆਂ ਬਿਮਾਰੀਆਂ ਨਾਲ ਜੋੜ ਕੇ ਅਤੇ ਇਹ ਆਖ ਕੇ ਕਿ ਸਨਾਤਨ ਧਰਮ ਨੂੰ ਖ਼ਤਮ ਕਰ ਦਿੱਤਾ ਜਾਣਾ ਚਾਹੀਦਾ ਹੈ, ਵਿਵਾਦ ਪੈਦਾ ਕਰ ਲਿਆ ਹੈ। ਉਸ ਦਾ ਇਹ ਨਿੰਦਣਯੋਗ ਬਿਆਨ ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੀ ਮੁੰਬਈ ਵਿਚ ਹੋਈ ਮੀਟਿੰਗ ਤੋਂ ਇਕ ਦਿਨ ਬਾਅਦ ਆਇਆ ਹੈ। ਇਸ ਨੂੰ 'ਨਫ਼ਰਤੀ ਬਿਆਨ' ਕਰਾਰ ਦਿੰਦਿਆਂ ਭਾਜਪਾ ਨੇ ਦੋਸ਼ ਲਾਇਆ ਹੈ ਕਿ ਵਿਰੋਧੀ ਧਿਰ ਦੇ ਨਵੇਂ ਬਣੇ ਗੱਠਜੋੜ ਦਾ ਮੁੱਖ ਏਜੰਡਾ ਹੀ ਹਿੰਦੂ ਧਰਮ ਦਾ 'ਮੁਕੰਮਲ ਖ਼ਾਤਮਾ' ਹੈ। ਆਪਣੀ ਆਲੋਚਨਾ ਦੀ ਪਰਵਾਹ ਨਾ ਕਰਦਿਆਂ ਉਦੈਨਿਧੀ ਨੇ ਕਿਹਾ ਹੈ ਕਿ ਉਸ ਨੇ ਇਨ੍ਹਾਂ ਟਿੱਪਣੀਆਂ ਰਾਹੀਂ ਦੱਬੇ-ਕੁਚਲੇ ਲੋਕਾਂ ਦੀਆਂ ਭਾਵਨਾਵਾਂ ਦਾ ਹੀ ਪ੍ਰਗਟਾਵਾ ਕੀਤਾ ਹੈ ਅਤੇ ਉਹ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਹੈ। ਉਦੈਨਿਧੀ ਦੇ ਇਸ ਭੜਕਾਊ ਬਿਆਨ ਨੇ ਡੀਐੱਮਕੇ ਅਤੇ ਵਿਰੋਧੀ ਗੱਠਜੋੜ ਨੂੰ ਬਹੁਤ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਜੇ ਡੀਐਮਕੇ ਆਗੂ ਨੇ ਇਸ ਦੀ ਥਾਂ ਹਿੰਦੂਤਵ ਨੂੰ ਨਿਸ਼ਾਨਾ ਬਣਾਇਆ ਹੁੰਦਾ, ਜੋ ਕਿ ਇਕ ਸਿਆਸੀ ਪ੍ਰਾਜੈਕਟ ਹੈ, ਤਾਂ ਉਸ ਦੀ ਸਥਿਤੀ ਕਾਫ਼ੀ ਮਜ਼ਬੂਤ ਹੋਣੀ ਸੀ ਪਰ ਉਸ ਨੇ ਇਸ ਦੀ ਥਾਂ ਸਨਾਤਨ ਧਰਮ ਖ਼ਿਲਾਫ਼ ਗ਼ਲਤ ਟਿੱਪਣੀ ਕਰਨ ਦਾ ਰਾਹ ਚੁਣਿਆ




ਜਿਸ ਨਾਲ ਲੋਕਾਂ ਦੇ ਮਨ ਨੂੰ ਠੇਸ ਪਹੁੰਚੀ ਹੈ। ਇਹ ਸ਼ਬਦ ਅਮਲੀ ਤੌਰ 'ਤੇ ਹਿੰਦੂ ਧਰਮ ਅਤੇ ਜੀਵਨ ਸ਼ੈਲੀ ਦਾ ਸਮਾਨਾਰਥੀ ਹੈ। ਉਦੈਨਿਧੀ ਨੇ ਸਨਾਤਨ ਧਰਮ ਨੂੰ ਵੱਖੋ-ਵੱਖ ਸਮਾਜਿਕ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਇਸ ਮਾੜੀ ਟਿੱਪਣੀ ਨੇ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਤਿੰਨ ਮਹੀਨੇ ਪਹਿਲਾਂ ਭਾਜਪਾ ਨੂੰ ਵਿਰੋਧੀ ਧਿਰ ਨੂੰ ਘੇਰਨ ਅਤੇ ਉਸ ਉੱਤੇ ਹਮਲੇ ਕਰਨ ਦਾ ਮੌਕਾ ਦੇ ਦਿੱਤਾ ਹੈ। ਅਯੁੱਧਿਆ ਵਿਚ ਉਸਾਰੀ ਅਧੀਨ ਰਾਮ ਮੰਦਰ ਵਿਚ ਅਗਲੇ ਸਾਲ ਜਨਵਰੀ ਮਹੀਨੇ ਦੌਰਾਨ ਰਾਮ ਲੱਲਾ ਦੀ ਮੂਰਤੀ ਦੇ ਹੋਣ ਵਾਲੇ ਅਭਿਸ਼ੇਕ ਸਮਾਰੋਹ ਮੌਕੇ ਸੱਤਾਧਾਰੀ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੇਗੀ। ਵਿਰੋਧੀ ਗੱਠਜੋੜ ਲਈ ਇਸ ਨਾਜ਼ੁਕ ਸਥਿਤੀ ਨਾਲ ਸਿੱਝਣਾ ਬਹੁਤ ਚੁਣੌਤੀਪੂਰਨ ਹੋਵੇਗਾ ਖ਼ਾਸਕਰ ਇਸ ਗੱਲ ਦੇ ਮੱਦੇਨਜ਼ਰ ਕਿ ਡੀਐੱਮਕੇ ਦੱਖਣੀ ਭਾਰਤ ਵਿਚ ਭਾਜਪਾ-ਵਿਰੋਧੀ ਗੱਠਜੋੜ ਦੀ ਬੜੀ ਅਹਿਮ ਭਾਈਵਾਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈਚਾਰੇ ਵਿਚ ਮੌਜੂਦ ਸਮਾਜਿਕ ਬੁਰਾਈਆਂ ਬਾਰੇ ਬਹਿਸ ਹੋਣੀ ਚਾਹੀਦੀ ਹੈ ਪਰ ਇਸ ਦੇ ਨਾਲ ਨਾਲ ਹਰ ਤਰ੍ਹਾਂ ਦੇ ਵਿਰੋਧ ਨੂੰ ਸੁਹਿਰਦਤਾ ਨਾਲ ਦਰਜ ਕੀਤਾ ਜਾਣਾ ਚਾਹੀਦਾ ਹੈ। ਬੇਲੋੜੇ ਵਿਵਾਦਾਂ ਤੋਂ ਬਚਣ ਲਈ ਧਾਰਮਿਕ ਮਾਮਲਿਆਂ ਸਬੰਧੀ ਟਿੱਪਣੀਆਂ ਕਰਦੇ ਸਮੇਂ ਕਿਸੇ ਨੂੰ ਵੀ ਸੰਵੇਦਨਸ਼ੀਲਤਾ ਦਾ ਲੜ ਨਹੀਂ ਛੱਡਣਾ ਚਾਹੀਦਾ ਪ੍ਰੰਤੂ ਇਸ ਦਾ ਮਤਲਬ ਇਹ ਵੀ ਨਹੀਂ ਕਿ ਤਰਕ ਆਧਾਰਿਤ ਬਹਿਸ ਤੋਂ ਮੂੰਹ ਮੋੜਿਆ ਜਾਵੇ।



ਸਨਾਤਨ ਧਰਮ ਨਾਲ ਜੁੜੇ ਸ਼ਰਧਾਲੂਆਂ ਨੇ ਹਰਿਦੁਆਰ ਵਿੱਚ 'ਸਨਾਤਨ ਧਰਮ' ਬਾਰੇ ਡੀਐਮਕੇ ਆਗੂ ਉਦੈਨਿਧੀ ਸਟਾਲਿਨ ਦੀ ਟਿੱਪਣੀ ਖ਼ਿਲਾਫ਼ ਪ੍ਰਦਰਸ਼ਨ ਕੀਤਾ।



ਵਿਸ਼ਾਖਾ ਸਾਰਦਾ ਪੀਠਮ ਦੇ ਪ੍ਰਧਾਨ ਸਵਰੂਪਨੇਂਦਰ ਸਰਸਵਤੀ ਨੇ ਵਿਸ਼ਾਖਾਪਟਨਮ ਵਿੱਚ ਸਨਾਤਨ ਧਰਮ ਬਾਰੇ ਤਾਮਿਲਨਾਡੂ ਦੇ ਯੁਵਕ ਭਲਾਈ ਅਤੇ ਖੇਡ ਵਿਕਾਸ ਮੰਤਰੀ ਉਦੈਨਿਧੀ ਸਟਾਲਿਨ ਦੇ ਬਿਆਨ ਦੀ ਕੀਤੀ ਨਿਖੇਧੀ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ ਨਵੀਂ ਦਿੱਲੀ 'ਚ ਤਾਮਿਲਨਾਡੂ ਦੇ ਯੁਵਕ ਭਲਾਈ ਅਤੇ ਖੇਡ ਵਿਕਾਸ ਮੰਤਰੀ ਉਦੈਨਿਧੀ ਸਟਾਲਿਨ ਦੀ 'ਸਨਾਤਨ ਧਰਮ' 'ਤੇ ਕੀਤੀ ਟਿੱਪਣੀ ਸਮੇਤ ਵੱਖ-ਵੱਖ ਮੁੱਦਿਆਂ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ।



# ਲੋੜ ਪਈ ਤਾਂ ਖ਼ੁਦ ਉਦੈਨਿਧੀ ਦਾ ਸਿਰ ਕਲਮ ਕਰਾਂਗਾ: ਸੰਤ ਪਰਮਹੰਸ

## ਧਮਕੀ ਮਗਰੋਂ ਉਦੈਨਿਧੀ ਸਟਾਲਿਨ ਦੀ ਰਿਹਾਇਸ਼ ਦੇ ਬਾਹਰ ਸੁਰੱਖਿਆ ਵਧਾਈ

ਅਯੁੱਧਿਆ/ਚੇਨੱਈ : ਤਾਮਿਲ ਨਾਡੂ ਦੇ ਮੰਤਰੀ ਉਦੈਨਿਧੀ ਸਟਾਲਿਨ ਨੂੰ ਇੱਕ ਵਾਰ ਫਿਰ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਅਯੁੱਧਿਆ ਦੇ ਸੰਤ ਪਰਮਹੰਸ ਅਚਾਰੀਆ ਨੇ ਅੱਜ ਕਿਹਾ ਕਿ ਕਿ ਜੇਕਰ ਲੋੜ ਪਈ ਤਾਂ ਉਹ ਖੁਦ ਐਮਕੇ ਸਟਾਲਿਨ ਦੇ ਪੁੱਤਰ ਦਾ ਸਿਰ ਵੱਢੇਗਾ। ਉਸ ਨੇ ਨਾਲ ਹੀ ਉਦੈਨਿਧੀ ਦਾ ਸਿਰ ਵੱਢਣ ਲਈ ਇਨਾਮ ਦੀ ਰਾਸ਼ੀ ਵਧਾ ਕੇ 10 ਕਰੋੜ ਕਰਨ ਦਾ ਐਲਾਨ ਵੀ ਕੀਤਾ। ਦੂਜੇ ਪਾਸੇ ਚੇਨੱਈ ਵਿੱਚ ਉਦੈਨਿਧੀ ਸਟਾਲਿਨ ਦੀ ਰਿਹਾਇਸ਼ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਉਦੈਨਿਧੀ ਨੇ ਸਨਾਤਨ ਧਰਮ ਬਾਰੇ ਟਿੱਪਣੀ ਕੀਤੀ ਸੀ। ਪਰਮਹੰਸ ਨੇ ਕਿਹਾ, 'ਮੈਂ ਉਸ ਨੂੰ (ਉਦੈਨਿਧੀ ਨੂੰ) ਕਹਿਣਾ ਚਾਹੁੰਦਾ ਹਾਂ ਕਿ ਉਹ ਪਹਿਲਾਂ ਸਨਾਤਨ ਧਰਮ ਦਾ ਇਤਿਹਾਸ ਪੜ੍ਹਨ ਤੇ ਫਿਰ ਟਿੱਪਣੀ ਕਰਨ। ਉਨ੍ਹਾਂ ਨੂੰ ਆਪਣੀ ਟਿੱਪਣੀ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਜੇਕਰ ਉਹ ਮੁਆਫ਼ੀ ਨਹੀਂ ਮੰਗਦੇ ਤਾਂ ਉਨ੍ਹਾਂ ਨੂੰ ਸਜ਼ਾ ਮਿਲੇਗੀ ਫਿਰ ਭਾਵੇਂ ਉਹ ਮੁੱਖ ਮੰਤਰੀ ਦਾ ਪੁੱਤਰ ਹੀ ਕਿਉਂ ਨਾ ਹੋਵੇ। ਜੇਕਰ ਲੋੜ ਪਈ ਤਾਂ ਮੈਂ ਖੁਦ ਉਨ੍ਹਾਂ



ਦਾ ਸਿਰ ਵੱਢਾਂਗਾ।' ਦੂਜੇ ਪਾਸੇ ਹੱਤਿਆ ਦੀ ਧਮਕੀ ਦਿੱਤੇ ਜਾਣ ਮਗਰੋਂ ਚੇਨੱਈ 'ਚ ਉਦੈਨਿਧੀ ਸਟਾਲਿਨ ਦੀ ਰਿਹਾਇਸ਼ ਦੇ ਬਾਹਰ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਇਸੇ ਦੌਰਾਨ ਕਰਨਾਟਕ ਸਰਕਾਰ ਦੇ ਮੰਤਰੀ ਪ੍ਰਿਯਾਂਕ ਖੜਗੇ ਨੇ ਉਦੈਨਿਧੀ ਨੂੰ ਸੰਤ ਪਰਮਹੰਸ ਵੱਲੋਂ ਦਿੱਤੀ ਗਈ ਧਮਕੀ ਸਬੰਧੀ ਕਿਹਾ ਕਿ ਜੇਕਰ ਤੁਸੀਂ ਜਾਨੋਂ ਮਾਰਨ ਦੀ ਧਮਕੀ ਦਿੰਦੇ ਹੋ ਤੇ ਕੁਝ ਬੋਲਣ 'ਤੇ ਜਾਨੋਂ ਮਾਰਨ ਲਈ 10 ਕਰੋੜ ਰੁਪਏ ਦਾ ਇਨਾਮ ਰੱਖਦੇ ਹੋ ਤਾਂ ਤੁਹਾਡੇ ਵਿੱਚ ਤੇ ਹੋਰ ਕੱਟੜਪੰਥੀਆਂ ਵਿੱਚ ਫਰਕ ਕੀ ਹੈ।

### ਯੂਪੀ ਮੱਧ ਪ੍ਰਦੇਸ਼, ਪੰਜਾਬ ਹਰਿਆਣੇ ਤੋਂ ਬਾਅਦ ਹੁਣ ਗੁਹਾਟੀ ਵਿੱਚ ਬਲਡੋਜਰ ਜਸਟਿਸ

# ਗੁਹਾਟੀ ਵਿੱਚ ਇਸ ਮੁਹਿੰਮ ਖ਼ਿਲਾਫ਼ ਔਰਤਾਂ ਨੇ ਅਰਧ ਨਗਨ ਹੋ ਕੇ ਕੀਤਾ ਪ੍ਰਦਰਸ਼ਨ





**ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਗਈ ਬੇਬੱਸ ਲੋਕਾਂ ਦੇ ਘਰ ਢਾਉ ਮੁਹਿੰਮ ਦੌਰਾਨ ਔਰਤਾਂ ਟੁੱਟਦੀਆਂ ਹੋਈਆਂ ਦੁਹੱਥੜਾ ਮਾਰਦੀਆਂ ਹੋਈਆਂ**



ਗੁਹਾਟੀ / ਅਸਾਮ ਦੇ ਸਭ ਤੋਂ ਵੱਡੇ ਸ਼ਹਿਰ ਗੁਹਾਟੀ ਵਿੱਚ ਸ਼ੁੱਕਰਵਾਰ ਨੂੰ ਸਿਲਸਾਕੋ ਬੀਲ (ਝੀਲ) ਖੇਤਰ ਵਿੱਚ ਬੇਦਖਲੀ ਮੁਹਿੰਮ ਦੇ ਵਿਰੁੱਧ ਔਰਤਾਂ ਨੇ ਅਰਧ-ਨਗਨ ਪ੍ਰਦਰਸ਼ਨ ਕੀਤਾ, ਕਿਉਂਕਿ ਖੁਦਾਈ ਕਰਨ ਵਾਲਿਆਂ ਨੇ ਗਿੱਲੀ ਜ਼ਮੀਨ ਦੀ ਕਥਿਤ ਕਬਜ਼ੇ ਵਾਲੀ ਜ਼ਮੀਨ ਨੂੰ ਖਾਲੀ ਕਰਨ ਲਈ ਜ਼ਮੀਨ ਵਿੱਚ ਕਈ ਘਰਾਂ ਨੂੰ ਤਬਾਹ ਕਰ ਦਿੱਤਾ। ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਪ੍ਰਸ਼ਾਸਨ ਸਥਾਨਕ ਲੋਕਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਬੇਦਖਲੀ ਮੁਹਿੰਮ ਲਈ ਗਿਆ ਸੀ ਅਤੇ ਯੋਗ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਜਿਵੇਂ ਹੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਇਲਾਕਾ ਖਾਲੀ ਕਰਵਾਉਣ ਲਈ ਪਹੁੰਚਿਆ ਤਾਂ ਸਥਾਨਕ ਲੋਕ ਵਿਰੋਧ ਵਿੱਚ ਆ ਗਏ। ਸ਼ੁਰੂ ਵਿੱਚ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਅਤੇ ਪੁਲਿਸ ਮੁਲਾਜ਼ਮਾਂ ਨੂੰ ਇਲਾਕੇ ਵਿੱਚ ਦਾਖ਼ਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀਆਂ ਦੋ ਔਰਤਾਂ ਪ੍ਰਦਰਸ਼ਨਕਾਰੀਆਂ ਨੇ ਆਪਣੇ ਕੱਪੜੇ ਪਾੜ ਲਏ। ਜਿਵੇਂ ਹੀ ਦੋਨਾਂ ਨੇ ਆਪਣੇ ਅੰਡਰਗਾਰਮੈਂਟਸ ਲਾਹ ਲਏ, ਪੁਲਿਸ ਦੀਆਂ ਔਰਤਾਂ ਉਹਨਾਂ ਨੂੰ ਢੱਕਣ ਲਈ ਭੱਜੀਆਂ ਅਤੇ ਕਈ ਹੋਰ ਪ੍ਰਦਰਸ਼ਨਕਾਰੀਆਂ ਦੇ ਨਾਲ ਉਹਨਾਂ ਨੂੰ ਘਟਨਾ ਸਥਾਨ ਤੋਂ ਦੂਰ ਲੈ ਗਿਆ।

ਇਲਾਕੇ ਦੇ ਮਕਾਨਾਂ ਨੂੰ ਢਾਹੁਣ ਲਈ ਕਈ ਖੁਦਾਈ ਕਰਨ ਵਾਲਿਆਂ ਨਾਲ ਨਿਕਾਸੀ ਮੁਹਿੰਮ ਚਲਾਈ ਗਈ। ਇੱਕ ਜੋੜੇ ਜਿਨ੍ਹਾਂ ਦਾ ਘਰ ਢਾਹਿਆ ਗਿਆ ਸੀ, ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 2007 ਵਿੱਚ ਇੱਕ ਸਥਾਨਕ 'ਕਮੇਟੀ' ਤੋਂ 4 ਲੱਖ ਰੁਪਏ ਵਿੱਚ ਜ਼ਮੀਨ ਖਰੀਦੀ ਸੀ, ਜਿਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਖੇਤਰ ਵਿੱਚ ਕੋਈ ਬੇਦਖਲੀ ਨਹੀਂ ਹੋਵੇਗੀ। ਹੁਣ ਸਰਕਾਰ ਦੇ ਤਾਨਾਸ਼ਾਹੀ ਨੇ ਸਾਨੂੰ ਬਾਹਰ ਕੱਢ ਦਿੱਤਾ ਹੈ ਤਾਂ ਜੋ ਉਹ ਇਹ ਜ਼ਮੀਨ ਅਮੀਰਾਂ ਨੂੰ ਕਰੋੜਾਂ ਰੁਪਏ ਵਿੱਚ ਵੇਚ ਸਕਣ। ਹੁਣ ਅਸੀਂ ਕਿੱਥੇ ਜਾਵਾਂਗੇ? ਸਾਡੀ ਜ਼ਿੰਦਗੀ ਖਤਮ ਹੋ ਗਈ ਹੈ, ਉਨ੍ਹਾਂ ਰੋਂਦੇ ਕਰਲਾਂਉਦੇ ਹੋਏ ਨੇ ਕਿਹਾ।

ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਦਾਅਵਾ ਕੀਤਾ ਕਿ ਇਹ ਅਭਿਆਸ ਵਸਨੀਕਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੀਤਾ ਗਿਆ ਸੀ ਅਤੇ ਇਸ ਲਈ ਯੋਗ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਪਿਛਲੇ ਤਿੰਨ ਦਿਨਾਂ ਤੋਂ ਜਨਤਾ ਨਾਲ ਚਰਚਾ ਚੱਲ ਰਹੀ ਸੀ ਅਤੇ ਸਮਝੌਤਾ ਹੋਣ ਤੋਂ ਬਾਅਦ ਬੇਦਖਲੀ ਕੀਤੀ ਗਈ ਸੀ। ਜ਼ਿਲ੍ਹਾ ਕਮਿਸ਼ਨਰ ਨੇ ਲੋਕਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਜਾਣਕਾਰੀ ਦਿੱਤੀ ਸੀ। ਅਸੀਂ ਬੇਜ਼ਮੀਨੇ ਬੇਦਖਲ ਹੋਏ ਲੋਕਾਂ ਲਈ ਫਲੈਟ ਬਣਾਵਾਂਗੇ, "ਸਰਮਾ ਨੇ ਨਗਾਓ ਵਿੱਚ ਇੱਕ ਪ੍ਰੋਗਰਾਮ ਦੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ।

ਉਸਨੇ ਕਿਹਾ ਕਿ ਪ੍ਰਦਰਸ਼ਨ ਕਰਨ ਵਾਲੇ ਇੱਕ ਵਿਸ਼ੇਸ਼ ਸੰਗਠਨ ਦੇ ਹਨ, ਹਾਲਾਂਕਿ ਉਸਨੇ ਕਿਸੇ ਸਮੂਹ ਦਾ ਨਾਮ ਨਹੀਂ ਲਿਆ।

ਉਹ ਸਾਡੇ ਕਿਸੇ ਵੀ ਕੰਮ ਦਾ ਵਿਰੋਧ ਕਰਨਗੇ। ਅਸੀਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਾਂਗੇ, ਮੁੱਖ ਮੰਤਰੀ ਨੇ ਅੱਗੇ ਕਿਹਾ।

ਬੇਦਖਲੀ ਮੁਹਿੰਮ ਨੂੰ ਲੈ ਕੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਵਿਰੋਧੀ ਪਾਰਟੀ ਅਸਾਮ ਜਾਤੀ ਪ੍ਰੀਸ਼ਦ ਦੇ ਮੁਖੀ ਲੂਰਿਨਜਯੋਤੀ ਗੋਗੋਈ ਨੇ ਦੋਸ਼ ਲਾਇਆ ਕਿ ਭਾਜਪਾ ਦੇ ਸ਼ਾਸਨ 'ਚ ਔਰਤਾਂ ਹੁਣ ਸੁਰੱਖਿਅਤ ਨਹੀਂ ਹਨ।

ਉਨ੍ਹਾਂ ਨੇ ਕਿਹਾ ਕਿ ਅਸੀਂ ਅਜਿਹੇ ਵਿਰੋਧ ਤੋਂ ਹੈਰਾਨ ਅਤੇ ਦੁਖੀ ਹਾਂ। ਪਹਿਲੀ ਵਾਰ, ਸਾਡੇ ਰਾਜ ਵਿੱਚ ਔਰਤਾਂ ਨੂੰ ਲਾਹ ਕੇ ਵਿਰੋਧ ਕਰਨਾ ਪਿਆ। ਆਮ ਆਦਮੀ ਪਾਰਟੀ (ਆਪ) ਦੇ ਸੂਬਾਈ ਯੂਥ ਵਿੰਗ ਦੇ ਪ੍ਰਧਾਨ ਰੁਦਰੰਗਕੁਰ ਹਜ਼ਾਰਿਕਾ ਨੇ ਕਿਹਾ ਕਿ ਔਰਤਾਂ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਅਜਿਹਾ ਕਦਮ ਚੁੱਕਣਾ ਪਿਆ। ਸਰਕਾਰ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਾ ਦੇਣ ਕਾਰਨ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਕੋਈ ਵੀ ਸਮੱਸਿਆ ਹੱਲ ਨਹੀਂ ਕਰ ਸਕੀ। ਔਰਤਾਂ ਕੋਲ ਸਰਕਾਰ ਦਾ ਧਿਆਨ ਖਿੱਚਣ ਦਾ ਕੋਈ ਵਿਕਲਪ ਨਹੀਂ ਸੀ। ਇਸ ਘਟਨਾ ਦੀ ਨਿੰਦਾ ਕਰਦੇ ਹੋਏ ਅਸਾਮ ਤ੍ਰਿਣਮੂਲ ਕਾਂਗਰਸ ਦੇ ਬੁਲਾਰੇ ਦਿਲੀਪ ਸਰਮਾ ਨੇ ਕਿਹਾ, "ਭਾਜਪਾ ਨੇ ਆਦਿਵਾਸੀਆਂ ਦੀ ਜ਼ਮੀਨ ਦੀ ਰੱਖਿਆ ਕਰਨ ਦੀ ਗੱਲ ਕੀਤੀ ਸੀ। ਅਤੇ ਹੁਣ, ਅਸਾਮੀ ਔਰਤਾਂ ਨੂੰ ਸਰਕਾਰ ਦੇ ਖਿਲਾਫ ਕੱਪੜੇ ਉਤਾਰਨ ਅਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।"

ਇਸ ਸਾਲ ਦੇ ਸ਼ੁਰੂ ਵਿੱਚ ਵੀ ਸਿਲਕਾਲੋ ਝੀਲ ਵਿੱਚ ਇੱਕ ਬੇਦਖਲੀ ਮੁਹਿੰਮ ਚਲਾਈ ਗਈ ਸੀ, ਜਿਸ ਵਿੱਚ ਸਰਕਾਰ ਨੇ ਕਈ ਦਹਾਕੇ ਪਹਿਲਾਂ ਵੱਖ-ਵੱਖ ਸਰਕਾਰੀ ਅਤੇ ਨਿੱਜੀ ਸੰਸਥਾਵਾਂ ਨੂੰ ਅਲਾਟ ਕੀਤੀ ਗਈ ਵੈਟਲੈਂਡ ਖੇਤਰ ਵਿੱਚ ਜ਼ਮੀਨ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ।

ਸ਼ੁਰੂ ਵਿੱਚ, ਗੁਹਾਟੀ ਮੈਟਰੋਪੋਲੀਟਨ ਡਿਵੈਲਪਮੈਂਟ ਅਥਾਰਟੀ (ਜੀ.ਐਮ.ਡੀ.ਏ.) ਨੇ ਝੀਲ ਦੇ ਦੋਵੇਂ ਪਾਸੇ 100 ਮੀਟਰ ਦੇ ਅੰਦਰ ਸਿਰਫ 450 ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਸੀ, ਜੋ ਕਿ ਲਗਭਗ 400 ਵਿੱਘੇ (132 ਏਕੜ ਤੋਂ ਵੱਧ) ਸੀ, ਪਰ ਬਾਅਦ ਵਿੱਚ ਸਰਕਾਰ ਨੇ ਇਸ ਕਵਾਇਦ ਦਾ ਵਿਸਤਾਰ ਕਰਕੇ ਇਸ ਨੂੰ ਪੂਰੀ ਤਰ੍ਹਾਂ ਬਣਾਇਆ।

ਸਰਕਾਰ ਨੇ 2008 ਵਿੱਚ ਸਿਲਸਾਕੋ ਬੀਲ, ਚਚਲ, ਹੈਂਗੇਰਾਬਾੜੀ, ਪੱਥਰ ਖੱਡ ਅਤੇ ਸਤਗਾ? ਖੇਤਰਾਂ ਵਿੱਚ ਘਿਰਿਆ, ਇੱਕ ਐਕਟ ਦੁਆਰਾ ਗੁਹਾਟੀ ਵਿੱਚ ਇੱਕ ਸੁਰੱਖਿਅਤ ਜਲ ਸੰਸਥਾ ਘੋਸ਼ਿਤ ਕੀਤਾ ਸੀ ਅਤੇ ਝੀਲ ਦੇ ਖੇਤਰ ਦੇ ਲਗਭਗ 1,800 ਵਿੱਘੇ (595 ਏਕੜ ਤੋਂ ਵੱਧ) ਵਿੱਚ ਕਿਸੇ ਵੀ ਉਸਾਰੀ ਜਾਂ ਬੰਦੋਬਸਤ ਦੀ ਮਨਾਹੀ ਕੀਤੀ ਸੀ। ਜੀਐਮਡੀਏ ਦੇ ਇੱਕ ਅਧਿਕਾਰੀ ਨੇ ਕਿਹਾ ਸੀ ਕਿ ਝੀਲ ਦਾ 300 ਵਿੱਘੇ ਤੋਂ ਘੱਟ ਹਿੱਸਾ ਕਬਜ਼ੇ ਤੋਂ ਮੁਕਤ ਰਿਹਾ ਅਤੇ ਜਲਘਰ ਇੱਕ ਛੋਟੇ ਟੋਏ ਵਿੱਚ ਸਿਮਟ ਗਿਆ, ਜੋ ਕਿ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਪਾਣੀ ਭਰਨ ਦਾ ਇੱਕ ਵੱਡਾ ਕਾਰਨ ਮੰਨਿਆ ਜਾਂਦਾ ਹੈ। ਪ੍ਰਭਾਵਿਤ ਜ਼ਿਆਦਾਤਰ ਲੋਕ ਬੋਡੋ, ਮਿਸਿੰਗ, ਕਾਰਬੀ, ਅਹੋਮ ਅਤੇ ਬਿਸ਼ਨੂਪ੍ਰਿਆ ਮਨੀਪੁਰੀ ਵਰਗੇ ਅਸਾਮੀ ਭਾਈਚਾਰਿਆਂ ਦੇ ਹਨ।

# ਨਾ ਅਪੀਲ ਨਾ ਦਲੀਲ ਨਾ ਵਕੀਲ







**ਕਈ ਪੀੜ੍ਹੀਆਂ ਦੀ ਮਿਹਨਤ ਨਾਲ ਬਣਾਏ ਲੋਕਾਂ ਨੇ ਘਰ ਹੰਕਾਰੀ ਹੁਕਮਰਾਨਾਂ ਵਲੋਂ ਔਰੰਗਜੇਬ ਵਾਂਗ ਤੋੜੇ ਜਾ ਰਹੇ ਨਾ ਕੋਈ ਅਪੀਲ ਨਾ ਦਲੀਲ ਅਤੇ ਨਾ ਵਕੀਲ**



ਬੇਬੱਸ ਮਜਬੂਰ ਲੋਕ ਆਪਣੇ ਸੁਪਨਿਆਂ ਦੇ ਘਰ ਟੁਟਦੇ ਹੋਏ ਦੇਖ ਰਹੇ ਇਨ੍ਹਾਂ ਦੀ ਗੱਲ ਭਾਰਤ ਦਾ ਕੋਈ ਮੀਡੀਆ ਨਹੀਂ ਕਰ ਰਿਹਾ। ਇਹ ਲੋਕ ਰੋ ਰੋ ਕੇ ਕਹਿ ਰਹੇ ਹਨ ਅਸੀਂ ਕਿਥੇ ਜਾਈਏ ਕਿਸ ਕੋਲ ਰੋਈਏ।

### ਅਸਾਮ ਦੇ ਦਰੰਗ ਜ਼ਿਲ੍ਹੇ ਤੋਂ ਗਰਾਊਂਡ ਰਿਪੋਰਟ

# ਪਹਿਲਾਂ ਮੇਰੇ ਬੇਟੇ ਦੇ ਢਿੱਡ 'ਚ ਗੋਲੀ ਮਾਰੀ ਤੇ ਫਿਰ ਉਸ ਦੀ ਛਾਤੀ 'ਤੇ ਛਾਲਾਂ ਮਾਰ ਮਾਰ ਕੇ ਉਸ ਨੂੰ ਮਾਰਿਆ ਗਿਆ

ਅਸਾਮ ਦੇ ਦਰੰਗ ਜ਼ਿਲ੍ਹੇ ਦੇ 3 ਨੰਬਰ ਧੌਲਪੁਰ ਪਿੰਡ 'ਚ ਬ੍ਰਹਮਪੁੱਤਰ ਦੀ ਸਹਾਇਕ ਨਦੀ ਸੁਤਾ ਦੇ ਕੰਢੇ ਇੱਕ ਅਸਥਾਈ ਠਿਕਾਣੇ ਤੋਂ ਰੁਕ-ਰੁਕ ਕੇ ਛੋਟੇ ਬੱਚਿਆਂ ਅਤੇ ਔਰਤਾਂ ਦੇ ਰੋਣ ਦੀ ਆਵਾਜ਼ ਆ ਰਹੀ ਸੀ।

ਕੁਝ ਦਿਨ ਪਹਿਲਾਂ ਤੱਕ ਇੱਥੋਂ ਦੇ ਲੋਕਾਂ ਦਾ ਜੀਵਨ ਆਮ ਵਾਂਗ ਹੀ ਸੀ, ਪਰ 23 ਸਤੰਬਰ ਨੂੰ ਅਸਾਮ ਸਰਕਾਰ ਦੇ ਹੁਕਮਾਂ 'ਤੇ 'ਨਾਜਾਇਜ਼ ਕਬਜ਼ਿਆਂ' ਦੇ ਖਿਲਾਫ ਪੁਲਿਸ ਕਾਰਵਾਈ ਅਤੇ ਪਿੰਡ ਵਾਸੀਆਂ ਨਾਲ ਹਿੰਸਕ ਝੜਪਾਂ ਨੇ ਪੂਰੇ ਪਿੰਡ ਨੂੰ ਉਜਾੜ ਕੇ ਹੀ ਰੱਖ ਦਿੱਤਾ ਹੈ।

ਦਰੰਗ ਜ਼ਿਲ੍ਹਾ ਪ੍ਰਸ਼ਾਸਨ ਦੇ ਅਨੁਸਾਰ, ਵੀਰਵਾਰ ਨੂੰ ਹੋਈ ਹਿੰਸਕ ਝੜਪ 'ਚ ਦੋ ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ 9 ਪੁਲਿਸ ਮੁਲਾਜ਼ਮ ਅਤੇ 7 ਪਿੰਡ ਵਾਸੀ ਜ਼ਖਮੀ ਹੋਏ ਸਨ।

ਸਾਰੇ ਜ਼ਖਮੀ ਪਿੰਡ ਵਾਸੀ ਗੁਹਾਟੀ ਮੈਡੀਕਲ ਕਾਲਜ ਹਸਪਤਾਲ 'ਚ ਜੇਰੇ ਇਲਾਜ ਹਨ।

ਹਾਲਾਂਕਿ 3 ਨੰਬਰ ਧੌਲਪੁਰ ਪਿੰਡ 'ਚ ਦਾਖਲ ਹੋਣ 'ਤੇ ਹਿੰਸਕ ਝੜਪ ਕਾਰਨ ਹੋਇਆ ਨੁਕਸਾਨ, ਪ੍ਰਸ਼ਾਸਨ ਦੇ ਦਾਅਵਿਆਂ ਤੋਂ ਕਿਤੇ ਵੱਧ ਵਿਖਾਈ ਦਿੰਦਾ ਹੈ। ਸਿਪਾਝਾਰ ਸ਼ਹਿਰ ਤੋਂ ਲਗਭਗ 14 ਕਿਲੋਮੀਟਰ ਅਮਦਰ ਵੱਲ ਆਉਣ 'ਤੇ 'ਨੋ ਨਦੀ' ਦਾ ਖਾਰ ਘਾਟ ਮਿਲਦਾ ਹੈ। ਇਸ ਘਾਟ ਤੋਂ ਨਦੀ ਪਾਰ ਕਰਨ ਲਈ ਇਕੋ ਇਕ ਸਹਾਰਾ- ਦੇਸੀ ਕਿਸ਼ਤੀ ਹੈ। ਨਦੀ ਦੇ ਉਸ ਪਾਰ 3 ਨੰਬਰ ਧੌਲਪੁਰ ਪਿੰਡ ਵਸਦਾ ਹੈ। ਉੱਥੇ ਅੰਦਰ ਵੱਲ ਜਾਣ 'ਤੇ ਪੂਰੇ ਪਿੰਡ 'ਚ ਲੋਕਾਂ ਦੇ ਤੋੜੇ ਹੋਏ ਅਤੇ ਅੱਗ ਨਾਲ ਨਸ਼ਟ ਹੋ ਚੁੱਕੇ ਘਰ ਵਿਖਾਈ ਦਿੰਦੇ ਹਨ।



ਤਕਰੀਬਨ ਚਾਰ ਕਿਲੋਮੀਟਰ ਦੂਰ ਸੁਤਾ ਨਦੀ ਤੱਕ ਇਹ ਦ੍ਰਿਸ਼ ਇੰਝ ਹੀ ਵਿਖਾਈ ਦਿੰਦਾ ਰਿਹਾ। ਕਿਸੇ ਪਾਸੇ ਲੋਕਾਂ ਦੀਆਂ ਸੜੀਆਂ ਮੋਟਰ ਬਾਈਕਾਂ ਅਤੇ ਸਾਈਕਲ ਵਿਖਾਈ ਦੇ ਰਹੇ ਸਨ ਅਤੇ ਕਿਸੇ ਪਾਸੇ ਟੁੱਟੇ ਘਰਾਂ ਦੇ ਬਾਹਰ ਭਾਂਡੇ ਅਤੇ ਫਰਨੀਚਰ ਖਿਲਰੇ ਪਏ ਸਨ।

ਆਪਣੀਆਂ ਉਜੜੀਆਂ ਰਿਹਾਇਸ਼ਾਂ ਦੇ ਬਾਹਰ ਕੁਝ ਔਰਤਾਂ ਆਪਣੇ ਬਚੇ-ਖੁੱਚੇ ਹੋਏ ਸਮਾਨ ਨੂੰ ਲੱਭ ਰਹੀਆਂ ਸਨ।

**ਮ੍ਰਿਤਕ ਦੇ ਪਰਿਵਾਰ ਵਾਲਿਆਂ ਦਾ ਦੁੱਖ**

ਪਿੰਡ ਦੇ ਕੁਝ ਲੋਕਾਂ ਨੇ ਆਪਣੇ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦੇ ਨਾਲ ਸੁਤਾ ਨਦੀ ਦੇ ਕਿਨਾਰੇ ਐਲੂਮੀਨੀਅਮ ਦੀਆਂ ਚਾਦਰਾਂ ਨਾਲ ਬਣੀ ਆਰਜ਼ੀ ਛੱਤ ਦੇ ਹੇਠਾਂ ਡੇਰਾ ਲਗਾਇਆ ਹੋਇਆ ਹੈ।

ਇਨ੍ਹਾਂ ਵਿੱਚੋਂ ਇੱਕ ਘਰ ਦੇ ਬਾਹਰ ਕਿਸੇ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਦਰਅਸਲ ਇਹ ਮੋਈਨੁਲ ਹੱਕ ਦਾ ਪਰਿਵਾਰ ਹੈ, ਜਿਸ ਦੀ ਕਿ ਵੀਰਵਾਰ ਨੂੰ ਪੁਲਿਸ ਦੀ ਗੋਲੀ ਨਾਲ ਮੌਤ ਹੋ ਗਈ ਸੀ।

ਧੰਨਵਾਦ ਸਾਹਿਤ ਸੋਸ਼ਲ ਮੀਡੀਆ ਤੋਂ

# ਮਨੀਪੁਰ: ਇੰਫਾਲ 'ਚੋਂ ਆਖਰੀ 10 ਕੁੱਕੀ ਪਰਿਵਾਰ ਵੀ ਕੱਢੇ

ਇੰਫਾਲ : ਮਨੀਪੁਰ ਸਰਕਾਰ ਨੇ ਇੰਫਾਲ ਦੇ ਨਿਊ ਲਾਂਬੂਲੇਨ ਇਲਾਕੇ 'ਚ ਦਹਾਕਿਆਂ ਤੋਂ ਰਹਿ ਰਹੇ ਆਖਰੀ 10 ਕੁੱਕੀ ਪਰਿਵਾਰਾਂ ਦੇ 24 ਮੈਂਬਰਾਂ ਨੂੰ ਕੁੱਕੀ ਵਸੋਂ ਵਾਲੇ ਕਾਂਗਪੋਕਪੀ ਜ਼ਿਲ੍ਹੇ 'ਚ ਤਬਦੀਲ ਕਰ ਦਿੱਤਾ ਹੈ। ਇਹ ਪਰਿਵਾਰ ਮਨੀਪੁਰ 'ਚ ਚਾਰ ਮਹੀਨੇ ਪਹਿਲਾਂ ਜਾਤੀਗਤ ਹਿੰਸਾ ਫੈਲਣ ਦੇ ਬਾਵਜੂਦ ਕਿਤੇ ਹੋਰ ਨਹੀਂ ਗਏ ਸਨ। ਇਕ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਨੂੰ ਸ਼ਨਿਚਰਵਾਰ ਭੇਜਿਆ ਗਿਆ ਕਿਉਂਕਿ ਉਹ 'ਆਸਾਨ ਨਿਸ਼ਾਨਾ' ਬਣ ਗਏ ਸਨ। ਕੁੱਕੀ ਪਰਿਵਾਰਾਂ ਨੂੰ ਮੋਟਬੰਗ ਲਈ ਸੁਰੱਖਿਅਤ ਰਾਹ ਪ੍ਰਦਾਨ ਕੀਤਾ ਗਿਆ। ਉਂਜ ਕੁੱਕੀ ਪਰਿਵਾਰਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਘਰ ਜਬਰੀ ਖਾਲੀ ਕਰਵਾਏ ਗਏ ਹਨ। ਇੰਫਾਲ 'ਚ ਕੁੱਕੀ ਇਲਾਕੇ ਦੀ ਰਾਖੀ ਕਰ ਰਹੇ ਵਾਲੰਟੀਅਰ ਐੱਸ ਪ੍ਰਿਮ ਵਾਇਫੇਈ ਨੇ ਕਿਹਾ ਕਿ ਹਥਿਆਰਬੰਦ ਬਲਾਂ ਦੀ ਇਕ ਟੀਮ ਨਿਊ ਲਾਂਬੂਲੇਨ 'ਚ ਪਹਿਲੀ ਅਤੇ 2 ਸਤੰਬਰ ਦੀ ਦਰਮਿਆਨੀ ਰਾਤ ਨੂੰ ਆਈ ਅਤੇ ਉਥੇ ਰਹਿੰਦੇ ਕੁਝ ਕੁੱਕੀ ਵਸਨੀਕਾਂ ਨੂੰ ਜਬਰੀ ਘਰਾਂ ਤੋਂ ਲੈ ਗਈ। ਜਾਤੀਗਤ ਹਿੰਸਾ ਦੇ 3 ਮਈ ਤੋਂ ਸ਼ੁਰੂ ਹੋਣ ਮਗਰੋਂ ਇਲਾਕੇ 'ਚ ਰਹਿੰਦੇ ਕਰੀਬ 300 ਆਦਿਵਾਸੀ ਪਰਿਵਾਰ ਪਹਿਲਾਂ ਹੀ ਹੋਰ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਸਨ। ਵਾਇਫੇਈ ਨੇ ਇਕ ਬਿਆਨ 'ਚ ਕਿਹਾ,"ਸਾਨੂੰ 24 ਮੈਂਬਰਾਂ ਨੂੰ ਆਪਣਾ ਸਾਮਾਨ ਬੰਨ੍ਹਣ ਦਾ ਸਮਾਂ ਵੀ ਨਹੀਂ ਦਿੱਤਾ ਗਿਆ ਅਤੇ ਤਨ ਦੇ ਦੋ ਕੱਪੜਿਆਂ 'ਚ ਹੀ ਧੱਕੇ ਨਾਲ ਵਾਹਨਾਂ 'ਚ ਚੜ੍ਹਾ ਦਿੱਤਾ ਗਿਆ।" ਕੁੱਕੀ ਆਦਿਵਾਸੀਆਂ ਦੀ ਜਥੇਬੰਦੀ ਕੁੱਕੀ ਇਨਪੀ ਮਨੀਪੁਰ ਨੇ ਜਬਰੀ ਘਰ ਖਾਲੀ ਕਰਾਉਣ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕੁੱਕੀਆਂ ਲਈ ਵੱਖਰੇ ਪ੍ਰਸ਼ਾਸਨ ਦੀ ਮੰਗ ਦੁਹਰਾਈ। ਉਨ੍ਹਾਂ ਕਿਹਾ ਕਿ ਹੁਣ ਮੈਤੇਈ ਅਤੇ ਕੁੱਕੀ ਬਿਲਕੁਲ ਵੱਖ ਹੋ ਗਏ ਹਨ। 'ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੰਵਿਧਾਨਕ ਤੌਰ 'ਤੇ ਵੱਖਰੇਵੇਂ ਨੂੰ ਫੌਰੀ ਮਾਨਤਾ ਦੇਵੇ।' ਜ਼ਿਕਰਯੋਗ ਹੈ ਕਿ ਮਨੀਪੁਰ ਦੀ ਕੁੱਲ ਆਬਾਦੀ 'ਚ ਕਰੀਬ 53 ਫ਼ੀਸਦ ਮੈਤੇਈ ਹਨ ਜਿਨ੍ਹਾਂ 'ਚੋਂ ਜ਼ਿਆਦਾਤਰ ਇੰਫਾਲ ਘਾਟੀ 'ਚ ਵਸਦੇ ਹਨ। ਆਦਿਵਾਸੀ ਨਾਗੇ ਅਤੇ ਕੁੱਕੀ ਪਹਾੜੀ ਜ਼ਿਲ੍ਹਿਆਂ 'ਚ ਰਹਿੰਦੇ ਹਨ।







# ਭਾਰਤ ਵੱਲੋਂ ਮਨੀਪੁਰ ਬਾਰੇ ਯੂਐੱਨ ਮਾਹਿਰਾਂ ਦੀਆਂ ਟਿੱਪਣੀਆਂ ਗੁਮਰਾਹਕੁਨ ਕਰਾਰ

ਸੰਯੁਕਤ ਰਾਸ਼ਟਰ/ਜਨੇਵਾ : ਭਾਰਤ ਨੇ ਮਨੀਪੁਰ ਹਿੰਸਾ ਬਾਰੇ ਸੰਯੁਕਤ ਰਾਸ਼ਟਰ ਮਾਹਿਰਾਂ ਦੀਆਂ ਟਿੱਪਣੀਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਰਤ ਨੇ ਇਨ੍ਹਾਂ ਟਿੱਪਣੀਆਂ ਨੂੰ 'ਗੈਰਵਾਜਬ, ਫ਼ਰਜ਼ੀ ਤੇ ਗੁਮਰਾਹਕੁਨ' ਕਰਾਰ ਦਿੱਤਾ ਹੈ। ਭਾਰਤ ਨੇ ਕਿਹਾ ਕਿ ਉੱਤਰ-ਪੂਰਬੀ ਰਾਜ ਵਿੱਚ ਹਾਲਾਤ ਪੂਰੀ ਤਰ੍ਹਾਂ ਸ਼ਾਂਤੀਪੂਰਨ ਹਨ। ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦਫ਼ਤਰ ਦੀ ਵਿਸ਼ੇਸ਼ ਬ੍ਰਾਂਚ ਵੱਲੋਂ ਜਾਰੀ ਕੂਟਨੀਤਕ ਸੁਨੇਹੇ ਵਿੱਚ ਭਾਰਤੀ ਮਿਸ਼ਨ ਨੇ ਜ਼ੋਰ ਦੇ ਕੇ ਆਖਿਆ ਕਿ ਮਨੀਪੁਰ ਵਿੱਚ ਹਾਲਾਤ ਸ਼ਾਂਤੀਪੂਰਨ ਤੇ ਸਥਿਰ ਹਨ ਅਤੇ ਭਾਰਤ ਸਰਕਾਰ ਉਥੇ ਅਮਨ ਤੇ ਸਥਿਰਤਾ ਦੀ ਬਹਾਲੀ ਲਈ ਹਰ ਸੰਭਵ ਕਦਮ ਚੁੱਕਣ ਲਈ ਵਚਨਬੱਧ ਹੈ। ਸੁਨੇਹੇ ਵਿਚ ਕਿਹਾ ਗਿਆ, "ਸਰਕਾਰ ਮਨੀਪੁਰ ਦੇ ਲੋਕਾਂ ਸਣੇ ਭਾਰਤ ਦੀ ਆਵਾਮ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਵੀ ਪ੍ਰਤੀਬੱਧ ਹੈ।" ਸੰਯੁਕਤ ਰਾਸ਼ਟਰ ਦਫ਼ਤਰ ਵਿਚਲੇ ਭਾਰਤ ਦੇ ਸਥਾਈ ਮਿਸ਼ਨ ਨੇ ਕਿਹਾ, "ਭਾਰਤ ਦਾ ਸਥਾਈ ਮਿਸ਼ਨ ਯੂਐੱਨ ਮਾਹਿਰਾਂ ਦੀਆਂ ਮਨੀਪੁਰ ਵਿੱਚ ਨਸਲੀ ਹਿੰਸਾ ਬਾਰੇ ਟਿੱਪਣੀਆਂ ਨੂੰ ਸਿਰੇ ਤੋਂ ਖਾਰਜ ਕਰਦਾ ਹੈ ਕਿਉਂਕਿ ਇਹ ਨਾ ਸਿਰਫ ਗੈਰਵਾਜਬ, ਫ਼ਰਜ਼ੀ ਤੇ ਗੁਮਰਾਹਕੁਨ ਹਨ ਬਲਕਿ ਮਨੀਪੁਰ ਦੇ ਹਾਲਾਤ ਤੇ ਭਾਰਤ ਸਰਕਾਰ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਚੁੱਕੇ ਕਦਮਾਂ ਨੂੰ ਸਮਝਣ ਦੀ ਘਾਟ ਨੂੰ ਵੀ ਦਰਸਾਉਂਦਾ ਹੈ।" ਚੇਤੇ ਰਹੇ ਕਿ ਯੂਐੱਨ ਮਾਹਿਰਾਂ ਨੇ ਮਨੀਪੁਰ ਵਿੱਚ 'ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ' ਬਾਬਤ ਰਿਪੋਰਟਾਂ ਦੇ ਹਵਾਲੇ ਨਾਲ ਫ਼ ?ਕਰ ਜ਼ਾਹਿਰ ਕੀਤੇ ਸਨ। ਮਾਹਿਰਾਂ ਨੇ ਕਿਹਾ ਸੀ ਕਿ ਉਹ ਮਨੀਪੁਰ ਵਿੱਚ ਔਰਤਾਂ ਤੇ ਮੁਟਿਆਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਲਿੰਗ ਅਧਾਰਿਤ ਹਿੰਸਾ ਨਾਲ ਸਬੰਧਤ ਰਿਪੋਰਟਾਂ ਤੇ ਤਸਵੀਰਾਂ ਦੇਖ ਕੇ 'ਭੈਅਭੀਤ' ਹਨ। ਮਾਹਿਰਾਂ ਨੇ ਕਿਹਾ ਸੀ ਕਿ ਮਨੀਪੁਰ ਦੀਆਂ ਹਾਲੀਆ ਘਟਨਾਵਾਂ ਭਾਰਤ ਵਿੱਚ ਧਾਰਮਿਕ ਤੇ ਨਸਲੀ ਘੱਟਗਿਣਤੀਆਂ ਲਈ ਵਿਗੜਦੇ ਹਾਲਾਤ ਦੀ ਬਹੁਤ ਹੀ ਦਰਦਨਾਕ ਮਿਸਾਲ ਹਨ। ਭਾਰਤ ਦੇ ਸਥਾਈ ਮਿਸ਼ਨ ਨੇ ਨਿਰਾਸ਼ਾ ਤੇ ਹੈਰਾਨੀ ਜਤਾਈ ਕਿ ਐੱਸਪੀਐੱਮਐੱਚ'ਸ (ਸਪੈਸ਼ਲ ਪ੍ਰੋਸੀਜ਼ਰ ਮੈਂਡੇਟ ਹੋਲਡਰਾਂ) ਨੇ 'ਇੰਡੀਆ: ਯੂਐੱਨ ਐਕਸਪਰਟਸ ਅਲਾਰਮਡ ਬਾਇ ਕੰਟੀਨਿਊਇੰਗ ਐਬਿਊਜ਼ਿਜ਼ ਇਨ ਮਨੀਪੁਰ' ਸਿਰਲੇਖ ਵਾਲੀ ਨਿਊਜ਼ ਰਿਲੀਜ਼ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਇਸ ਵਿਸ਼ੇ 'ਤੇ ਜਵਾਬ ਦੇਣ ਲਈ ਮਿਲੇ 60 ਦਿਨਾਂ ਦੀ ਉਡੀਕ ਵੀ ਨਹੀਂ ਕੀਤੀ।

**ਮਨੀਪੁਰ ਦੇ ਪੰਜ ਜ਼ਿਲ੍ਹਿਆਂ 'ਚ ਮੁੜ ਕਰਫਿਊ ਲਾਇਆ** : ਇੰਫਾਲ: ਹਿੰਸਾ ਦੇ ਝੰਬੇ ਸੂਬੇ ਮਨੀਪੁਰ ਦੇ ਪੰਜ ਜ਼ਿਲ੍ਹਿਆਂ 'ਚ ਇਹਤਿਆਤ ਵਜੋਂ ਅੱਜ ਸ਼ਾਮ ਮੁੜ ਕਰਫਿਊ ਲਾ ਦਿੱਤਾ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮਨੀਪੁਰ ਏਕਤਾ ਤਾਲਮੇਲ ਕਮੇਟੀ (ਸੀਓਸੀਓਐੱਮਆਈ) ਅਤੇ ਉਸ ਦੇ ਮਹਿਲਾ ਵਿੰਗ ਦੇ ਵੱਲੋਂ ਫੌਜ ਦੇ ਬੈਰੀਕੇਡ ਹਟਾਉਣ ਦੇ ਸੱਦੇ ਮੱਦੇਨਜ਼ਰ ਬਿਸ਼ਨੂਪੁਰ, ਕਾਕਚਿੰਗ, ਥੌਬਲ, ਇੰਫਾਲ ਪੱਛਮੀ ਅਤੇ ਇੰਫਾਲ ਪੂਰਬੀ ਵਿੱਚ ਕਰਫਿਊ 'ਚ ਢਿੱਲ ਦੇਣ ਦੇ ਕੁਝ ਘੰਟਿਆਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ। ਸੀਓਸੀਓਐੱਮਆਈ ਨੇ ਘਾਟੀ ਦੇ ਸਾਰੇ ਜ਼ਿਲ੍ਹਿਆਂ ਦੇ ਸਾਰੇ ਹਿੱਸਿਆਂ ਦੇ ਲੋਕਾਂ ਨੂੰ ਬੁੱਧਵਾਰ ਨੂੰ ਚੂਰਾਚਾਂਦਪੁਰ ਤੋਂ ਕੁਝ ਕਿਲੋਮੀਟਰ ਦੂਰ ਬਿਸ਼ਨੂਪੁਰ ਜ਼ਿਲ੍ਹੇ ਦੇ ਫੌਗਾਕਚਾਓ ਇਖਾਈ 'ਚ ਫੌਜ ਦੇ ਬੈਰੀਕੇਡ ਹਟਾਉਣ ਦੀ ਅਪੀਲ ਕੀਤੀ ਸੀ।

# ਏਸ਼ੀਆ ਕੱਪ 2023: ਭਾਰਤ ਅਤੇ ਪਾਕਿਸਤਾਨ ਵਿਚਾਲੇ ਮੀਂਹ ਕਾਰਨ ਮੈਚ ਰੱਦ







ਕੈਂਡੀ : ਭਾਰਤ ਅਤੇ ਪਾਕਿਸਤਾਨ ਵਿਚਾਲੇ ਖੇਡਿਆ ਜਾ ਰਿਹਾ ਮੈਚ ਮੀਂਹ ਕਾਰਨ ਰੱਦ ਹੋ ਗਿਆ ਹੈ। ਸ਼੍ਰੀਲੰਕਾ ਦੇ ਕੈਂਡੀ ਵਿੱਚ ਮੀਂਹ ਨਾ ਰੁਕਣ ਕਰਕੇ ਮੈਚ ਰੱਦ ਕਰ ਦਿੱਤਾ ਗਿਆ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 48.5 ਓਵਰਾਂ ਵਿੱਚ 266 ਦੌੜਾਂ ਬਣਾਈਆਂ ਸਨ। ਮੀਂਹ ਕਾਰਨ ਪਾਕਿਸਤਾਨ ਦੀ ਪਾਰੀ ਦਾ ਇੱਕ ਵੀ ਓਵਰ ਨਹੀਂ ਖੇਡਿਆ ਜਾ ਸਕਿਆ।

ਭਾਰਤ ਦੇ ਲਈ ਹਾਰਦਿਕ ਪਾਂਡਿਆ ਨੇ 87 ਅਤੇ ਈਸ਼ਾਨ ਕਿਸ਼ਨ ਨੇ 82 ਦੌੜਾਂ ਬਣਾਈਆਂ। ਭਾਰਤ ਦੇ ਬਾਕੀ ਬੱਲੇਬਾਜ਼ ਕੁਝ ਖਾਸ ਨਹੀਂ ਕਰ ਸਕੇ। ਪਾਕਿਸਤਾਨ ਦੇ ਲਈ ਸ਼ਾਹੀਨ ਸ਼ਾਹ ਅਫਰੀਦੀ ਦੇ ਚਾਰ ਵਿਕਟ ਹਾਸਲ ਕੀਤੇ।

ਪਾਕਿਸਤਾਨ ਅਤੇ ਭਾਰਤ ਦੋਵਾਂ ਹੀ ਟੀਮਾਂ ਨੂੰ ਇੱਕ-ਇੱਕ ਅੰਕ ਮਿਲਿਆ ਹੈ। ਪਾਕਿਸਤਾਨ ਨੇ ਪਹਿਲੇ ਮੈਚ ਵਿੱਚ ਨੇਪਾਲ ਨੂੰ ਹਰਾਇਆ ਸੀ। ਭਾਰਤ ਦਾ ਅਗਲਾ ਮੈਚ ਨੇਪਾਲ ਦੇ ਖਿਲਾਫ਼ ਹੈ।

# ਏਸ਼ੀਆ ਕੱਪ 2023: ਭਾਰਤ, ਪਾਕਿਸਤਾਨ ਫਿਰ ਭਿੜਨ ਲਈ ਤਿਆਰ

ਕੈਂਡੀ : ਭਾਰਤ ਅਤੇ ਪਾਕਿਸਤਾਨ 10 ਸਤੰਬਰ, 2023 ਨੂੰ ਏਸ਼ੀਆ ਕੱਪ ਦੇ ਸੁਪਰ ਫੋਰ ਮੈਚ ਵਿੱਚ ਇੱਕ ਵਾਰ ਫਿਰ ਭਿੜਨ ਲਈ ਤਿਆਰ ਹਨ। ਇਹ ਸੋਮਵਾਰ ਨੂੰ ਆਪਣੇ ਗਰੁੱਪ ਏ ਮੈਚ ਵਿੱਚ ਭਾਰਤ ਨੇ ਨੇਪਾਲ ਨੂੰ ਹਰਾਉਣ ਤੋਂ ਬਾਅਦ ਸੰਭਵ ਹੋਇਆ।

ਪੱਲੇਕੇਲੇ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਵਿੱਚ, ਕਪਤਾਨ ਰੋਹਿਤ ਸ਼ਰਮਾ ਅਤੇ ਸ਼ੁਭਮਨ ਗਿੱਲ ਦੇ ਅਜੇਤੂ ਅਰਧ ਸੈਂਕੜੇ ਦੀ ਬਦੌਲਤ ਭਾਰਤ ਨੇ ਨੇਪਾਲ ਨੂੰ ਦਸ ਵਿਕਟਾਂ ਨਾਲ ਹਰਾ ਕੇ ਏਸ਼ੀਆ ਕੱਪ ਦੇ ਸੁਪਰ ਫੋਰ ਦੇ ਪੜਾਅ ਵਿੱਚ ਪਹੁੰਚਾਇਆ।

ਨੇਪਾਲ ਨੇ 48.2 ਓਵਰਾਂ ਵਿੱਚ ਸਾਰੀਆਂ ਵਿਕਟਾਂ ਗੁਆ ਕੇ 230 ਦੌੜਾਂ ਬਣਾਈਆਂ। ਭਾਰਤ ਨੇ 20.1 ਓਵਰਾਂ ਵਿੱਚ ਬਿਨਾਂ ਕਿਸੇ ਨੁਕਸਾਨ ਦੇ 147 ਦੌੜਾਂ ਬਣਾ ਕੇ ਡੀਐੱਲਐੱਸ ਵਿਧੀ ਰਾਹੀਂ ਮੈਚ ਜਿੱਤ ਲਿਆ।

ਇਸ ਜਿੱਤ ਦੇ ਬਾਅਦ ਗਰੁੱਪ ਏ ਵਿੱਚੋਂ ਭਾਰਤ ਅਤੇ ਪਾਕਿਸਤਾਨ ਦੋਵੇਂ ਟੂਰਨਾਮੈਂਟ ਦੇ ਅਗਲੇ ਪੜਾਅ ਵਿੱਚ ਦਾਖਲ ਹੋ ਗਏ ਹਨ, ਜਿੱਥੇ ਟੀਮਾਂ ਗਰੁੱਪ ਬੀ ਦੀਆਂ ਚੋਟੀ ਦੀਆਂ ਦੋ ਟੀਮਾਂ ਨਾਲ ਵੀ ਮੈਚ ਖੇਡਣਗੀਆਂ।





ਏਸ਼ੀਆ ਕੱਪ 2023 'ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਆਖਰੀ ਮੈਚ ਮੀਂਹ ਕਾਰਨ ਰੱਦ ਹੋਣ ਕਾਰਨ ਪ੍ਰਸ਼ੰਸਕਾਂ 'ਚ ਉਤਸ਼ਾਹ ਵੱਧ ਰਿਹਾ ਹੈ।



ਹਾਰਦਿਕ ਪੰਡਯਾ ਕੈਂਡੀ ਦੇ ਪੱਲੇਕੇਲੇ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਵਿੱਚ ਏਸ਼ੀਆ ਕੱਪ 2023 ਵਿੱਚ ਪਾਕਿਸਤਾਨ ਵਿਰੁੱਧ ਆਪਣੇ ਮੈਚ ਦੌਰਾਨ ਇੱਕ ਸ਼ਾਟ ਖੇਡਦਾ ਹੋਇਆ।



ਪਾਕਿਸਤਾਨ ਖਿਲਾਫ ਮੈਚ ਦੌਰਾਨ ਹਾਰਦਿਕ ਪੰਡਯਾ ਅਤੇ ਈਸ਼ਾਨ ਕਿਸ਼ਨ

# ਪਾਕਿ ਕ੍ਰਿਕਟਰ ਨੇ ਬੰਨ੍ਹੇ ਹਾਰਦਿਕ ਦੇ ਬੂਟ ਦੇ ਫੀਤੇ

ਕੈਂਡੀ : ਭਾਰਤ ਅਤੇ ਪਾਕਿਸਤਾਨ ਵਿਚਾਲੇ ਖੇਡਿਆ ਗਿਆ ਏਸ਼ੀਆ ਕੱਪ ਮੈਚ ਮੀਂਹ ਕਾਰਨ ਰੱਦ ਹੋ ਗਿਆ। ਜਿੱਥੇ ਪਾਕਿਸਤਾਨੀ ਤੇਜ਼ ਗੇਂਦਬਾਜ਼ ਸ਼ਾਹੀਨ ਅਫਰੀਦੀ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਉਥੇ ਹੀ ਭਾਰਤ ਵਲੋਂ ਈਸ਼ਾਨ ਕਿਸ਼ਨ ਅਤੇ ਹਾਰਦਿਕ ਪੰਡਯਾ ਦੀ ਸਾਂਝੇਦਾਰੀ ਨੇ ਸੁਰਖੀਆਂ ਬਟੋਰੀਆਂ। ਇਸ ਦੌਰਾਨ ਇਕ ਹੋਰ ਘਟਨਾ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਇਸ ਕਾਰਨ ਸ਼ਾਦਾਬ ਖਾਨ ਦੀ ਕਾਫ਼ੀ ਤਾਰੀਫ਼ ਹੋ ਰਹੀ ਹੈ। ਅਸਲ 'ਚ ਮੈਚ ਦੌਰਾਨ ਸ਼ਾਦਾਬ ਖਾਨ ਸਪੋਰਟਸਮੈਨਸ਼ਿਪ ਦਿਖਾਉਂਦੇ ਹੋਏ ਹਾਰਦਿਕ ਪੰਡਯਾ ਦੀ ਜੁੱਤੀ ਦੇ ਲੇਸ ਬੰਨ੍ਹਦੇ ਨਜ਼ਰ ਆਏ। ਇਹ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਜਿਸ ਨੇ ਕਈ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਹੈ। ਖੇਡ ਦੀ ਗੱਲ ਕਰੀਏ ਤਾਂ ਈਸ਼ਾਨ ਕਿਸ਼ਨ ਅਤੇ ਹਾਰਦਿਕ ਪੰਡਯਾ ਨੇ ਉੱਚ ਦਰਜੇ ਦੀ ਬੱਲੇਬਾਜ਼ੀ ਦਾ ਪ੍ਰਦਰਸ਼ਨ ਕੀਤਾ ਅਤੇ ਭਾਰਤ ਦੀ ਪਾਰੀ ਨੂੰ ਮੁੜ ਸੁਰਜੀਤ ਕੀਤਾ। ਹਾਲਾਂਕਿ ਦੋਵੇਂ ਬੱਲੇਬਾਜ਼ ਸੈਂਕੜਾ ਬਣਾਉਣ ਤੋਂ ਖੁੰਝ ਗਏ ਅਤੇ ਸ਼ਾਨਦਾਰ ਪਾਰੀਆਂ ਖੇਡੀਆਂ। ਕਿਸ਼ਨ (81 ਗੇਂਦਾਂ 'ਚ 82) ਅਤੇ ਪੰਡਯਾ (90 ਗੇਂਦਾਂ 'ਚ 87) ਨੇ ਪੰਜਵੇਂ ਵਿਕਟ ਲਈ 138 ਦੌੜਾਂ ਜੋੜੀਆਂ ਜਿਸ ਨਾਲ ਉਨ੍ਹਾਂ ਦੀ ਟੀਮ ਸ਼ਨੀਵਾਰ




ਨੂੰ ਪੱਲੇਕੇਲੇ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ 'ਚ 14.1 ਓਵਰਾਂ 'ਚ 4 ਵਿਕਟਾਂ 'ਤੇ 66 ਦੌੜਾਂ ਤੱਕ ਪਹੁੰਚ ਗਈ। ਸ਼ਾਹੀਨ ਸ਼ਾਹ ਅਫਰੀਦੀ ਪਾਕਿਸਤਾਨ ਦੇ ਲਈ ਗੇਂਦ ਦੇ ਨਾਲ ਸਟਾਰ ਸਨ ਕਿਉਂਕਿ ਉਨ੍ਹਾਂ ਨੇ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੀਆਂ ਅਹਿਮ ਵਿਕਟਾਂ ਲਈਆਂ। ਸ਼੍ਰੇਅਸ ਅਈਅਰ (14) ਅਤੇ ਸ਼ੁਭਮਨ ਗਿੱਲ (10) ਵੀ ਪਹਿਲੀ ਪਾਰੀ 'ਚ ਵੱਡਾ ਸਕੋਰ ਬਣਾਉਣ 'ਚ ਨਾਕਾਮ ਰਹੇ ਅਤੇ ਸਸਤੇ 'ਚ ਆਊਟ ਹੋ ਗਏ। ਮੀਂਹ ਕਾਰਨ ਪਾਕਿਸਤਾਨ ਬੱਲੇਬਾਜ਼ੀ ਨਹੀਂ ਕਰ ਸਕਿਆ ਅਤੇ ਮੈਚ ਦਾ ਕੋਈ ਨਤੀਜਾ ਨਹੀਂ ਨਿਕਲਿਆ। ਦੂਜੇ ਪਾਸੇ ਭਾਰਤ ਦਾ ਇਕ ਮੈਚ ਤੋਂ ਇਕ ਅੰਕ ਹੈ ਅਤੇ ਉਹ ਗਰੁੱਪ ਏ 'ਚ ਦੂਜੇ ਸਥਾਨ 'ਤੇ ਹੈ। ਅੰਕ ਸੂਚੀ 'ਚ ਚੋਟੀ ਦੀਆਂ ਦੋ ਟੀਮਾਂ ਸੁਪਰ ਫੋਰ 'ਚ ਥਾਂ ਬਣਾਉਣਗੀਆਂ। ਮੇਨ ਇਨ ਬਲੂ ਨੂੰ 4 ਸਤੰਬਰ ਨੂੰ ਉਸੇ ਮੈਦਾਨ 'ਤੇ ਖੇਡੇ ਜਾਣ ਵਾਲੇ ਗਰੁੱਪ-ਏ ਦੇ ਆਖ਼ਰੀ ਮੈਚ 'ਚ ਨੇਪਾਲ ਖ਼ਿਲਾਫ਼ ਮੈਚ ਜਿੱਤਣਾ ਹੋਵੇਗਾ।

# ਦਿੱਲੀ ’ਚ 8 ਤੋਂ 10 ਸਤੰਬਰ ਤੱਕ ਨਿੱਜੀ ਵਾਹਨਾਂ ਦੀ ਐਂਟਰੀ ਕੀਤੀ ਬੈਨ







ਨਵੀਂ ਦਿੱਲੀ : ਰਾਸ਼ਟਰੀ ਸੁਰੱਖਿਆ ਗਾਰਡ (ਐਨਐਸਜੀ) ਦੇ ਬੰਬ ਦਸਤੇ ਨੇ ਸ਼ਨੀਵਾਰ ਨੂੰ ਜੀ-20 ਸਿਖਰ ਸੰਮੇਲਨ ਤੋਂ ਪਹਿਲਾਂ ਵੱਖ-ਵੱਖ ਥਾਵਾਂ ’ਤੇ ਸਾੜ-ਫੂਕ ਵਿਰੋਧੀ ਮੁਹਿੰਮ ਚਲਾਈ।

ਦਿੱਲੀ ’ਚ ਜੀ-20 ਸੰਮੇਲਨ ਨੂੰ ਲੈ ਕੇ 8 ਤੋਂ 10 ਸਤੰਬਰ ਤੱਕ ਸੁਰੱਖਿਆ ਪ੍ਰਬੰਧ ਸਖਤ ਕੀਤੇ ਗਏ ਹਨ। ਇਸ ਦੌਰਾਨ ਦਿੱਲੀ ਪੁਲਿਸ ਨੇ ਸੰਮੇਲਨ ’ਚ ਹਿੱਸਾ ਲੈਣ ਲਈ ਵੱਖ-ਵੱਖ ਦੇਸ਼ਾਂ ਤੋਂ ਆਉਣ ਵਾਲੇ ਸੂਬਿਆਂ ਦੇ ਮੁਖੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਆਵਾਜਾਈ ’ਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦੇ ਹੱਲ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਪ੍ਰੋਗਰਾਮ ਦੌਰਾਨ ਟ ?ਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਜਿੱਥੇ ਇਕ ਪਾਸੇ ਟਰੈਫਿਕ ਪੁਲਸ ਮੈਨਪਾਵਰ ਦੀ ਵਰਤੋਂ ਕਰੇਗੀ, ਉਥੇ ਦੂਜੇ ਪਾਸੇ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤਕਨੀਕ ਦੀ ਵਰਤੋਂ ਕਰੇਗੀ।

ਜਾਣਕਾਰੀ ਮੁਤਾਬਿਕ ਦਿੱਲੀ ਪੁਲਿਸ ਦੇ ਕੋਈ 10 ਹਜ਼ਾਰ ਜਵਾਨ ਟਰੈਫਿਕ ਅਤੇ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਹਨ। ਟਰੈਫਿਕ ਪੁਲਿਸ ਦੇ ਵਿਸ਼ੇਸ਼ ਕਮਿਸ਼ਨਰ ਸੁਰਿੰਦਰ ਯਾਦਵ ਨੇ ਸ਼ੁੱਕਰਵਾਰ ਨੂੰ ਪੁਲਿਸ ਹੈੱਡਕੁਆਰਟਰ ’ਚ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਨਵੀਂ ਦਿੱਲੀ ਨਗਰ ਕੌਂਸਲ ਖੇਤਰ ’ਚ ਬੱਸਾਂ ਦਾ ਸੰਚਾਲਨ ਪੂਰੀ ਤਰ੍ਹਾਂ ਬੰਦ ਕੀਤਾ ਜਾ ਰਿਹਾ ਹੈ। ਨਿੱਜੀ ਵਾਹਨਾਂ ਨੂੰ ਵੀ ਇਸ ਖੇਤਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਇੱਥੇ ਸਿਰਫ਼ ਉਨ੍ਹਾਂ ਵਾਹਨਾਂ ਨੂੰ ਹੀ ਦਾਖਿਲਾ ਮਿਲੇਗਾ, ਜਿਨ੍ਹਾਂ ਦੀ ਵਿਸ਼ੇਸ਼ ਡਿਊਟੀ ਲੱਗੀ ਹੋਈ ਹੈ।

ਦਿੱਲੀ ਪੁਲਿਸ ਨੇ ਲੋਕਾਂ ਨੂੰ ਸੁਚਾਰੂ ਆਵਾਜਾਈ ਸਹੂਲਤਾਂ ਦੇਣ ਲਈ ਇੱਕ ਵਰਚੁਅਲ ਹੈਲਪਡੈਸਕ ਤਿਆਰ ਕੀਤਾ ਹੈ। ਇਸ ਵਰਚੁਅਲ ਹੈਲਪ ਡੈਸਕ ’ਚ ਰਾਜਧਾਨੀ ਦੇ ਵੱਖ-ਵੱਖ ਰੂਟਾਂ ਦੇ ਲਿੰਕ, ਉਨ੍ਹਾਂ ’ਤੇ ਕੀਤੇ ਗਏ ਪ੍ਰਬੰਧ ਅਤੇ ਪਾਬੰਦੀਆਂ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਨ੍ਹਾਂ ਲਿੰਕਾਂ ਰਾਹੀਂ ਸਬੰਧਤ ਵਿਅਕਤੀ ਆਪਣੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕੇਗਾ।

ਉਦਾਹਰਨ ਵਜੋਂ ਜੇਕਰ ਕੋਈ ਨਵੀਂ ਦਿੱਲੀ ਰੇਲਵੇ ਸਟੇਸ਼ਨ ’ਤੇ ਉਤਰਨ ਤੋਂ ਬਾਅਦ ਕਿਤੇ ਜਾਣਾ ਚਾਹੁੰਦਾ ਹੈ ਅਤੇ ਉਸਨੂੰ ਇਹ ਸਮਝ ਨਹੀਂ ਆ ਰਹੀ ਕਿ ਕਿਵੇਂ ਜਾਣਾ ਹੈ ਤਾਂ ਉਹ ਆਪਣੀ ਮੰਜ਼ਿਲ ਦੀ ਜਾਣਕਾਰੀ ਵਰਚੁਅਲ ਲਿੰਕ ’ਤੇ ਪਾ ਦੇਵੇਗਾ। ਇਸ ਤੋਂ ਬਾਅਦ ਨੈਵੀਗੇਸ਼ਨ ਰਾਹੀਂ ਪੂਰਾ ਰਸਤਾ ਦਿਖਾਇਆ ਜਾਵੇਗਾ ਕਿ ਕਿਸ ਤਰ੍ਹਾਂ ਅਤੇ ਕਿੱਥੇ ਜਾਣਾ ਹੈ। ਟਰੈਫਿਕ ਪੁਲਿਸ ਨੇ ਇਸ ਪੂਰੇ ਨੈਵੀਗੇਸ਼ਨ ਪ੍ਰੋਗਰਾਮ ਨੂੰ ਗੂਗਲ ਅਤੇ ਮੈਪ ਮਾਈ ਇੰਡੀਆ ਨਾਲ ਸਾਂਝਾ ਕੀਤਾ ਹੈ ਅਤੇ ਜਲਦੀ ਹੀ ਇਸ ਨੂੰ ਆਨਲਾਈਨ ਕਰ ਦਿੱਤਾ ਜਾਵੇਗਾ। ਪ੍ਰਗਤੀ ਮੈਦਾਨ ਮੈਟਰੋ ਸਟੇਸ਼ਨ ਬੰਦ ਰਹੇਗਾ: ਵਿਸ਼ੇਸ਼ ਕਮਿਸ਼ਨਰ ਸੁਰਿੰਦਰ ਯਾਦਵ ਨੇ ਕਿਹਾ ਕਿ ਤਿੰਨ ਦਿਨਾਂ ਦੀ ਜਨਤਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਲੋਕਾਂ ਨੂੰ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਬੇਲੋੜੇ ਨਾ ਆਉਣ ਦੀ ਸਲਾਹ ਦਿੱਤੀ ਗਈ ਹੈ। ਨਵੀਂ ਦਿੱਲੀ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਕੰਟਰੋਲਡ ਜ਼ੋਨ ਬਣਾ ਦਿੱਤਾ ਗਿਆ ਹੈ। ਸੰਮੇਲਨ ਦੌਰਾਨ ਬਿਨਾਂ ਕਿਸੇ ਜਾਇਜ਼ ਕਾਰਨ ਦੇ ਕਿਸੇ ਨੂੰ ਵੀ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਇਸ ਹਿੱਸੇ ਵਿੱਚ ਕੰਮ ਕਰਦੇ ਹਨ ਜਾਂ ਰਹਿੰਦੇ ਹਨ, ਉਨ੍ਹਾਂ ਨੂੰ ਆਉਣ-ਜਾਣ ਲਈ ਆਪਣਾ ਪਛਾਣ ਪੱਤਰ ਦਿਖਾਉਣਾ ਪਵੇਗਾ। NDMC ਖੇਤਰ ਰਹੇਗਾ ਪੂਰਨ ਤੌਰ ’ਤੇ ਬੰਦ: ਸੰਮੇਲਨ ਦੌਰਾਨ NDMC ਖੇਤਰ ’ਚ ਵਾਹਨਾਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਇੱਥੇ ਸਿਰਫ਼ ਉਹੀ ਵਾਹਨ ਚੱਲ ਸਕਣਗੇ, ਜਿਨ੍ਹਾਂ ਦੀ ਡਿਊਟੀ ਜੀ-20 ਸੰਮੇਲਨ ਵਿੱਚ ਲੱਗੀ ਹੋਈ ਹੈ ਜਾਂ ਉਹ ਜ਼ਰੂਰੀ ਸਪਲਾਈ ਦੇ ਕੰਮ ਨਾਲ ਜੁੜੇ ਹੋਏ ਹਨ। ਇੱਥੇ ਮੈਟਰੋ ਰਾਹੀਂ ਆਉਣ-ਜਾਣ ’ਤੇ ਕੋਈ ਪਾਬੰਦੀ ਨਹੀਂ ਹੈ, ਪਰ ਨਿੱਜੀ ਵਾਹਨ ਜਾਂ ਜਨਤਕ ਵਾਹਨ ਦੇ ਦਾਖਲੇ ’ਤੇ ਪਾਬੰਦੀ ਲਗਾਈ ਗਈ ਹੈ।











# ਆਗਾਮੀ ਜੀ-20 ਸਿਖਰ ਸੰਮੇਲਨ ਦੀ ਸੁਰੱਖਿਆ ਲਈ ਭਾਰਤੀ ਫੌਜ ਵਲੋਂ ਐਂਟੀ-ਸੈਬੋਟੇਜ ਚੈਕ ਮੌਕ ਡਰਿੱਲ ਦਾ ਕੀਤਾ ਗਿਆ ਆਯੋਜਨ

ਨਵੀਂ ਦਿੱਲੀ ਵਿਚ ਹੋਣ ਵਾਲੇ ਜੀ-20 ਸਿਖਰ ਸੰਮੇਲਨ ਲਈ ਦੀ ਸੁਰੱਖਿਆ ਲਈ ਭਾਰਤੀ ਫੌਜ ਵਲੋਂ ਐਂਟੀ-ਸੈਬੋਟੇਜ ਚੈਕ ਮੌਕ ਡਰਿੱਲ ਦਾ ਆਯੋਜਨ ਕੀਤਾ ਗਿਆ। ਚੱਪੇ ਚੱਪੇ ਉਪਰ ਨਜ਼ਰ ਰੱਖੀ ਜਾ ਰਹੀ। ਇਸ ਸਮੇਲਨ ਵਿੱਚ ਅਮਰੀਕਾ ਦੇ ਪ੍ਰੈਜੀਡੈਂਟ ਜੋਅ ਬਾਈਡਨ ਤੋਂ ਵਗੈਰ ਦੁਨੀਆ ਦੀਆਂ ਹੋਰ ਕਈ ਮਹਾਨ ਹਸਤੀਆਂ ਪਹੁੰਚ ਰਹੀਆਂ ਹਨ।






# ਸਿਖਰ ਸੰਮੇਲਨ ਤੋਂ ਪਹਿਲਾਂ, ਜੀ-20 ਸੰਮੇਲਨ ਦੇ ਸਥਾਨ, ਭਾਰਤ ਮੰਡਪਮ ਵਿਖੇ ਵਿਸ਼ਵ ਦੀ ਸਭ ਤੋਂ ਉੱਚੀ ਨਟਰਾਜ ਦੀ ਮੂਰਤੀ ਸਥਾਪਤ




ਨਵੀਂ ਦਿੱਲੀ ਦੇ ਪ੍ਰਗਤੀ ਮੈਦਾਨ ਵਿਖੇ ਜੀ-20 ਸਿਖਰ ਸੰਮੇਲਨ ਦੇ ਸਥਾਨ ਭਾਰਤ ਮੰਡਪਮ ਵਿਖੇ ਵਿਸ਼ਵ ਦੀ ਸਭ ਤੋਂ ਉੱਚੀ ਨਟਰਾਜ ਮੂਰਤੀ ਸਥਾਪਿਤ ਕੀਤੀ ਗਈ।

ਜੋ ਸਰਕਾਰ ਨਿਕੰਮੀ ਹੈ ਵੋ ਸਰਕਾਰ ਗਿਰਾ ਦੇਗੇ

# ਹਰਿਆਣੇ 'ਚ ਆਸ਼ਾ ਵਰਕਰਾਂ ਵਲੋਂ ਭਾਰੀ ਰੋਸ ਮੁਜਾਹਰਾ





ਗੁਰੂਗ੍ਰਾਮ : ਗੁਰੂਗ੍ਰਾਮ 'ਚ ਆਸ਼ਾ ਵਰਕਰਾਂ ਨੇ ਆਪਣੀਆਂ ਤਨਖਾਹਾਂ 'ਚ ਵਾਧੇ ਅਤੇ ਨੌਕਰੀਆਂ ਨੂੰ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਹਰਿਆਣਾ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਦੌਰਾਨ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨ ਕਰ ਰਹੀਆਂ ਆਸ਼ਾ ਵਰਕਰਾਂ ਅਤੇ ਹਰਿਆਣਾ ਸਰਕਾਰ ਵਿਚਾਲੇ ਚੱਲ ਰਹੀ ਖੜੋਤ ਸ਼ੁੱਕਰਵਾਰ ਨੂੰ ਵੀ ਜਾਰੀ ਰਹੀ ਜਿੱਥੇ ਆਸ਼ਾ ਵਰਕਰਾਂ ਸਰਕਾਰੀ ਮੁਲਾਜ਼ਮ ਦਾ ਦਰਜਾ ਅਤੇ 26,000 ਰੁਪਏ ਮਾਸਿਕ ਤਨਖ਼ਾਹ ਦੀ ਮੰਗ ਕਰ ਰਹੀਆਂ ਹਨ, ਸੂਬੇ ਦੇ ਸਿਹਤ ਮੰਤਰੀ ਅਨਿਲ ਵਿੱਜ ਇਸ ਗੱਲ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹਨ ਅਤੇ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਹੀ ਦੇਸ਼ ਵਿੱਚ ਸਭ ਤੋਂ ਵੱਧ ਭੱਤਾ ਦਿੱਤਾ ਜਾ ਰਿਹਾ ਹੈ। ਆਸ਼ਾ ਵਰਕਰਾਂ ਪ੍ਰੋਤਸਾਹਨ ਦੇ ਆਧਾਰ 'ਤੇ ਕਮਾਈ ਕਰਦੀਆਂ ਹਨ ਅਤੇ ਟੀਕਾਕਰਨ ਅਤੇ ਹੋਰ ਸਬੰਧਤ ਸਿਹਤ ਸੇਵਾਵਾਂ ਲਈ ਭੁਗਤਾਨ ਕਰਦੀਆਂ ਹਨ। ਔਸਤਨ, ਹਰਿਆਣਾ ਵਿੱਚ ਇੱਕ ਆਸ਼ਾ ਵਰਕਰ ਹਰ ਮਹੀਨੇ 7,000 ਤੋਂ 9,000 ਰੁਪਏ ਦੇ ਵਿਚਕਾਰ ਕਮਾਉਂਦੀ ਹੈ। ਪ੍ਰਦਰਸ਼ਨ ਕਰ ਰਹੀਆਂ ਆਸ਼ਾ ਵਰਕਰਾਂ ਨੇ ਦਾਅਵਾ ਕੀਤਾ ਕਿ ਪੁਡੂਚੇਰੀ, ਮੱਧ ਪ੍ਰਦੇਸ਼, ਕੇਰਲ ਅਤੇ ਪੱਛਮੀ ਬੰਗਾਲ ਵਿੱਚ ਉਨ੍ਹਾਂ ਦੇ ਹਮਰੁਤਬਾ ਉੱਚ ਅਤੇ ਨਿਸ਼ਚਿਤ ਤਨਖਾਹਾਂ ਪ੍ਰਾਪਤ ਕਰਦੇ ਹਨ। ਜ਼ਿਕਰਯੋਗ ਹੈ ਕਿ ਰਾਜ ਵਿੱਚ ਲਗਭਗ 7,000 ਪਿੰਡਾਂ, ਕਲੋਨੀਆਂ ਅਤੇ ਸ਼ਹਿਰੀ ਖੇਤਰਾਂ ਲਈ 20,350 ਆਸ਼ਾ ਵਰਕਰਾਂ ਹਨ। ਆਸ਼ਾ ਵਰਕਰਜ਼ ਯੂਨੀਅਨ ਦਾ ਦਾਅਵਾ ਹੈ ਕਿ ਉਨ੍ਹਾਂ ਵਿੱਚੋਂ 20,000 ਦੇ ਕਰੀਬ ਇਸ ਸਾਲ 8 ਅਗਸਤ ਤੋਂ ਹੜਤਾਲ 'ਤੇ ਹਨ ਜਦੋਂਕਿ ਸਰਕਾਰੀ ਅਫ਼ਸਰਾਂ ਦਾ ਕਹਿਣਾ ਹੈ ਕਿ ਇਹ ਗਿਣਤੀ 16,000 ਤੋਂ ਘੱਟ ਹੈ।

ਇੱਕ ਆਸ਼ਾ (ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨ) ਵਰਕਰ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਲੋਕਾਂ ਨੂੰ ਸਮੇਂ ਸਿਰ ਟੀਕਾਕਰਨ ਅਤੇ ਸੰਸਥਾਗਤ ਜਣੇਪੇ ਲਈ ਉਤਸ਼ਾਹਿਤ ਕਰਕੇ ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਨੂੰ ਰੋਕਣ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਲੱਗੀ ਹੋਈ ਹੈ।

# ਅਧਿਆਪਕ ਹੀ ਚੰਗੇ ਸਮਾਜ ਦਾ ਸਿਰਜਕ ਹੁੰਦਾ ਹੈ : ਅਰੋੜਾ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀ ਬੀ ਐੱਸ ਈ ਸੈਕੰਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸੁੱਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਮਿਲ ਕੇ 'ਅਧਿਆਪਕ ਦਿਵਸ' ਮਨਾਇਆ ਗਿਆ ਅਤੇ ਡਾ. ਰਾਧਾਕ੍ਰਿਸ਼ਨਨ ਨੂੰ ਯਾਦ ਕਰਦਿਆਂ ਉਹਨਾਂ ਦੇ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਦੁਆਰਾ ਅਧਿਆਪਕਾਂ ਦਾ ਚਰਿੱਤਰ ਨਿਭਾਇਆ ਗਿਆ ਅਤੇ ਵਿਦਿਆਰਥੀ ਜੀਵਨ ਵਿਚ ਅਧਿਆਪਕ ਜੀਵਨ ਦੀ ਮਹੱਤਤਾ ਨੂੰ ਦਿਖਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਧਿਆਪਕ ਦਾ ਦਰਜਾ ਸਾਡੇ ਸਮਾਜ ਵਿੱਚ ਸਭ ਤੋਂ ਵੱਡਾ ਹੈ। ਅਧਿਆਪਕ ਹੀ ਇੱਕ ਚੰਗੇ ਸਮਾਜ ਦਾ ਸਿਰਜਕ ਹੁੰਦਾ ਹੈ। ਮਾਤਾ ਪਿਤਾ ਅਤੇ ਗੁਰੂ ਤੋਂ ਬਿਨਾਂ ਕੋਈ ਵੀ ਸਮਾਜ ਇੱਕ ਚੰਗਾ ਸਮਾਜ ਨਹੀਂ ਬਣ ਸਕਦਾ। ਇਸ ਲਈ ਚੰਗੇ ਸਮਾਜ ਨੂੰ ਸਿਰਜਣ ਲਈ ਅਧਿਆਪਕ ਵਰਗ ਦੀ ਬਹੁਤ ਵੱਡੀ ਅਤੇ ਜ਼ਿੰਮੇਵਾਰੀ ਭਰੀ ਭੂਮਿਕਾ ਹੁੰਦੀ ਹੈ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਅਧਿਆਪਕ ਸਮਾਜ ਦਾ ਇੱਕ ਅਜਿਹਾ ਵਰਗ ਹੈ ਜੋ ਸਮਾਜ ਦੇ ਹਰ ਇੱਕ ਵਰਗ ਨੂੰ ਤਿਆਰ ਕਰਦਾ ਹੈ ਅਤੇ ਚੰਗੇ ਸਮਾਜ ਨੂੰ ਸਿਰਜਣ ਵਿੱਚ ਆਪਣਾ ਯੋਗਦਾਨ ਨਿਭਾਉਂਦਾ ਹੈ। ਇਸ ਮੌਕੇ ਸਕੂਲ ਸਟਾਫ ਵਿੱਚ ਪਰਦੀਪ ਸਿੰਘ, ਰਜਨੀ ਬਾਲਾ, ਰਜਿੰਦਰ ਕੌਰ, ਨਰਿੰਦਰ ਕੌਰ, ਕੌਸ਼ਕੀ ਸ਼ਰਮਾ, ਗੁਰਪ੍ਰੀਤ ਕੌਰ, ਨਰਿੰਦਰ ਕੌਰ, ਪ੍ਰਭਜੋਤ ਕੌਰ, ਗੁਰਸ਼ਰਨ ਕੌਰ, ਸੁੱਖਵਿੰਦਰ ਕੌਰ, ਨੀਰਜ ਕੁਮਾਰ ਅਤੇ ਆਗਿਆ ਕੌਰ ਸ਼ਾਮਲ ਸਨ।

# ਹੜ੍ਹ ਵਿੱਚ ਮੌਤ ਦਾ ਸ਼ਿਕਾਰ ਹੋਏ ਵਿਅਕਤੀ ਦੇ ਪਰਿਵਾਰ ਨੂੰ ਵਿਧਾਇਕ ਵੱਲੋਂ 4 ਲੱਖ ਦਾ ਚੈੱਕ ਭੇਟ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਕੁਦਰਤ ਅਤੇ ਕੁਦਰਤੀ ਆਫਤਾਂ ਅੱਗੇ ਕਿਸੇ ਦਾ ਜ਼ੋਰ ਨਹੀਂ ਹੈ ਪ੍ਰੰਤੂ ਫਿਰ ਵੀ ਪੰਜਾਬ ਸਰਕਾਰ ਨੇ ਹੜ੍ਹਾਂ ਦੀ ਮਾਰ ਚੱਲ ਰਹੇ ਪੰਜਾਬ ਅੰਦਰ ਪੀੜਤ ਪਰਿਵਾਰਾਂ ਦੀ ਬਾਂਹ ਫੜੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਜਸਵੀਰ ਸਿੰਘ ਰਾਜਾ ਨੇ ਪਿੰਡ ਟਾਹਲੀ ਵਿਖੇ ਬੀਤੇ ਦਿਨੀਂ ਹੜ੍ਹ ਦੇ ਪਾਣੀ ਵਿੱਚ ਡੁੱਬਣ ਕਾਰਨ ਮੌਤ ਦਾ ਸ਼ਿਕਾਰ ਹੋਏ ਸੁਰਜੀਤ ਸਿੰਘ ਗੋਲਡੀ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੀਤਾ।

ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪੰਜਾਬ ਸਰਕਾਰ ਵੱਲੋਂ ਮ੍ਰਿਤਕ ਸੁਰਜੀਤ ਸਿੰਘ ਦੀ ਧਰਮ ਪਤਨੀ ਪਰਮਜੀਤ ਕੌਰ ਨੂੰ 4 ਲੱਖ ਰੁਪਏ ਦਾ ਚੈੱਕ ਭੇਂਟ ਕੀਤਾ।

ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਕਿਹਾ ਕਿ ਭਾਵੇਂ ਕਿ ਇਸ ਵਾਰ ਹੜਾਂ ਦੇ ਪਾਣੀ ਨੇ ਪੰਜਾਬ ਵਿੱਚ ਵੱਡੀ ਤਬਾਹੀ ਮਚਾਈ ਹੈ ਪ੍ਰੰਤੂ ਇਸ ਔਖੀ ਘੜੀ ਵਿੱਚ ਜਿੱਥੇ ਪੰਜਾਬੀਆਂ ਨੇ ਆਪਣੇ ਗੁਰੂਆਂ ਵੱਲੋਂ ਦਿੱਤੇ ਹੋਏ ਸੰਦੇਸ਼ ਨਾਲ ਇੱਕ ਦੂਜੇ ਸਾਥ ਦੇ ਕੇ ਸੇਵਾ ਦੀ ਪਰੰਪਰਾ ਨੂੰ ਅੱਗੇ ਤੋਰਿਆ ਹੈ ਇਸ ਦੇ ਨਾਲ-ਨਾਲ ਕੁਦਰਤੀ ਆਫਤ ਵਿੱਚ ਪੰਜਾਬ ਸਰਕਾਰ ਨੇ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਹਰ ਸੰਭਵ ਯਤਨ ਕੀਤੇ ਹਨ।

ਉਹਨਾਂ ਹੋਰ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਸਮੇਂ ਵਿੱਚ ਹੁਸ਼ਿਆਰਪੁਰ ਵਿੱਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਸਮੇਂ ਇਹ ਯਕੀਨ ਦਵਾਇਆ ਗਿਆ ਸੀ ਕਿ ਪੀੜਤ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।


ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸੈਣੀ, ਨਾਇਬ ਤਹਿਸੀਲਦਾਰ ਟਾਂਡਾ ਗੁਰਪ੍ਰੀਤ ਸਿੰਘ, ਗੁਰ ਸਮਾਜ ਸੇਵੀ ਕੁਲਵਿੰਦਰ ਸਿੰਘ ਬੱਬਲ, ਸਰਪੰਚ ਬਚਿੱਤਰ ਸਿੰਘ ਟਾਹਲੀ, ਵੋਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ, ਜਸਵੰਤ ਸਿੰਘ ਬਿੱਟੂ, ਯੂਥ ਆਗੂ ਲਖਵਿੰਦਰ ਸਿੰਘ ਸੇਠੀ, ਸਰਬਜੀਤ ਸਿੰਘ ਵਿਕੀ, ਜੋਗਿੰਦਰ ਸਿੰਘ ਮਿਆਣੀ,ਐੱਸ.ਪੀ ਟਾਹਲੀ ਆਦਿ ਵੀ ਮੌਜੂਦ ਸਨ।



ਹੜ੍ਹ ਪ੍ਰਭਾਵਿਤ ਪਰਿਵਾਰ ਨੂੰ 4 ਲੱਖ ਰੁਪਏ ਦਾ ਚੈੱਕ ਭੇਟ ਕਰਦੇ ਹੋਏ ਵਿਧਾਇਕ ਜਸਵੀਰ ਰਾਜਾ ਨਾਲ ਹਨ ਬਲਾਕ ਪ੍ਰਧਾਨ ਕੇਸ਼ਵ ਸੈਣੀ, ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ ਤੇ ਹੋਰ

# ਮੈਗਾ ਜੀ20 ਸੰਮੇਲਨ ਤੋਂ ਪਹਿਲਾਂ ਰਾਜਘਾਟ 'ਤੇ ਮਹਾਤਮਾ ਗਾਂਧੀ ਦੀਆਂ ਨਵੀਆਂ ਮੂਰਤੀਆਂ ਕੀਤੀਆਂ ਸਥਾਪਤ







ਨਵੀਂ ਦਿੱਲੀ: ਦਿੱਲੀ ਦੇ ਰਾਜਘਾਟ 'ਤੇ ਸਥਿਤ, ਗਾਂਧੀ ਸਮ੍ਰਿਤੀ ਅਤੇ ਦਰਸ਼ਨ ਸੰਮਤੀ, ਮਹਾਤਮਾ ਗਾਂਧੀ ਦੇ ਜੀਵਨ-ਮਿਸ਼ਨ ਅਤੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ 1984 ਵਿੱਚ 45 ਏਕੜ ਜ਼ਮੀਨ 'ਤੇ ਵਿਕਸਤ ਕੀਤੀ ਗਈ ਸੀ।

ਮੇਕਓਵਰ ਨੇ ਮਹਾਤਮਾ ਗਾਂਧੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੀਆਂ ਨਵੀਆਂ ਮੂਰਤੀਆਂ ਬਣਾਈਆਂ ਗਈਆਂ ਹਨ। ਰਾਜਸਥਾਨ ਦੇ ਹੁਨਰਮੰਦ ਮੂਰਤੀਕਾਰਾਂ ਦੁਆਰਾ ਬਣਾਏ ਗਏ ਬੁੱਤ ਮਹਾਤਮਾ ਗਾਂਧੀ ਨੂੰ ਚਰਖਾ ਕੱਤਦੇ, ਸਾਈਕਲ ਚਲਾਉਂਦੇ ਅਤੇ ਬੈਂਚ 'ਤੇ ਬੈਠੇ ਦਿਖਾਉਂਦੇ ਹਨ।

ਇਹ ਮੇਕਓਵਰ ਗਾਂਧੀ ਸਮ੍ਰਿਤੀ ਅਤੇ ਦਰਸ਼ਨ ਸਮਿਤੀ ਦੇ ਉਪ-ਚੇਅਰਮੈਨ ਵਿਜੇ ਗੋਇਲ ਦੁਆਰਾ ਸੈਲਾਨੀਆਂ ਨੂੰ ਕੰਪਲੈਕਸ ਵਿੱਚ ਲਿਆਉਣ ਲਈ ਕੀਤੀ ਗਈ ਪਹਿਲਕਦਮੀ ਦਾ ਹਿੱਸਾ ਹੈ। ਮੂਰਤੀਆਂ ਦਾ ਉਦਘਾਟਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ 4 ਸਤੰਬਰ ਨੂੰ ਕਰਨਗੇ।

ਇਸ ਸਾਲ ਯਮੁਨਾ ਨਦੀ ਵਿੱਚ ਆਏ ਬੇਮਿਸਾਲ ਹੜ੍ਹ ਨੇ ਗਾਂਧੀ ਸਮ੍ਰਿਤੀ ਅਤੇ ਦਰਸ਼ਨ ਸੰਮਤੀ ਦੀਵਾਰ ਦੇ ਇੱਕ ਹਿੱਸੇ ਨੂੰ ਨੁਕਸਾਨ ਪਹੁੰਚਾਇਆ ਸੀ। ਹੜ੍ਹ ਦਾ ਪਾਣੀ ਰਾਜਘਾਟ ਸਥਿਤ ਗਾਂਧੀ ਸਮਾਰਕ ਤੱਕ ਵੀ ਪਹੁੰਚ ਗਿਆ।

ਮਹਾਤਮਾ ਗਾਂਧੀ ਦੀਆਂ ਨਵੀਆਂ ਮੂਰਤੀਆਂ ਰਾਜਸਥਾਨ ਦੇ ਕਾਰੀਗਰਾਂ ਦੁਆਰਾ ਤਿਆਰ ਕੀਤੀਆਂ ਗਈਆਂ ਹਨ। ਇਹ ਬੁੱਤ ਨਵੇਂ ਵਿਕਸਤ ਗਾਂਧੀ ਵੈਟਕਾ 'ਤੇ ਸਥਾਪਿਤ ਕੀਤੇ ਜਾਣਗੇ, ਜੋ ਕਿ ਦਿੱਲੀ ਦੇ ਰਾਜਘਾਟ 'ਤੇ ਗਾਂਧੀ ਦਰਸ਼ਨ ਦਾ ਹਿੱਸਾ ਹੈ।




ਨਵੀਂ ਦਿੱਲੀ ਦੇ ਰਾਜਘਾਟ ਨੇੜੇ ਬੁੱਧਵਾਰ ਨੂੰ ਇਕ ਸੜਕ 'ਤੇ ਸਥਾਪਿਤ ਕੀਤੀ ਗਈ ਮੂਰਤੀ

# BSF ਬੀਐਸਐਫ ਨੇ ਬੰਗਲਾਦੇਸ਼ ਸਰਹੱਦ ਨੇੜੇ ਗੈਰ-ਕਾਨੂੰਨੀ ਹਥਿਆਰ, ਨਸ਼ੀਲੇ ਪਦਾਰਥ, 43.76 ਲੱਖ ਰੁਪਏ ਦੀ ਨਕਦੀ ਕੀਤੀ ਜ਼ਬਤ

ਕੂਚ ਬਿਹਾਰ : ਸੀਮਾ ਸੁਰੱਖਿਆ ਬਲ, ਗੁਹਾਟੀ ਫਰੰਟੀਅਰ ਦੇ ਨਾਰਕੋਟਿਕ ਕੰਟਰੋਲ ਬਿਊਰੋ (ਐਨਸੀਬੀ) ਦੀ ਇੱਕ ਟੀਮ ਦੇ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ, ਗੈਰ-ਕਾਨੂੰਨੀ ਹਥਿਆਰ, ਪਾਬੰਦੀਸ਼ੁਦਾ ਯਾਬਾ ਗੋਲੀਆਂ, ਖੰਘ ਦੀ ਦਵਾਈ ਅਤੇ 43.76 ਲੱਖ ਰੁਪਏ ਦੀ ਨਕਦੀ ਜ਼ਬਤ ਕੀਤੀ।

ਭਰੋਸੇਯੋਗ ਇਨਪੁਟ ਪ੍ਰਾਪਤ ਕਰਨ ਤੋਂ ਬਾਅਦ, 75 ਬੀਐਸਐਫ ਬਟਾਲੀਅਨ ਦੇ ਜਵਾਨਾਂ ਨੇ ਐਨਸੀਬੀ ਕੋਲਕਾਤਾ ਜ਼ੋਨ ਹੈੱਡਕੁਆਰਟਰ ਦੇ ਅਧਿਕਾਰੀਆਂ ਦੇ ਨਾਲ 20 ਅਗਸਤ ਨੂੰ ਇੱਕ ਸੰਯੁਕਤ ਆਪ੍ਰੇਸ਼ਨ ਸ਼ੁਰੂ ਕੀਤਾ।

ਇਹ ਪੱਛਮੀ ਬੰਗਾਲ ਦੇ ਕੂਚਬਿਹਾਰ ਜ਼ਿਲ੍ਹੇ ਦੇ ਇੱਕ ਸਰਹੱਦੀ ਪਿੰਡ ਵਿੱਚ ਕੀਤਾ ਗਿਆ ਸੀ।




ਅਧਿਕਾਰਤ ਬਿਆਨ ਅਨੁਸਾਰ, ਆਪ੍ਰੇਸ਼ਨ ਦੌਰਾਨ ਦੋ 8mm ਦੇ ਜਿੰਦਾ ਰਾਉਂਡਾਂ ਦੇ ਨਾਲ ਇੱਕ ਦੇਸੀ ਬਣੀ ਪਿਸਤੌਲ, 11 ਲੱਖ ਰੁਪਏ ਦੀ ਯਾਬਾ ਗੋਲੀਆਂ, 18,680 ਰੁਪਏ ਦੀ ਪਾਬੰਦੀਸ਼ੁਦਾ ਖੰਘ ਦੀ ਦਵਾਈ ਦੀਆਂ ਬੋਤਲਾਂ ਅਤੇ 43.76 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ।

ਜ਼ਬਤ ਕੀਤੇ ਗਏ ਸਮਾਨ ਨੂੰ ਅਗਲੀ ਕਾਨੂੰਨੀ ਕਾਰਵਾਈ ਲਈ NCB ਦੀ ਹਿਰਾਸਤ 'ਚ ਰੱਖਿਆ ਗਿਆ ਹੈ।

# ਥਲ ਸੈਨਾ ਮੁਖੀ ਨੇ ਜੰਮੂ-ਕਸ਼ਮੀਰ ਦੇ ਰਾਜੌਰੀ ਦੇ ਅਗਾਂਹਵਧੂ ਇਲਾਕਿਆਂ ਦਾ ਕੀਤਾ ਦੌਰਾ



ਜੰਮੂ-ਕਸ਼ਮੀਰ : ਭਾਰਤੀ ਸੈਨਾ ਦੇ ਮੁਖੀ ਜਨਰਲ ਮਨੋਜ ਪਾਂਡੇ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ (ਐਲਓਸੀ) ਦੇ ਅੱਗੇ ਵਾਲੇ ਖੇਤਰਾਂ ਦਾ ਦੌਰਾ ਕੀਤਾ।

ਭਾਰਤੀ ਸੈਨਾ ਦੇ ਮੁਖੀ ਜਨਰਲ ਮਨੋਜ ਪਾਂਡੇ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ (ਐਲਓਸੀ) ਦੇ ਅੱਗੇ ਵਾਲੇ ਖੇਤਰਾਂ ਦਾ ਦੌਰਾ ਕੀਤਾ।

ਅੱਜ ਇੱਕ ਰੱਖਿਆ ਬਿਆਨ ਵਿੱਚ ਕਿਹਾ ਗਿਆ ਹੈ, "ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਰਾਜੌਰੀ ਸੈਕਟਰ ਵਿੱਚ ਅਗਾਂਹਵਧੂ ਖੇਤਰਾਂ ਦਾ ਦੌਰਾ ਕੀਤਾ ਅਤੇ ਸਮੀਖਿਆ ਕੀਤੀ।

"ਸੀਓਏਐਸ ਨੂੰ ਕਮਾਂਡਰਾਂ ਦੁਆਰਾ ਸੰਚਾਲਨ ਤਿਆਰੀ ਅਤੇ ਮੌਜੂਦਾ ਸੁਰੱਖਿਆ ਸਥਿਤੀ ਬਾਰੇ ਜ਼ਮੀਨੀ ਜਾਣਕਾਰੀ ਦਿੱਤੀ ਗਈ।

"ਸੀਓਏਐਸ ਨੇ ਐਲਓਸੀ ਦੀ ਕਾਰਜਸ਼ੀਲ ਤਿਆਰੀ ਅਤੇ ਪ੍ਰਭਾਵੀ ਦਬਦਬੇ ਦੀ ਸ਼ਲਾਘਾ ਕੀਤੀ।"

# ਬ੍ਰਾਈਟ ਸਟਾਰ 23: ਮਿਸਰ ਦੀਆਂ ਹਥਿਆਰਬੰਦ ਸੈਨਾਵਾਂ, ਅਮਰੀਕਾ ਨੇ ਸਾਂਝੇ ਤੌਰ 'ਤੇ ਮਿਲਟਰੀ ਅਭਿਆਸ ਦੀ ਕੀਤੀ ਅਗਵਾਈ

ਅਲੈਗਜ਼ੈਂਡਰੀਆ/ਮਿਸਰ : ਏਕੀਕ੍ਰਿਤ ਲੜਾਕੂ ਸੈਨਿਕਾਂ ਦੇ ਨਾਲ ਭਾਰਤੀ ਫੌਜ ਅਤੇ ਆਈਏਐਫ ਦੀ ਟੁਕੜੀ 29 ਅਗਸਤ 2023 ਨੂੰ ਐਕਸਬ੍ਰਾਈਟਸਟਾਰ-23 ਲਈ ਸ਼ਨੀਵਾਰ ਨੂੰ ਅਲੈਗਜ਼ੈਂਡਰੀਆ ਵਿਖੇ ਪਹੁੰਚੀ। 550 ਕਰਮਚਾਰੀਆਂ ਦੀ ਸਮੁੱਚੀ ਭਾਰਤੀ ਟੁਕੜੀ ਕਿਸੇ ਵਿਦੇਸ਼ੀ ਅਭਿਆਸ ਲਈ ਸਭ ਤੋਂ ਵੱਡੀ ਭਾਰਤੀ ਤਾਇਨਾਤੀ ਵਿੱਚੋਂ ਇੱਕ ਹੈ। ਮਿਸਰ ਦੇ ਆਰਮਡ ਫੋਰਸਿਜ਼ ਅਤੇ ਸੰਯੁਕਤ ਰਾਜ ਅਮਰੀਕਾ ਬ੍ਰਾਈਟ ਸਟਾਰ 23 ਫੌਜੀ ਅਭਿਆਸ ਦੀ ਸਾਂਝੇ ਤੌਰ 'ਤੇ ਅਗਵਾਈ ਕਰਨਗੇ, ਜੋ ਕਿ 31 ਅਗਸਤ ਤੋਂ 14 ਸਤੰਬਰ ਤੱਕ ਮਿਸਰ ਦੇ ਮੁਹੰਮਦ ਨਗੀਬ ਮਿਲਟਰੀ ਬੇਸ 'ਤੇ 30 ਤੋਂ ਵੱਧ ਹਿੱਸਾ ਲੈਣ ਵਾਲੇ ਦੇਸ਼ਾਂ ਦੇ ਨਾਲ ਆਯੋਜਿਤ ਕੀਤਾ ਜਾਵੇਗਾ। ਬ੍ਰਾਈਟ ਸਟਾਰ 2023 ਸੰਯੁਕਤ ਰਾਜ ਅਤੇ ਮਿਸਰ ਵਿਚਕਾਰ ਦਹਾਕਿਆਂ-ਲੰਬੀ ਰਣਨੀਤਕ ਸਾਂਝੇਦਾਰੀ 'ਤੇ ਅਧਾਰਤ ਹੈ। ਲਗਭਗ 1,500 ਅਮਰੀਕੀ ਫੌਜੀ ਸੇਵਾ ਦੇ ਮੈਂਬਰ ਬ੍ਰਾਈਟ ਸਟਾਰ 23 ਵਿੱਚ ਹਿੱਸਾ ਲੈਣਗੇ, ਜੋ ਕਿ ਰਵਾਇਤੀ ਅਤੇ ਅਨਿਯਮਿਤ ਯੁੱਧ ਦ੍ਰਿਸ਼ਾਂ ਵਿੱਚ ਅੰਤਰ-ਕਾਰਜਸ਼ੀਲਤਾ ਨੂੰ ਉਤਸ਼ਾਹਿਤ ਕਰਦੇ ਹੋਏ ਖੇਤਰੀ ਸੁਰੱਖਿਆ ਅਤੇ ਸਹਿਯੋਗ 'ਤੇ ਧਿਆਨ ਕੇਂਦਰਤ ਕਰਨਗੇ। ਭਾਗ ਲੈਣ ਵਾਲੇ ਫੌਜੀ ਸੇਵਾ ਦੇ ਮੈਂਬਰ ਫੀਲਡ ਸਿਖਲਾਈ ਅਭਿਆਸ, ਫੌਜੀ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ, ਫੌਜੀ ਅਕਾਦਮਿਕ, ਕਮਾਂਡ ਅਤੇ ਨਿਯੰਤਰਣ ਕਾਰਜਾਂ, ਸੰਯੁਕਤ ਸੰਯੁਕਤ ਟਾਸਕ ਫੋਰਸ ਯੋਜਨਾਬੰਦੀ, ਅਤੇ ਇੱਕ ਸੀਨੀਅਰ-ਪੱਧਰ ਦੀ ਲੀਡਰਸ਼ਿਪ ਸੈਮੀਨਾਰ 'ਤੇ ਕੇਂਦ੍ਰਿਤ ਇੱਕ ਕਮਾਂਡ ਪੋਸਟ ਅਭਿਆਸ ਕਰਨਗੇ।



# ਆਈਏਐਫ, ਭਾਰਤੀ ਫੌਜ ਨੇ ਸਿੱਕਮ ਵਿੱਚ ਸੰਯੁਕਤ ਕੀਤਾ ਅਭਿਆਸ





ਸਿੱਕਮ : ਭਾਰਤੀ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੀਆਂ ਟੁਕੜੀਆਂ ਨੇ ਸ਼ੁੱਕਰਵਾਰ ਨੂੰ ਸਿੱਕਮ ਦੇ ਉੱਚ ਉਚਾਈ ਵਾਲੇ ਖੇਤਰਾਂ ਵਿੱਚ ਅਤਿਅੰਤ ਮੌਸਮੀ ਸਥਿਤੀਆਂ ਵਿੱਚ ਟਰਾਈ ਸਰਵਿਸਿਜ਼ ਕੰਬੈਟ ਅੰਡਰਵਾਟਰ ਗੋਤਾਖੋਰੀ ਅਭਿਆਸ ਵਿੱਚ ਹਿੱਸਾ ਲਿਆ।

ਆਈਏਐਫ, ਫੌਜ, ਜਲ ਸੈਨਾ ਸਿੱਕਮ ਵਿੱਚ ਉੱਚ-ਉਚਾਈ ਵਾਲੇ ਖੇਤਰਾਂ ਵਿੱਚ ਹੈਲੋਕਾਸਟਿੰਗ ਅਤੇ ਲੜਾਕੂ ਅੰਡਰਵਾਟਰ ਗੋਤਾਖੋਰੀ ਅਭਿਆਸ ਕਰਦੇ ਹਨ

ਭਾਰਤੀ ਹਵਾਈ ਸੈਨਾ ਅਤੇ ਭਾਰਤੀ ਸੈਨਾ ਦੀਆਂ ਟੁਕੜੀਆਂ ਨੇ ਆਪਣਾ ਸੰਯੁਕਤ ਅਭਿਆਸ ਸਮਾਪਤ ਕੀਤਾ ਜਿਸ ਵਿੱਚ ਸਿੱਕਮ ਵਿੱਚ ਦੂਰ-ਦੁਰਾਡੇ ਉੱਚਾਈ ਵਾਲੇ ਖੇਤਰਾਂ ਵਿੱਚ ਹੈਲੋਕਾਸਟਿੰਗ ਸਿਖਲਾਈ ਸ਼ਾਮਲ ਸੀ।

ਉਨ੍ਹਾਂ ਦੇ ਨਾਲ, ਭਾਰਤੀ ਜਲ ਸੈਨਾ ਨੇ ਵੀ ਉਸੇ ਖੇਤਰ ਵਿੱਚ ਅਤਿਅੰਤ ਮੌਸਮ ਵਿੱਚ ਪਾਣੀ ਦੇ ਅੰਦਰ ਗੋਤਾਖੋਰੀ ਦੀ ਲੜਾਈ ਦੇ ਅਭਿਆਸ ਵਿੱਚ ਹਿੱਸਾ ਲਿਆ।


ਹਾਲਾਂਕਿ, ਕਿਸੇ ਵੀ ਬਲ ਨੇ ਅਭਿਆਸ ਦੀ ਮਿਤੀ ਦਾ ਖੁਲਾਸਾ ਨਹੀਂ ਕੀਤਾ। ਇਹ ਅਭਿਆਸ ਪ੍ਰਮਾਣਿਤ ਤਾਲਮੇਲ, ਸੰਯੁਕਤਤਾ ਅਤੇ ਸੰਚਾਲਨ ਵਿੱਚ ਏਕੀਕਰਣ ਨੂੰ ਪ੍ਰਮਾਣਿਤ ਕਰਨ ਲਈ ਕੀਤਾ ਗਿਆ ਸੀ।



# ਮਹਾਰਾਸ਼ਟਰ: ਜਾਲਨਾ ਵਿੱਚ ਮਰਾਠਾ ਰਿਜ਼ਰਵੇਸ਼ਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨਕਾਰੀਆਂ ਵਲੋਂ ਪੱਥਰਬਾਜ਼ੀ, ਵਾਹਨਾਂ ਨੂੰ ਲਗਾਈ ਅੱਗ











ਮਹਾਰਾਸ਼ਟਰ : ਜਾਲਨਾ ਵਿੱਚ ਮਰਾਠਾ ਰਾਖਵਾਂਕਰਨ ਲਈ ਅੰਦੋਲਨ ਹਿੰਸਕ ਹੋ ਜਾਣ ਅਤੇ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਝੜਪ ਤੋਂ ਇੱਕ ਦਿਨ ਬਾਅਦ, ਸ਼ਨੀਵਾਰ ਨੂੰ ਘੱਟੋ ਘੱਟ 360 ਅੰਦੋਲਨਕਾਰੀਆਂ ਦੇ ਖਿਲਾਫ ਕੇਸ ਦਰਜ ਕੀਤੇ ਗਏ ਜਦੋਂ ਕਿ ਸਿਆਸੀ ਨੇਤਾਵਾਂ ਦੇ ਨਾਲ-ਨਾਲ ਮਰਾਠਾ ਭਾਈਚਾਰੇ ਦੇ ਨੇਤਾਵਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤਮਈ ਢੰਗ ਨਾਲ ਅੰਦੋਲਨ ਜਾਰੀ ਰੱਖਣ ਦੀ ਅਪੀਲ ਕੀਤੀ। ਹਾਲਾਂਕਿ, ਜ਼ਿਲ੍ਹੇ ਵਿੱਚ ਹਿੰਸਾ ਜਾਰੀ ਰਹੀ ਅਤੇ ਅੰਦੋਲਨ ਰਾਜ ਭਰ ਵਿੱਚ ਫੈਲ ਗਿਆ, ਕਿਉਂਕਿ ਦਿਨ ਭਰ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵਿਆਪਕ ਰੋਸ ਪ੍ਰਦਰਸ਼ਨ ਹੁੰਦੇ ਰਹੇ।

ਸ਼ਨੀਵਾਰ ਨੂੰ ਅੰਬੇਡ 'ਚ ਪ੍ਰਦਰਸ਼ਨਕਾਰੀਆਂ ਵਲੋਂ ਕਥਿਤ ਤੌਰ 'ਤੇ ਇਕ ਟਰੱਕ ਨੂੰ ਸਾੜ ਦਿੱਤਾ ਗਿਆ। ਕੁਝ ਹੋਰ ਵਾਹਨ ਵੀ ਤਬਾਹ ਹੋ ਗਏ। ਜਾਲਨਾ ਸ਼ਹਿਰ ਵਿੱਚ ਅੰਦੋਲਨਕਾਰੀਆਂ ਨੇ ਸੂਬਾ ਸਰਕਾਰ ਦਾ ਵਿਰੋਧ ਕੀਤਾ। ਸ਼ਹਿਰ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਦਿੱਤੇ 'ਰਾਸਤਾ ਰੋਕੋ' ਸੱਦੇ ਦੌਰਾਨ ਪੱਥਰਬਾਜ਼ੀ ਦੀਆਂ ਤਾਜ਼ਾ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਪੁਲਿਸ ਨੂੰ ਹਿੰਸਕ ਭੀੜ ਨੂੰ ਖਦੇੜਨ ਲਈ ਹਵਾ ਵਿੱਚ ਰਬੜ ਦੀਆਂ ਗੋਲੀਆਂ ਚਲਾਉਣੀਆਂ ਪਈਆਂ ਅਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਔਰੰਗਾਬਾਦ ਜ਼ਿਲ੍ਹੇ ਵਿੱਚ ਸਰਕਾਰੀ ਅੱਤਿਆਚਾਰਾਂ ਦੇ ਵਿਰੋਧ ਵਿੱਚ ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਨੇ ਆਪਣੀ ਹੀ ਗੱਡੀ ਸਾੜ ਦਿੱਤੀ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਨਤੀਜੇ ਵਜੋਂ MSRTC ਨੇ ਚਾਰ ਜ਼ਿਲ੍ਹਿਆਂ ਵਿੱਚ ST ਬੱਸ ਸੇਵਾਵਾਂ ਨੂੰ ਸੀਮਤ ਕਰ ਦਿੱਤਾ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਕਿਹਾ ਕਿ ਜਾਲਨਾ, ਅਹਿਮਦਨਗਰ, ਸੋਲਾਪੁਰ ਅਤੇ ਨੰਦੂਰਬਾਰ ਦੇ ਕੁਝ ਹਿੱਸਿਆਂ ਵਿੱਚ ਐਸਟੀ ਸੇਵਾਵਾਂ ਨੂੰ ਪ੍ਰਦਰਸ਼ਨਕਾਰੀਆਂ ਦੁਆਰਾ ਨਿਸ਼ਾਨਾ ਬਣਾਏ ਜਾਣ ਤੋਂ ਰੋਕਣ ਲਈ ਸੀਮਤ ਕਰ ਦਿੱਤਾ ਗਿਆ ਹੈ।

ਸ਼ੁੱਕਰਵਾਰ ਨੂੰ ਪ੍ਰਦਰਸ਼ਨਕਾਰੀਆਂ ਨਾਲ ਝੜਪ ਤੋਂ ਬਾਅਦ ਪੁਲਿਸ ਨੂੰ ਅੱਥਰੂ ਗੈਸ ਦੇ ਗੋਲੇ ਛੱਡਣੇ ਅਤੇ ਲਾਠੀਚਾਰਜ ਕਰਨਾ ਪਿਆ। ਜਦੋਂ ਕਿ ਅੰਬੇਡ ਤਹਿਸੀਲ ਦੇ ਪਿੰਡ ਅੰਤਰਵਾਲੀ ਸਰਟੀ ਵਿਖੇ ਝੜਪ ਦੌਰਾਨ 20 ਦੇ ਕਰੀਬ ਪ੍ਰਦਰਸ਼ਨਕਾਰੀ ਜ਼ਖਮੀ ਹੋ ਗਏ, ਪੁਲਿਸ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਨਕਾਰੀਆਂ ਨੇ ਪਥਰਾਅ ਕੀਤਾ ਅਤੇ ਚਾਰ ਪੁਲਿਸ ਵਾਹਨਾਂ ਨੂੰ ਅੱਗ ਲਗਾ ਦਿੱਤੀ, ਜਿਸ ਵਿੱਚ ਇੱਕ ਵਧੀਕ ਐਸਪੀ ਸਮੇਤ 37 ਪੁਲਿਸ ਕਰਮਚਾਰੀ ਜ਼ਖਮੀ ਹੋਏ।

# ਜਾਲਨਾ 'ਚ ਪੁਲਿਸ ਦੇ ਲਾਠੀਚਾਰਜ ਖ਼ਿਲਾਫ਼ ਮਰਾਠਾ ਜਥੇਬੰਦੀਆਂ ਦੇ ਨਾਸਿਕ ਬੰਦ ਦੇ ਸੱਦੇ ਨੂੰ ਮਿਲਿਆ ਜੁਲਿਆ ਹੁੰਗਾਰਾ



ਠਾਣੇ : ਮਰਾਠਾ ਕ੍ਰਾਂਤੀ ਮੋਰਚਾ ਦੇ ਮੈਂਬਰਾਂ ਨੇ ਸ਼ਨੀਵਾਰ ਨੂੰ ਠਾਣੇ ਦੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਮਸੁੰਦਾ ਝੀਲ 'ਤੇ ਜਾਲਨਾ ਲਾਠੀਚਾਰਜ ਦੇ ਖਿਲਾਫ ਪ੍ਰਦਰਸ਼ਨ ਕੀਤਾ।

ਮਹਾਰਾਸ਼ਟਰ ਦੇ ਨਾਸਿਕ ਜ਼ਿਲੇ ਵਿਚ ਕੁਝ ਮਰਾਠਾ ਸੰਗਠਨਾਂ ਵਲੋਂ ਜਾਲਨਾ ਵਿਚ ਭਾਈਚਾਰੇ ਲਈ ਕੋਟੇ ਦੀ ਮੰਗ ਕਰ ਰਹੇ ਅੰਦੋਲਨਕਾਰੀਆਂ 'ਤੇ ਹਾਲ ਹੀ ਵਿਚ ਕੀਤੇ ਗਏ ਪੁਲਸ ਲਾਠੀਚਾਰਜ ਦੇ ਵਿਰੋਧ ਵਿਚ ਦਿੱਤੇ ਗਏ 'ਬੰਦ' ਦੇ ਸੱਦੇ ਨੂੰ ਐਤਵਾਰ ਨੂੰ ਮਿਲਿਆ-ਜੁਲਿਆ ਹੁੰਗਾਰਾ ਮਿਲਿਆ।

ਬੰਦ ਦਾ ਸੱਦਾ 'ਸਕਲ ਮਰਾਠਾ ਸਮਾਜ' ਅਤੇ 'ਮਰਾਠਾ ਕ੍ਰਾਂਤੀ ਮੋਰਚਾ' ਨੇ ਦਿੱਤਾ ਸੀ। ਸ਼ੁੱਕਰਵਾਰ ਨੂੰ ਜਾਲਨਾ ਜ਼ਿਲ੍ਹੇ ਦੇ ਪਿੰਡ ਅੰਤਰਵਾਲੀ ਸਾਰਥੀ ਵਿੱਚ ਮਰਾਠਾ ਭਾਈਚਾਰੇ ਲਈ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਚੱਲ ਰਿਹਾ ਅੰਦੋਲਨ ਹਿੰਸਕ ਹੋ ਗਿਆ, ਜਿਸ ਕਾਰਨ ਦਰਜਨਾਂ ਪੁਲਿਸ ਮੁਲਾਜ਼ਮਾਂ ਸਮੇਤ ਕਈ ਲੋਕ ਜ਼ਖ਼ਮੀ ਹੋ ਗਏ। ਪੁਲਿਸ ਨੇ ਹਿੰਸਕ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਜਿਸ ਨੇ ਕਥਿਤ ਤੌਰ 'ਤੇ ਕੋਟੇ ਦੇ ਅੰਦੋਲਨ ਦੇ ਹਿੱਸੇ ਵਜੋਂ ਭੁੱਖ ਹੜਤਾਲ 'ਤੇ ਬੈਠੇ ਇੱਕ ਵਿਅਕਤੀ ਨੂੰ ਅਧਿਕਾਰੀਆਂ ਨੇ ਹਸਪਤਾਲ ਲਿਜਾਣ ਦੇਣ ਤੋਂ ਇਨਕਾਰ ਕਰ ਦਿੱਤਾ। ਮਰਾਠਾ ਕ੍ਰਾਂਤੀ ਮੋਰਚਾ ਅਤੇ ਹੋਰ ਸੰਗਠਨਾਂ ਨੇ ਅੱਜ ਸਵੇਰੇ ਨਾਸਿਕ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ। ਇਹ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਤੋਂ ਸ਼ੁਰੂ ਹੋ ਕੇ ਕਈ ਇਲਾਕਿਆਂ ਜਿਵੇਂ ਕਿ ਰਵੀਵਰ ਕਰਾਂਜਾ ਅਤੇ ਮੇਨ ਰੋਡ ਤੋਂ ਹੁੰਦਾ ਹੋਇਆ ਲੰਘਿਆ।



ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ

# ਸੀਪੀਆਈ ਦੀ ਅਗਵਾਈ ਵਾਲੇ ਚਾਰ ਮੈਂਬਰੀ ਵਫ਼ਦ ਨੇ ਦ੍ਰੋਪਦੀ ਮੁਰਮੂ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਭਾਰਤੀ ਕਮਿਊਨਿਸਟ ਪਾਰਟੀ ਦੇ ਚਾਰ ਮੈਂਬਰੀ ਵਫ਼ਦ ਨੇ ਸੀਪੀਆਈ ਦੇ ਜਨਰਲ ਸਕੱਤਰ ਡੀ ਰਾਜਾ ਦੀ ਅਗਵਾਈ ਵਿੱਚ ਮੰਗਲਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।

# ਭਾਰਤ ਸਰਕਾਰ ਨੇ 'ਇਕ ਰਾਸ਼ਟਰ, ਇਕ ਚੋਣ' ਦੀ ਜਾਂਚ ਲਈ 8 ਮੈਂਬਰੀ ਕਮੇਟੀ ਦਾ ਕੀਤਾ ਗਠਨ

ਨਵੀਂ ਦਿੱਲੀ : ਭਾਰਤ ਸਰਕਾਰ ਨੇ ਸ਼ਨੀਵਾਰ ਨੂੰ ਨਵੀਂ ਦਿੱਲੀ ਵਿਚ 'ਇਕ ਰਾਸ਼ਟਰ, ਇਕ ਚੋਣ' ਦੀ ਜਾਂਚ ਕਰਨ ਲਈ 8 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ, ਸਾਬਕਾ ਰਾਜ ਸਭਾ ਮੈਂਬਰ ਗੁਲਾਮ ਨਬੀ ਆਜ਼ਾਦ, ਸੀਨੀਅਰ ਵਕੀਲ ਹਰੀਸ਼ ਸਾਲਵੇ, ਸਾਬਕਾ ਚੀਫ ਵਿਜੀਲੈਂਸ ਕਮਿਸ਼ਨਰ ਸੰਜੇ ਕੋਠਾਰੀ, ਵਿੱਤ ਕਮਿਸ਼ਨ ਦੇ ਸਾਬਕਾ ਚੇਅਰਮੈਨ ਐਨ ਕੇ ਸਿੰਘ ਅਤੇ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਸੁਭਾਸ਼ ਕਸ਼ਯਪ ਨੂੰ




ਨਿਯੁਕਤ ਕੀਤਾ ਗਿਆ ਹੈ। ਕਮੇਟੀ ਦੇ ਮੈਂਬਰਾਂ ਵਜੋਂ. ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੂੰ ਵਿਸ਼ੇਸ਼ ਇਨਵਾਈਟੀ ਵਜੋਂ ਨਿਯੁਕਤ ਕੀਤਾ ਗਿਆ ਹੈ। ਕਾਨੂੰਨੀ ਮਾਮਲਿਆਂ ਦੇ ਵਿਭਾਗ ਦੇ ਸਕੱਤਰ ਨਿਤੇਨ ਚੰਦਰਾ ਨੂੰ ਉੱਚ ਪੱਧਰੀ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ।

# ਅਲਕਾਇਦਾ ਦਾ ਸ਼ੱਕੀ ਅੱਤਵਾਦੀ ਤਿਹਾੜ ਜੇਲ੍ਹ ਤੋਂ ਜਮਸ਼ੇਦਪੁਰ ਦੀ ਅਦਾਲਤ 'ਚ ਪਹੁੰਚਿਆ






ਜਮਸ਼ੇਦਪੁਰ : ਦਿੱਲੀ ਤਿਹਾੜ ਜੇਲ੍ਹ ਤੋਂ ਸਖ਼ਤ ਸੁਰੱਖਿਆ ਹੇਠ ਅੱਤਵਾਦੀ ਸੰਗਠਨ ਅਲਕਾਇਦਾ ਦੇ ਸ਼ੱਕੀ ਮੁਹੰਮਦ ਅਬਦੁਲ ਰਹਿਮਾਨ ਉਰਫ਼ ਕਟਕੀ ਨੂੰ ਬਿਸਤਪੁਰ ਥਾਣੇ ਦੀ ਪੁਲਿਸ ਨੇ ਪ੍ਰੋਡਕਸ਼ਨ ਦੇ ਆਧਾਰ 'ਤੇ ਜਮਸ਼ੇਦਪੁਰ ਲਿਆਂਦਾ। ਦਿੱਲੀ, ਝਾਰਖੰਡ ਅਤੇ ਜਮਸ਼ੇਦਪੁਰ ਦੀਆਂ ਕੁੱਲ ਅੱਠ ਹਥਿਆਰਬੰਦ ਬਲਾਂ ਦੀਆਂ ਪੁਲਿਸ ਟੀਮਾਂ ਕਟਕੀ ਦੇ ਸੁਰੱਖਿਆ ਘੇਰੇ ਦੇ ਆਲੇ-ਦੁਆਲੇ ਤਾਇਨਾਤ ਕੀਤੀਆਂ ਗਈਆਂ ਸਨ। ਉਸ ਨੂੰ ਸ਼ੁੱਕਰਵਾਰ, 1 ਸਤੰਬਰ, 2023 ਨੂੰ ਦੁਪਹਿਰ 2 ਵਜੇ ਏਡੀਜੇ-ਜੰਗਲਾਤ ਜੱਜ ਸੰਜੇ ਕੁਮਾਰ ਉਪਾਧਿਆਏ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਕੇਸ ਦੀ ਸੁਣਵਾਈ ਲਈ ਅਗਲੀ ਤਰੀਕ 20 ਸਤੰਬਰ, 2023 ਤੈਅ ਕੀਤੀ ਹੈ।

ਇਸ ਤੋਂ ਪਹਿਲਾਂ ਸ਼ੱਕੀ ਅੱਤਵਾਦੀ ਕਟਕੀ ਨੇ ਵਕੀਲ ਦਿਲੀਪ ਕੁਮਾਰ ਮਹਤੋ ਦੇ ਜ਼ਰੀਏ 23 ਜੂਨ, 2023 ਨੂੰ ਏਡੀਜੇ-1 ਦੀ ਅਦਾਲਤ ਵਿਚ ਅਰਜ਼ੀ ਦੇ ਕੇ ਜਮਸ਼ੇਦਪੁਰ ਵਿਚ ਲੰਬਿਤ ਮਾਮਲੇ ਦੀ ਸੁਣਵਾਈ ਲਈ ਸ਼ੱਕੀ ਅੱਤਵਾਦੀ ਨੂੰ ਦਿੱਲੀ ਤੋਂ ਲਿਆਉਣ ਦੀ ਬੇਨਤੀ ਕੀਤੀ ਸੀ। ਅਦਾਲਤ ਨੇ 10 ਅਗਸਤ 2023 ਨੂੰ ਇਸ ਦੀ ਇਜਾਜ਼ਤ ਦਿੱਤੀ ਸੀ। ਸ਼ੁੱਕਰਵਾਰ ਸਵੇਰੇ ਸਖ਼ਤ ਸੁਰੱਖਿਆ ਹੇਠ ਦਿੱਲੀ ਅਤੇ ਝਾਰਖੰਡ ਪੁਲਿਸ ਕਟਕੀ ਨੂੰ ਲੈ ਕੇ ਜਮਸ਼ੇਦਪੁਰ ਅਦਾਲਤ ਪਹੁੰਚੀ। ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਉਸ ਨੂੰ ਘੱਗੀਡੀਹ ਕੇਂਦਰੀ ਜੇਲ੍ਹ ਵਿੱਚ ਰੱਖਣ ਅਤੇ ਇੱਥੇ ਲੰਬਿਤ 219/21 ਸੈਸ਼ਨ ਦੀ ਸੁਣਵਾਈ ਸ਼ੁਰੂ ਕਰਨ ਦੇ ਹੁਕਮ ਦਿੱਤੇ ਗਏ। ਅਦਾਲਤ 'ਚ ਪੇਸ਼ ਹੋਣ ਤੋਂ ਬਾਅਦ ਸ਼ੱਕੀ ਅੱਤਵਾਦੀ ਕਟਕੀ ਨੂੰ ਸਖ਼ਤ ਸੁਰੱਖਿਆ ਹੇਠ ਕੈਦੀ ਵਾਹਨ 'ਚ ਘਘੀਡੀਹ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ। ਸ਼ੱਕੀ ਅੱਤਵਾਦੀ ਮੂਲ ਰੂਪ ਤੋਂ ਕਟਕੀ, ਓਡੀਸ਼ਾ ਦਾ ਰਹਿਣ ਵਾਲਾ ਹੈ।

# ਰਾਜਸਥਾਨ ਦੀ ਗਰਭਵਤੀ ਕਬਾਇਲੀ ਔਰਤ ਦੀ ਪਰੇਡ; ਪਤੀ ਸਮੇਤ 8 ਗ੍ਰਿਫਤਾਰ

ਪ੍ਰਤਾਪਗੜ੍ਹ : ਭਾਜਪਾ ਮਹਿਲਾ ਵਰਕਰਾਂ ਨੇ ਸ਼ਨੀਵਾਰ ਨੂੰ ਪ੍ਰਤਾਪਗੜ੍ਹ 'ਚ ਗਰਭਵਤੀ ਔਰਤ ਦੀ ਉਸ ਦੇ ਪਤੀ ਵੱਲੋਂ ਨੰਗੀ ਪਰੇਡ ਕਰਨ ਦੀ ਘਿਨਾਉਣੀ ਘਟਨਾ ਦੇ ਖਿਲਾਫ ਪ੍ਰਦਰਸ਼ਨ ਕੀਤਾ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਦੱਸਿਆ ਕਿ ਰਾਜਸਥਾਨ ਪੁਲਸ ਨੇ ਪ੍ਰਤਾਪਗੜ੍ਹ ਜ਼ਿਲੇ ਦੇ ਇਕ ਪਿੰਡ 'ਚ ਕਥਿਤ ਤੌਰ 'ਤੇ ਲਾਹਣ ਅਤੇ ਪਰੇਡ ਕਰਨ ਤੋਂ ਬਾਅਦ 20 ਸਾਲਾ ਕਬਾਇਲੀ ਔਰਤ ਦੇ ਪਤੀ ਸਮੇਤ ਸੱਤ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਚਾਰ ਹੋਰਾਂ ਨੂੰ ਹਿਰਾਸਤ 'ਚ ਲਿਆ ਹੈ।

ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸ਼ਨੀਵਾਰ ਨੂੰ ਪ੍ਰਤਾਪਗੜ੍ਹ ਦਾ ਦੌਰਾ ਕੀਤਾ ਅਤੇ ਔਰਤ ਨੂੰ ਮਿਲ ਕੇ 10 ਲੱਖ ਰੁਪਏ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ।



# ਐਨਐਸਜੀ ਏਰੀਅਲ ਇਨਸਰਸ਼ਨ ਟੀਮ ਨਾਜ਼ੁਕ ਉੱਚੀਆਂ ਇਮਾਰਤਾਂ 'ਤੇ ਸਟੀਕ ਸਪਾਟ ਏਰੀਅਲ ਕੀਤਾ ਡਰੌਪ






ਨਵੀਂ ਦਿੱਲੀ : ਰਾਸ਼ਟਰੀ ਸੁਰੱਖਿਆ ਗਾਰਡ (ਐਨ.ਐਸ.ਜੀ.) ਦੀ ਏਰੀਅਲ ਇਨਸਰਸ਼ਨ ਟੀਮ ਨੇ ਅਤਿਵਾਦ ਵਿਰੋਧੀ ਸੰਕਟਾਂ ਤੋਂ ਪਹਿਲਾਂ ਤੀਜੇ-ਅਯਾਮੀ ਤੇਜ਼ ਜਵਾਬ ਲਈ ਰਿਹਰਸਲ ਦੇ ਹਿੱਸੇ ਵਜੋਂ ਨਾਜ਼ੁਕ ਉੱਚੀਆਂ ਇਮਾਰਤਾਂ 'ਤੇ ਸਟੀਕ ਸਪਾਟ ਏਰੀਅਲ ਡਰੌਪ ਕੀਤੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਕੀਤੀ ਮੁਲਾਕਾਤ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ 'ਚ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਨੇ ਉਨ੍ਹਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਅਤੇ ਭਾਰਤ ਦੇ ਚੰਦਰਯਾਨ-3 ਮਿਸ਼ਨ ਦੀ ਸਫ਼ਲਤਾ ਲਈ ਪ੍ਰਸੰਸਾ ਪ੍ਰਗਟਾਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਤਸਵੀਰ 'ਚ ਮੁਰਮੂ ਨੂੰ ਪ੍ਰਧਾਨ ਮੰਤਰੀ ਦਾ ਗੁਲਦਸਤੇ ਨਾਲ ਸਵਾਗਤ ਕਰਦੇ ਦੇਖਿਆ ਗਿਆ।

ਇਸ ਤੋਂ ਪਹਿਲਾਂ ਦੇਸ਼ ਦੇ ਚੰਦਰਮਾ ਮਿਸ਼ਨ ਦੀ ਸ਼ਲਾਘਾ ਕਰਦੇ ਹੋਏ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਇਹ ਭਾਰਤ ਦੇ ਭਵਿੱਖ ਦੇ ਪ੍ਰੋਗਰਾਮਾਂ ਲਈ ਇੱਕ ਕਦਮ ਹੈ। "ਭਾਰਤੀ ਪੁਲਾੜ ਖੋਜ ਸੰਗਠਨ ਨਵੀਆਂ ਉਚਾਈਆਂ ਨੂੰ ਮਾਪਦਾ ਰਹਿੰਦਾ ਹੈ ਅਤੇ ਉੱਤਮਤਾ ਦੇ ਉੱਚ ਮਾਪਦੰਡ ਸਥਾਪਤ ਕਰਦਾ ਹੈ। ਇਸ ਸਾਲ, ਇਸਰੋ ਨੇ ਚੰਦਰਯਾਨ-3 ਲਾਂਚ ਕੀਤਾ, ਅਤੇ ਇਸ ਦਾ 'ਵਿਕਰਮ' ਨਾਮ ਦਾ ਲੈਂਡਰ ਅਤੇ 'ਪ੍ਰਗਿਆਨ' ਨਾਮ ਦਾ ਰੋਵਰ ਅਗਲੇ ਕੁਝ ਦਿਨਾਂ ਵਿੱਚ ਚੰਦਰਮਾ 'ਤੇ ਉਤਰਨ ਵਾਲੇ ਹਨ। ਇਹ ਸਾਡੇ ਸਾਰਿਆਂ ਲਈ ਮਾਣ ਵਾਲਾ ਪਲ ਹੋਵੇਗਾ ਅਤੇ ਮੈਂ ਇਸ ਦੀ ਉਡੀਕ ਕਰ ਰਿਹਾ ਹਾਂ।

ਨਵੀਨਤਮ ਵਿਕਾਸ, ਚੰਦਰਯਾਨ 3 ਨੇ ਚੰਦਰਮਾ 'ਤੇ ਆਪਣੀ ਪਹਿਲੀ ਭੁਚਾਲ ਰੀਡਿੰਗ ਲਈ, ਨਾ ਸਿਰਫ ਰੋਵਰ ਦੀ ਹਲਕੀ ਗੜਗੜਾਹਟ ਦਾ ਪਤਾ ਲਗਾਇਆ, ਸਗੋਂ ਇਹ ਵੀ ਕਿ ਚੰਦਰਮਾ 'ਤੇ ਇੱਕ 'ਕੁਦਰਤੀ ਘਟਨਾ' ਦਿਖਾਈ ਦਿੱਤੀ। ਇਸ ਤੋਂ ਇਲਾਵਾ, ਇਸ ਨੇ 26 ਅਗਸਤ, 2023 ਨੂੰ ਇੱਕ ਕੁਦਰਤੀ ਘਟਨਾ ਨੂੰ ਰਿਕਾਰਡ ਕੀਤਾ ਹੈ।

## ਈਸਾਈ ਭਾਈਚਾਰੇ ਦੇ ਲੋਕ ਨੇ ਹਿੰਸਾ ਪ੍ਰਭਾਵਿਤ ਮਨੀਪੁਰ ਲਈ ਸ਼ਾਂਤਮਈ ਪ੍ਰਦਰਸ਼ਨ 'ਚ ਲਿਆ ਹਿੱਸਾ




ਕੋਲਕਾਤਾ : ਕੋਲਕਾਤਾ 'ਚ ਸ਼ੁੱਕਰਵਾਰ ਨੂੰ ਮਣੀਪੁਰ 'ਚ ਚੱਲ ਰਹੀ ਹਿੰਸਾ ਦੇ ਮੱਦੇਨਜ਼ਰ ਈਸਾਈ ਭਾਈਚਾਰੇ ਦੇ ਲੋਕਾਂ ਨੇ ਸ਼ਾਂਤਮਈ ਪ੍ਰਦਰਸ਼ਨ 'ਚ ਹਿੱਸਾ ਲਿਆ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਰੂ ਘਸੀਦਾਸ ਕੇਂਦਰੀ ਯੂਨੀਵਰਸਿਟੀ, ਬਿਲਾਸਪੁਰ, ਛੱਤੀਸਗੜ੍ਹ ਦੇ 10ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਕੀਤੀ ਸ਼ਿਰਕਤ





ਬਿਲਾਸਪੁਰ :ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਛੱਤੀਸਗੜ੍ਹ ਵਿੱਚ ਆਪਣੇ ਦੋ ਦਿਨਾਂ ਠਹਿਰਾਅ ਦੌਰਾਨ ਗੁਰੂ ਘਸੀਦਾਸ ਕੇਂਦਰੀ ਯੂਨੀਵਰਸਿਟੀ, ਬਿਲਾਸਪੁਰ ਦੇ 10ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਰਾਸ਼ਟਰਪਤੀ ਨੇ ਕਿਹਾ ਕਿ ਬਰਾਬਰਤਾ ਦੇ ਆਦਰਸ਼ਾਂ 'ਤੇ ਚੱਲ ਕੇ ਹੀ ਨੌਜਵਾਨ ਖੁਸ਼ਹਾਲੀ ਦੇ ਰਾਹ 'ਤੇ ਚੱਲ ਕੇ ਵਧੀਆ ਸਮਾਜ ਦਾ ਨਿਰਮਾਣ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ 'ਅੰਮ੍ਰਿਤ ਕਾਲ' ਵਿੱਚ ਹੈ, ਜੇਕਰ ਨੌਜਵਾਨ ਸੰਵਿਧਾਨ ਵਿੱਚ ਦਰਸਾਏ ਮੁੱਢਲੇ ਫਰਜ਼ਾਂ ਦੀ ਪਾਲਣਾ ਕਰਨ ਤਾਂ ਸਮੁੱਚੇ ਵਿਕਾਸ ਨੂੰ ਨਿਸ਼ਚਿਤ ਰੂਪ ਨਾਲ ਗਤੀ ਮਿਲੇਗੀ।

ਇਸ ਸਮਾਗਮ ਦੌਰਾਨ ਯੂਨੀਵਰਸਿਟੀ ਨੇ 28 ਖੋਜ ਵਿਦਵਾਨਾਂ ਨੂੰ ਪੀਐਚਡੀ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਅਤੇ 76 ਵਿਦਿਆਰਥੀਆਂ ਨੂੰ ਸੋਨੇ ਦੇ ਤਗਮੇ ਦਿੱਤੇ। ਇਸ ਤੋਂ ਇਲਾਵਾ ਸਮਾਰੋਹ ਵਿੱਚ ਲਗਭਗ 3000 ਵਿਦਿਆਰਥੀਆਂ ਨੂੰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਇਤਿਹਾਸਕ ਸ਼ਹਿਰ ਰਤਨਪੁਰ ਵਿੱਚ ਸਥਿਤ ਪ੍ਰਸਿੱਧ ਮਹਾਮਾਇਆ ਮੰਦਰ ਵਿੱਚ ਪੂਜਾ ਅਰਚਨਾ ਕੀਤੀ ਅਤੇ ਦੇਸ਼ ਵਾਸੀਆਂ ਦੀ ਖੁਸ਼ਹਾਲੀ ਅਤੇ ਤਰੱਕੀ ਦੀ ਕਾਮਨਾ ਕੀਤੀ। ਦਿੱਲੀ ਪਰਤਣ ਤੋਂ ਪਹਿਲਾਂ, ਰਾਸ਼ਟਰਪਤੀ ਅੱਜ ਸ਼ਾਮ ਰਾਜ ਭਵਨ, ਰਾਏਪੁਰ ਵਿਖੇ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਕਬਾਇਲੀ ਸਮੂਹਾਂ ਨਾਲ ਗੱਲਬਾਤ ਕਰਨਗੇ।

## ਜਨਤਾ ਦਲ ਯੂਨਾਈਟਿਡ ਦੇ ਸਮਰਥਕ ਨੇ ਪੋਲ ਖੋਲ੍ਹ ਹਲਾ ਬੋਲ ਪ੍ਰਦਰਸ਼ਨ ਲਿਆ ਭਾਗ





ਪਟਨਾ : ਜਨਤਾ ਦਲ ਯੂਨਾਈਟਿਡ ਦੇ ਸਮਰਥਕਾਂ ਨੇ ਸ਼ੁੱਕਰਵਾਰ ਨੂੰ ਪਟਨਾ ਵਿਚ ਰਾਖਵੇਂਕਰਨ ਨੂੰ ਲੈ ਕੇ ਕੇਂਦਰ ਸਰਕਾਰ ਦੇ ਖਿਲਾਫ ਪੋਲ ਖੋਲ੍ਹ ਹਲਾ ਬੋਲ ਦੇ ਪ੍ਰਦਰਸ਼ਨ ਦੌਰਾਨ ਮਸ਼ਾਲਾਂ ਫੜੀਆਂ ਅਤੇ ਨਾਅਰੇਬਾਜ਼ੀ ਕੀਤੀ।

## ਰਚਾਕੋਂਡਾ ਪੁਲਿਸ ਨੇ ਦੋ ਅੰਤਰਰਾਜੀ ਗਾਂਜਾ ਵੇਚਣ ਵਾਲੇ ਰੈਕੇਟ ਦਾ ਪਰਦਾਫਾਸ਼, 270 ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ



ਹੈਦਰਾਬਾਦ: ਰਚਾਕੋਂਡਾ ਪੁਲਿਸ ਨੇ ਦੋ ਅੰਤਰਰਾਜੀ ਗਾਂਜਾ ਵੇਚਣ ਵਾਲੇ ਰੈਕੇਟਾਂ ਦਾ ਪਰਦਾਫਾਸ਼ ਕਰਦਿਆਂ ਕੁੱਲ 270 ਕਿਲੋਗ੍ਰਾਮ ਨਸ਼ੀਲਾ ਪਦਾਰਥ ਜ਼ਬਤ ਕੀਤਾ ਹੈ। ਰਾਜਸਥਾਨ ਅਤੇ ਮਹਾਰਾਸ਼ਟਰ ਰਾਜਾਂ ਨਾਲ ਸਬੰਧਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਸੂਹ 'ਤੇ ਕਾਰਵਾਈ ਕਰਦੇ ਹੋਏ, ਸਪੈਸ਼ਲ ਆਪ੍ਰੇਸ਼ਨ ਟੀਮ (SOT), LB ਨਗਰ ਜ਼ੋਨ ਦੀ ਟੀਮ ਨੇ ਅਬਦੁੱਲਾਪੁਰਮੇਟ ਪੁਲਿਸ ਦੇ ਨਾਲ ਮਿਲ ਕੇ ਸ਼ਨੀਵਾਰ ਨੂੰ ਇੱਕ ਅੰਤਰਰਾਜੀ ਗਾਂਜਾ ਵੇਚਣ ਵਾਲੇ ਰੈਕੇਟ ਦਾ ਪਰਦਾਫਾਸ਼ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 200 ਕਿਲੋ ਗਾਂਜਾ ਜ਼ਬਤ ਕੀਤਾ।

ਰਾਜਸਥਾਨ ਤੋਂ ਰਾਕੇਸ਼ ਚੌਹਾਨ, ਬਜਰੰਗ ਸਿੰਘ, ਪਵਨ ਅਤੇ ਸਮਰ ਰਾਮ ਲਾਲ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 200 ਕਿਲੋ ਨਸ਼ੀਲਾ ਪਦਾਰਥ, 50,000 ਰੁਪਏ, ਪੰਜ ਮੋਬਾਈਲ ਫ਼ੋਨ ਅਤੇ 45 ਲੱਖ ਰੁਪਏ ਦੀ ਇੱਕ ਕਾਰ ਜ਼ਬਤ ਕੀਤੀ ਗਈ ਹੈ।

ਰਾਚਕੋਂਡਾ ਦੇ ਪੁਲਿਸ ਕਮਿਸ਼ਨਰ ਡੀਐਸ ਚੌਹਾਨ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਜ਼ਮ ਉੜੀਸਾ ਤੋਂ ਗਾਂਜਾ ਲਿਆ ਕੇ ਰਾਜਸਥਾਨ ਵਿੱਚ ਵੇਚ ਕੇ ਅਸਾਨੀ ਨਾਲ ਪੈਸਾ ਕਮਾਉਣਾ ਚਾਹੁੰਦਾ ਸੀ। ਉਨ੍ਹਾਂ ਨੇ ਗਾਂਜਾ ਖਰੀਦਿਆ ਅਤੇ ਕਾਰ ਵਿੱਚ ਛੁਪਾ ਕੇ ਰਾਜਸਥਾਨ ਵੱਲ ਜਾ ਰਹੇ ਸਨ, ਰਸਤੇ ਵਿੱਚ ਰਚਾਕੋਂਡਾ ਪੁਲਿਸ ਨੇ ਉਨ੍ਹਾਂ ਨੂੰ ਓਆਰਆਰ ਨੇੜੇ ਕਾਬੂ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਨਸ਼ੀਲਾ ਪਦਾਰਥ ਬਰਾਮਦ ਕਰ ਲਿਆ। ਜਿਵੇਂ ਕਿ ਅਸੀਂ ਸਪਲਾਈ ਅਤੇ ਮੰਗ ਦੇ ਪੱਖ ਨੂੰ ਢੱਕਣ ਲਈ ਇੱਕ ਵਿਸ਼ਾਲ ਡਰੈਗਨੇਟ ਵਿਛਾਇਆ ਹੈ ਅਤੇ ਨਸ਼ੇ ਦੇ ਆਦੀ ਲੋਕਾਂ 'ਤੇ ਵੀ ਨਜ਼ਰ ਰੱਖੀ ਹੋਈ ਹੈ, ਵਪਾਰੀ ਆਪਣਾ ਢੰਗ ਬਦਲ ਰਹੇ ਹਨ।

# ਅਮਿਤ ਸ਼ਾਹ ਨੇ ਪੱਛਮੀ ਜ਼ੋਨਲ ਕੌਂਸਲ ਦੀ 26ਵੀਂ ਮੀਟਿੰਗ ਦੀ ਕੀਤੀ ਪ੍ਰਧਾਨਗੀ

ਗਾਂਧੀਨਗਰ : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਅੱਜ ਗੁਜਰਾਤ ਦੇ ਗਾਂਧੀਨਗਰ ਵਿਖੇ ਪੱਛਮੀ ਜ਼ੋਨਲ ਕੌਂਸਲ ਦੀ 26ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੰਤਰੀ ਨੇ ਅੱਜ ਅੰਤਰ-ਰਾਜੀ ਕੌਂਸਲ ਸਕੱਤਰੇਤ ਦੇ ਇੱਕ ਈ-ਰਿਸੋਰਸ ਵੈੱਬ ਪੋਰਟਲ ਦਾ ਉਦਘਾਟਨ ਵੀ ਕੀਤਾ। ਮੀਟਿੰਗ ਦੌਰਾਨ, ਗ੍ਰਹਿ ਮੰਤਰੀ ਨੇ ਜ਼ੋਨਲ ਕੌਂਸਲ ਮੈਂਬਰ ਰਾਜਾਂ ਨੂੰ ਰਾਸ਼ਟਰੀ ਮਹੱਤਵ ਦੇ ਤਿੰਨ ਮੁੱਦਿਆਂ 'ਤੇ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਲਈ ਕਿਹਾ - ਪੋਸ਼ਣ ਅਭਿਆਨ, ਸਕੂਲੀ ਬੱਚਿਆਂ ਦੀ ਸਕੂਲ ਛੱਡਣ ਦੀ ਦਰ ਨੂੰ ਘਟਾਉਣਾ ਅਤੇ ਆਯੂਸ਼ਮਾਨ ਭਾਰਤ - ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦਾ ਲਾਭ ਹਰ ਗਰੀਬ ਤੱਕ ਪਹੁੰਚਾਉਣਾ। ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਦੁਆਰਾ ਹਾਲ ਹੀ ਵਿੱਚ ਸੰਸਦ ਵਿੱਚ ਪੇਸ਼ ਕੀਤੇ ਗਏ ਤਿੰਨ ਨਵੇਂ ਬਿੱਲਾਂ - ਭਾਰਤੀ ਨਿਆ ਸੰਹਿਤਾ ਬਿੱਲ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਬਿੱਲ, ਅਤੇ ਭਾਰਤੀ ਸਾਕਸ਼ਯ ਬਿੱਲ - ਦੇ ਪਾਸ ਹੋਣ ਤੋਂ ਬਾਅਦ, ਕੋਈ ਵੀ ਕੇਸ ਦੋ ਸਾਲਾਂ ਤੋਂ ਵੱਧ ਨਹੀਂ ਚੱਲ ਸਕਦਾ ਹੈ। ਗ੍ਰਹਿ ਮੰਤਰੀ ਨੇ ਸਾਰੇ ਰਾਜਾਂ ਨੂੰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸਮਰੱਥਾ ਬਣਾਉਣ ਲਈ ਕੰਮ ਕਰਨ ਲਈ ਕਿਹਾ। ਇਹ ਕਹਿੰਦੇ ਹੋਏ ਕਿ ਪੱਛਮੀ ਜ਼ੋਨਲ ਕੌਂਸਲ ਦੇ ਮੈਂਬਰ ਰਾਜ ਲੰਬੇ ਤੱਟਵਰਤੀ ਰੇਖਾਵਾਂ ਨੂੰ ਸਾਂਝਾ ਕਰਦੇ ਹਨ ਜਿੱਥੇ ਬਹੁਤ ਸੰਵੇਦਨਸ਼ੀਲ ਸੰਸਥਾਵਾਂ ਅਤੇ ਉਦਯੋਗ ਹਨ, ਸ੍ਰੀ ਸ਼ਾਹ ਨੇ ਸਖ਼ਤ ਸੁਰੱਖਿਆ ਯਕੀਨੀ ਬਣਾਉਣ ਲਈ ਨਿਰੰਤਰ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਰਾਸ਼ਟਰੀ ਹਿੱਤਾਂ ਦੇ ਨਾਲ-ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ। ਇਕ ਰਿਪੋਰਟ ਅਨੁਸਾਰ ਜ਼ਮੀਨ ਦੇ ਤਬਾਦਲੇ, ਪਾਣੀ ਦੀ ਸਪਲਾਈ, ਖਾਣਾਂ, ਬੈਂਕ












ਸ਼ਾਖਾਵਾਂ ਅਤੇ ਡਾਕ ਬੈਂਕਿੰਗ ਸਹੂਲਤਾਂ ਦੁਆਰਾ ਪਿੰਡਾਂ ਦੀ ਕਵਰੇਜ, ਬਲਾਤਕਾਰ ਅਤੇ ਪੋਕਸੋ ਐਕਟ ਦੇ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਫਾਸਟ ਟਰੈਕ ਵਿਸ਼ੇਸ਼ ਅਦਾਲਤਾਂ (ਐਫਟੀਐਸਸੀ) ਦੀ ਯੋਜਨਾ ਨੂੰ ਲਾਗੂ ਕਰਨ ਨਾਲ ਸਬੰਧਤ ਗੰਭੀਰ ਮੁੱਦੇ, ਪਿੰਡਾਂ ਵਿੱਚ ਘਰਾਂ ਨੂੰ ਬਰਾਡਬੈਂਡ ਕਨੈਕਟੀਵਿਟੀ ਪ੍ਰਦਾਨ ਕਰਨ ਲਈ ਰਾਜਾਂ ਦੁਆਰਾ ਭਾਰਤ ਨੈੱਟ ਬੁਨਿਆਦੀ ਢਾਂਚੇ ਦੀ ਵਰਤੋਂ, 5ਜੀ ਨੂੰ ਰੋਲ ਆਊਟ ਕਰਨ ਦੀ ਸਹੂਲਤ ਲਈ ਰਾਜਾਂ ਦੁਆਰਾ ਟੈਲੀਕਾਮ ਆਰਓਡਬਲਯੂ ਨਿਯਮਾਂ ਨੂੰ ਅਪਣਾਉਣਾ, ਮੋਟਰ ਵਾਹਨ ਨਿਯਮ, 2022 ਨੂੰ ਲਾਗੂ ਕਰਨਾ, ਪ੍ਰਾਇਮਰੀ ਐਗਰੀਕਲਚਰ ਕ੍ਰੈਡਿਟ ਸੋਸਾਇਟੀਆਂ ਨੂੰ ਮਜ਼ਬੂਤ ਕਰਨਾ (PACS) ਵਿੱਚ ਸ਼ਾਮਲ ਸਨ। ਨਾਜ਼ੁਕ ਮੁੱਦੇ ਅੱਜ ਚਰਚਾ ਕੀਤੀ. ਮੀਟਿੰਗ ਵਿੱਚ ਗੁਜਰਾਤ, ਮਹਾਰਾਸ਼ਟਰ, ਗੋਆ ਦੇ ਮੁੱਖ ਮੰਤਰੀਆਂ ਅਤੇ ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਵ ਦੇ ਪ੍ਰਸ਼ਾਸਕ, ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਹੋਰ ਉੱਘੇ ਮੰਤਰੀਆਂ ਅਤੇ ਰਾਜਾਂ ਅਤੇ ਕੇਂਦਰੀ ਮੰਤਰਾਲਿਆਂ ਅਤੇ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ।

## ਸੀਆਰਪੀਐਫ 38 ਬਟਾਲੀਅਨ ਦੇ ਬਾਰੀ ਬ੍ਰਹਮਣ ਨੇ ਆਦਿਤਿਆ ਐਲ1 ਮਿਸ਼ਨ ਸੈਟੇਲਾਈਟ ਦੇ ਲਾਂਚ ਦਾ ਜਸ਼ਨ ਮਨਾਇਆ




ਸਾਂਬਾ : ਸੀਆਰਪੀਐਫ 38 ਬਟਾਲੀਅਨ ਦੇ ਬਾਰੀ ਬ੍ਰਾਹਮਣ ਨੇ ਸ਼ਨੀਵਾਰ ਨੂੰ ਸਾਂਬਾ ਵਿੱਚ ਆਦਿਤਿਆ ਐਲ1 ਮਿਸ਼ਨ ਸੈਟੇਲਾਈਟ ਦੇ ਲਾਂਚ ਦਾ ਜਸ਼ਨ ਮਨਾਇਆ।

## ਇਸਰੋ ਨੇ ਸੂਰਜੀ ਮਿਸ਼ਨ ਆਦਿਤਿਆ-ਐਲ1 ਕੀਤਾ ਲਾਂਚ

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਅੱਜ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਪੁਲਾੜ ਕੇਂਦਰ ਤੋਂ ਦੇਸ਼ ਦੇ ਪਹਿਲੇ ਸੂਰਜ ਮਿਸ਼ਨ ਤਹਿਤ 'ਆਦਿਤਿਆ ਐੱਲ1' ਪੁਲਾੜ ਵਾਹਨ ਨੂੰ ਲਾਂਚ ਕਰ ਦਿੱਤਾ। ਇਸ ਦੌਰਾਨ ਆਦਿਤਿਆ ਐੱਲ1 ਵਾਹਨ ਪੀਐੱਸਐੱਲਵੀ ਰਾਕੇਟ ਤੋਂ ਸਫ਼ਲਤਾਪੂਰਵਕ ਵੱਖ ਹੋ ਗਿਆ।'ਆਦਿਤਿਆ ਐੱਲ1' ਸੂਰਜੀ ਪ੍ਰਣਾਲੀ ਦੇ ਰਿਮੋਟ ਨਿਰੀਖਣਾਂ ਲਈ ਅਤੇ ਧਰਤੀ ਤੋਂ 15 ਲੱਖ ਕਿਲੋਮੀਟਰ ਦੀ ਦੂਰੀ 'ਤੇ 'ਐੱਲ1' (ਸੂਰਜ-ਧਰਤੀ ਲੈਗਰੇਂਜੀਅਨ ਪੁਆਇੰਟ) 'ਤੇ ਸੂਰਜੀ ਹਵਾ ਦੇ ਅਸਲ ਨਿਰੀਖਣ ਕਰਨ ਲਈ ਤਿਆਰ ਕੀਤਾ ਗਿਆ ਹੈ। 'ਆਦਿਤਿਆ ਐਲ1' ਸੂਰਜ ਦਾ ਅਧਿਐਨ ਕਰਨ ਵਾਲਾ ਪਹਿਲਾ ਪੁਲਾੜ ਵਾਹਨ ਹੋਵੇਗਾ। ਇਸ ਨੂੰ ਇਸਰੋ ਦੇ ਭਰੋਸੇਮੰਦ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀਐੱਸਐੱਲਵੀ) ਰਾਹੀਂ ਅੱਜ ਸਵੇਰੇ 11.50 ਵਜੇ ਸ੍ਰੀਹਰਿਕੋਟਾ ਸਪੇਸ ਸੈਂਟਰ ਦੇ ਦੂਜੇ ਲਾਂਚ ਪੈਡ ਤੋਂ ਲਾਂਚ ਕੀਤਾ ਗਿਆ। 'ਆਦਿਤਿਆ ਐੱਲ1' ਦੇ 125 ਦਿਨਾਂ 'ਚ 15 ਲੱਖ ਕਿਲੋਮੀਟਰ ਦੀ ਦੂਰੀ ਤੈਅ ਕਰਨ ਅਤੇ ਸੂਰਜ ਦੇ ਸਭ ਤੋਂ ਨੇੜੇ ਮੰਨੇ ਜਾਣ ਵਾਲੇ ਲੈਗਰੈਂਜੀਅਨ ਬਿੰਦੂ 'ਐੱਲ1' ਦੇ ਆਲੇ-ਦੁਆਲੇ ਸਥਾਪਤ ਕਰਨ ਦੀ ਉਮੀਦ ਹੈ।



ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਮੁਖੀ ਐਸ ਸੋਮਨਾਥ ਨੇ ਚੇਨਈ ਵਿਚ ਚੰਦਰਯਾਨ-3 ਮਿਸ਼ਨ 'ਤੇ ਮੀਡੀਆ ਨਾਲ ਗੱਲਬਾਤ ਕੀਤੀ।













ਨਵੀਂ ਦਿੱਲੀ : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੁਆਰਾ ਸ਼ਨੀਵਾਰ ਨੂੰ ਆਪਣੇ ਸੂਰਜੀ ਮਿਸ਼ਨ, ਆਦਿਤਿਆ-ਐਲ1 ਦੀ ਸ਼ੁਰੂਆਤ ਕਰਦੇ ਹੋਏ, ਉਡਾਣ ਦੇ ਕ੍ਰਮ ਦਾ ਇੱਕ ਚਿਤਰਣ ਸਾਂਝਾ ਕੀਤਾ ਗਿਆ।



# ਅਸਾਮ ਰਾਈਫਲਜ਼ ਵੱਲੋਂ ਰਾਜਨੇਤਾ ਨੂੰ ਦਿੱਤੇ ਨੋਟਿਸ ਦੇ ਖਿਲਾਫ ਮਣੀਪੁਰ ਮਹਿਲਾ ਸੰਗਠਨ ਨੇ ਕੀਤਾ ਪ੍ਰਦਰਸ਼ਨ















ਇੰਫਾਲ: ਮੀਤੀ ਸਮਾਜ ਦੀ ਨੁਮਾਇੰਦਗੀ ਕਰਨ ਵਾਲੇ ਸਮੂਹ 'ਮੀਰਾ ਪਾਈਬਿਸ' ਨਾਲ ਸਬੰਧਤ ਔਰਤਾਂ ਨੇ ਭਾਰਤ ਦੇ ਉੱਤਰ-ਪੂਰਬੀ ਮਨੀਪੁਰ ਰਾਜ ਵਿੱਚ ਚੱਲ ਰਹੇ ਨਸਲੀ ਝੜਪਾਂ ਵਿੱਚ ਅਸਾਮ ਰਾਈਫਲਜ਼ ਦੀ ਭੂਮਿਕਾ ਦੇ ਵਿਰੋਧ ਵਿੱਚ ਪ੍ਰਦਰਸ਼ਨ ਦੌਰਾਨ ਤਖ਼ਤੀਆਂ ਦਿਖਾਉਂਦੇ ਹੋਏ ਅਤੇ ਇਸ ਦੀ ਬਹਾਲੀ ਦੀ ਮੰਗ ਕੀਤੀ।

ਅਸਾਮ ਰਾਈਫਲਜ਼ ਦੇ ਖਿਲਾਫ ਮਾਸ ਪ੍ਰੋਟੈਸਟ ਕਮੇਟੀ ਦੇ ਨੁਮਾਇੰਦਿਆਂ ਨੇ 'ਸੰਗਠਨ ਦੀ ਸਾਖ' ਨੂੰ ਨੁਕਸਾਨ ਪਹੁੰਚਾਉਣ ਲਈ ਰਿਪਬਲਿਕਨ ਪਾਰਟੀ ਆਫ ਇੰਡੀਆ-ਅਠਾਵਲੇ ਦੇ ਰਾਸ਼ਟਰੀ ਸਕੱਤਰ ਮਹੇਸ਼ਵਰ ਥੌਨੋਜਮ ਨੂੰ ਅਰਧ ਸੈਨਿਕ ਬਲ ਦੇ ਕਾਨੂੰਨੀ ਨੋਟਿਸ ਦੇ ਵਿਰੋਧ ਵਿੱਚ ਧਰਨੇ ਦਾ ਆਯੋਜਨ ਕੀਤਾ।

ਇੰਫਾਲ ਪੱਛਮੀ ਜ਼ਿਲੇ ਦੇ ਉਰੀਪੋਕ, ਸਿੰਗਜਾਮੇਈ, ਕੇਸਮਪਤ, ਕੀਸਮਾਥੋਂਗ ਅਤੇ ਇੰਫਾਲ ਪੂਰਬ ਵਿਚ ਵਾਂਗਖੇਈ ਅਤੇ ਖੁਰਾਈ ਵਿਚ ਵੱਡੀ ਗਿਣਤੀ ਵਿਚ ਔਰਤਾਂ ਪ੍ਰਦਰਸ਼ਨ ਕਰਨ ਲਈ ਸੜਕਾਂ 'ਤੇ ਉਤਰੀਆਂ।

ਥੌਬਲ, ਕਾਕਚਿੰਗ ਅਤੇ ਬਿਸ਼ਨੂਪੁਰ ਜ਼ਿਲ੍ਹਿਆਂ ਵਿੱਚ ਵੀ ਵਿਰੋਧ ਪ੍ਰਦਰਸ਼ਨ ਕੀਤੇ ਗਏ ਜਿਸ ਦੌਰਾਨ ਔਰਤਾਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਅਰਧ ਸੈਨਿਕ ਬਲ ਵਿਰੁੱਧ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨ ਲੋਕ ਅਣਆਗਿਆਕਾਰੀ ਅੰਦੋਲਨ ਦਾ ਹਿੱਸਾ ਹੈ। ਅਸੀਂ ਕੇਂਦਰ ਅਤੇ ਰਾਜ ਸਰਕਾਰਾਂ ਦੋਵਾਂ ਦੇ ਸਾਰੇ ਕਰਮਚਾਰੀਆਂ ਨੂੰ ਵੀ ਬੇਨਤੀ ਕਰ ਰਹੇ ਹਾਂ ਕਿ ਉਹ 3 ਮਈ ਤੋਂ ਮਣੀਪੁਰ ਵਿੱਚ ਹੋਈ ਹਿੰਸਾ ਵੱਲ ਸਰਕਾਰਾਂ ਵੱਲੋਂ ਧਿਆਨ ਦੇਣ ਵਿੱਚ ਅਸਫਲ ਰਹਿਣ ਦੇ ਜਵਾਬ ਵਿੱਚ ਦਫਤਰਾਂ ਵਿੱਚ ਜਾਣਾ ਬੰਦ ਕਰ ਦੇਣ, ਐਨ. ਕਮੇਟੀ ਦੀ ਮੈਂਬਰ ਸ਼ਰਮੀਲਾ ਨੇ ਯੂਰੀਪੋਕ ਵਿਖੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ।

ਇੰਫਾਲ ਪੂਰਬ ਦੇ ਬਾਮੋਨ ਲੀਕਾਈ ਵਿਖੇ ਇੱਕ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੀ ਇੱਕ ਸ਼ਾਂਤੀਲਤਾ ਨੇ ਕਿਹਾ, ਅਸੀਂ ਅਸਾਮ ਰਾਈਫਲਜ਼ ਦੁਆਰਾ ਥੌਨਾਓਜਮ ਨੂੰ ਦਿੱਤੇ ਗਏ ਕਾਨੂੰਨੀ ਨੋਟਿਸ ਦਾ ਸਖ਼ਤ ਵਿਰੋਧ ਕਰਦੇ ਹਾਂ। ਉਹ ਇੱਕੋ ਇੱਕ ਰਾਜਨੇਤਾ ਅਤੇ ਲੋਕਾਂ ਦੇ ਪ੍ਰਤੀਨਿਧੀ ਹਨ, ਜਿਨ੍ਹਾਂ ਨੇ ਇਸ ਮੁੱਦੇ ਨੂੰ ਲਗਾਤਾਰ ਉਠਾਇਆ ਹੈ। ਮੀਤੇਈ ਪਿੰਡ ਵਾਸੀਆਂ 'ਤੇ ਬਿਨਾਂ ਭੜਕਾਹਟ ਦੇ ਹਮਲਿਆਂ ਦਾ।




ਅਸਾਮ ਰਾਈਫਲਜ਼ ਨੇ 18 ਅਗਸਤ ਨੂੰ 'ਸੰਗਠਨ ਦੀ ਸਾਖ' ਨੂੰ ਨੁਕਸਾਨ ਪਹੁੰਚਾਉਣ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲ ਨੂੰ ਨਿਰਾਸ਼ ਕਰਨ ਅਤੇ ਨਿਰਾਸ਼ ਕਰਨ ਲਈ ਥੋਨਾਓਜਮ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਸੀ।

# ਗੁਰਦਵਾਰਾ ਨਰਾਇਣਪੁਰੀ ਖੇੜਾ ਵਿਖੇ 17 ਰੋਜ਼ਾ ਧਾਰਮਿਕ ਜੋੜ ਮੇਲਾ ਸੇਵਾ ਤੇ ਸਿਮਰਨ ਦਾ ਸੰਦੇਸ਼ ਦਿੰਦਿਆਂ ਸਮਾਪਤ





ਹੁਸ਼ਿਆਰਪੁਰ, (ਦਲਜੀਤ ਅਜਨੋਹਾ) ਗੁਰਦਵਾਰਾ ਨਰਾਇਣਪੁਰੀ ਪਿੰਡ ਖੇੜਾ ਵਿਖੇ ਸੰਤ ਬਾਬਾ ਕੁਲਦੀਪ ਸਿੰਘ ਜੀ-ਸੰਤ ਬਾਬਾ ਬਲਬੀਰ ਸਿੰਘ ਜੀ ਦੀ ਅਗਵਾਈ 'ਚ ਸੰਤ ਬਾਬਾ ਆਲ੍ਹਾ ਸਿੰਘ ਜੀ, ਸੰਤ ਬਾਬਾ ਨਰਾਇਣ ਸਿੰਘ ਜੀ ਪੰਡਿਤ, ਸੰਤ ਬਾਬਾ ਆਨੰਦ ਸਿੰਘ ਜੀ, ਸੰਤ ਬਾਬਾ ਸੋਹਣ ਸਿੰਘ ਜੀ ਤੇ ਸੰਤ ਬਾਬਾ ਬਲਬੀਰ ਸਿੰਘ ਜੀ ਦੀ ਯਾਦ 'ਚ ਬਾਬਾ ਵਿਨੋਦ ਸਿੰਘ ਖੇੜਾ, ਜਥੇਦਾਰ ਇਕਬਾਲ ਸਿੰਘ ਖੇੜਾ, ਸਰਪੰਚ ਬਲਵਿੰਦਰ ਸਿੰਘ, ਬਲਜੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ ਮਾਹਿਲਪੁਰ ਦੇ ਵਿਸ਼ੇਸ਼ ਸਹਿਯੋਗ ਨਾਲ ਮਨਾਇਆ ਜਾ ਰਿਹਾ 17 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲਾ ਸੇਵਾ ਤੇ ਸਿਮਰਨ ਦਾ ਸੰਦੇਸ਼ ਦਿੰਦਿਆਂ ਸਮਾਪਤ ਹੋ ਗਿਆ। ਜੋੜ ਮੇਲੇ ਦੌਰਾਨ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀਆਂ ਭਰੀਆਂ। ਅੱਜ ਆਖਰੀ ਦਿਨ 12 ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਾਨ ਗੁਰਮਤਿ ਤੇ ਸੰਤ ਸਮਾਗਮ ਦੌਰਾਨ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਠੱਕਰਵਾਲ, ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ, ਬਾਬਾ ਬੀਰਜਤਿੰਦਰ ਸਿੰਘ ਮਲਕਪੁਰ, ਭਾਈ ਰਣਜੋਧ ਸਿੰਘ ਨਡਾਲੋਂ, ਢਾਡੀ ਹਰਦੀਪ ਸਿੰਘ ਸਾਧੜਾ, ਭਾਈ ਸੁਖਦੇਵ ਸਿੰਘ ਨਡਾਲੋਂ, ਬੀਬੀ ਤਰਨਪ੍ਰੀਤ ਕੌਰ ਡਾਨਸੀਵਾਲ ਆਦਿ ਦੇ ਜਥਿਆਂ ਨੇ ਜਿੱਥੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਢਾਡੀ ਵਾਰਾਂ ਵਾਰਾਂ ਰਾਹੀਂ ਨਿਹਾਲ ਕੀਤਾ ਉੱਥੇ ਉਕਤ ਮਹਾਪੁਰਸ਼ਾਂ ਦੇ ਜੀਵਨ ਤੇ ਵੀ ਚਾਨਣਾ ਪਾਇਆ। ਇਸ ਮੌਕੇ ਜਥੇਦਾਰ ਬਾਬਾ ਨਾਗਰ ਸਿੰਘ ਟੂਟੋਮਜਰਾ, ਸੰਤ ਅਮਰਜੀਤ ਸਿੰਘ ਹਰਖੋਵਾਲ, ਬਾਬਾ ਕਰਮਜੀਤ ਸਿੰਘ ਟਿੱਬਾ ਸਾਹਿਬ, ਬਾਬਾ ਬਲਬੀਰ ਸਿੰਘ ਟਿੱਬਾ ਸਾਹਿਬ, ਬਾਬਾ ਜਸਪਾਲ ਸਿੰਘ ਨੈਕੀ ਵਾਲੇ ਪੰਜੋੜ, ਬਾਬਾ ਬਿਕਰਮਜੀਤ ਸਿੰਘ ਨੰਗਲ ਖੁਰਦ, ਬਾਬਾ ਪ੍ਰੀਤਮ ਸਿੰਘ ਬਾੜੀਆਂ, ਸੰਤ ਬਲਵੀਰ ਸਿੰਘ ਲੰਗੇਰੀ, ਸੰਤ ਹਰਮਨਜੀਤ ਸਿੰਘ ਸਿੰਗੜੀਵਾਲ ਆਦਿ ਸਮੇਤ ਵੱਡੀ ਗਿਣਤੀ 'ਚ ਸੰਤ ਮਹਾਂਪੁਰਸ਼ਾਂ ਨੇ ਪਹੁੰਚ ਕੇ ਉਕਤ ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮੰਚ ਸੰਚਾਲਣ ਦੀ ਸੇਵਾ ਜਿੱਥੇ ਭਾਈ ਲਖਵੀਰ ਸਿੰਘ ਰਾਣਾ ਡਾਨਸੀਵਾਲ ਤੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਬਾਖੂਬੀ ਨਿਭਾਈ ਉੱਥੇ ਸੰਤ ਬਾਬਾ ਕੁਲਦੀਪ ਸਿੰਘ ਤੇ ਸੰਤ ਬਾਬਾ ਬਲਵੀਰ ਸਿੰਘ ਜੀ ਨੇ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸਰਪੰਚ ਬਲਵਿੰਦਰ ਸਿੰਘ ਖੇੜਾ, ਗੁਰਮਿੰਦਰ ਸਿੰਘ ਗੱਗੀ ਖੇੜਾ, ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਕੁਲਵੰਤ ਸਿੰਘ, ਚਰਨਜੀਤ ਸਿੰਘ ਖੇੜਾ, ਸੁਲੱਖਣ ਸਿੰਘ ਖੇੜਾ, ਪਰਮਜੀਤ ਸਿੰਘ ਬਾਹੋਵਾਲ, ਹਰਜੀਤ ਬੈਂਸ, ਗੁਰਦੇਵ ਸਿੰਘ ਗੋਂਦਪੁਰ, ਪਰਮਜੀਤ ਸਿੰਘ ਪੰਜੋੜ, ਕਰਮਜੀਤ ਸਿੰਘ, ਇੰਦਰ ਜੀਤ ਬੈਂਸ, ਰਮਨਦੀਪ ਸਿੰਘ, ਕਰਮਦੀਪ ਸਿੰਘ, ਕਮਲ ਬੈਂਸ, ਦਇਆ ਸਿੰਘ ਮੇਘੋਵਾਲ, ਸੁਖਦੇਵ ਸਿੰਘ, ਬਲਜਿੰਦਰ ਸਿੰਘ, ਹਰਜੋਤ ਬੈਂਸ, ਅਮ੍ਰਿਤਪਾਲ, ਕਰਨ ਬੈਂਸ, ਸਾਬ੍ਹੀ ਬੈਂਸ, ਸਿਕੰਦਰ ਖੇੜਾ, ਜਸਵਿੰਦਰ ਸਿੰਘ ਪਟਵਾਰੀ, ਤ੍ਰਿਲੋਚਨ ਸਿੰਘ ਸਕਰੂਲੀ, ਗੁਰਜਿੰਦਰ ਸਿੰਘ ਸਰਹਾਲਾ, ਹੀਰਾ ਸਿੰਘ ਸਰਹਾਲਾ, ਸਤਵੀਰ ਸਿੰਘ ਨੰਗਲ ਕਲਾਂ, ਬਲਵਿੰਦਰ ਸਿੰਘ ਘੋਲੀ, ਪ੍ਰਸ਼ੋਤਮ ਸਿੰਘ ਟੂਟੋਮਾਜਰਾ, ਸੋਨੀ ਖੇੜਾ ਆਦਿ ਹਾਜ਼ਰ ਸਨ।

# ਪਟਵਾਰੀਆਂ ਦੀ ਹੜਤਾਲ ਖ਼ਿਲਾਫ਼ ਸਰਕਾਰ ਸਖ਼ਤ

## ਪਟਵਾਰੀ ਲੱਖ-ਡੇਢ ਲੱਖ ਤਨਖਾਹ ਲੈਂਦੇ ਹਨ, ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਲਈ ਕਰ ਹਨ ਹੜਤਾਲ : ਭਗਵੰਤ ਮਾਨ

ਚੰਡੀਗੜ੍ਹ : ਪੰਜਾਬ 'ਚ ਪਟਵਾਰੀਆਂ ਵੱਲੋਂ ਦੋ ਦਿਨਾਂ ਤੋਂ 3193 ਮਾਲ ਹਲਕਿਆਂ ਦਾ ਕੰਮਕਾਜ ਬੰਦ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ ਸਖਤ ਰੁਖ਼ ਅਖਤਿਆਰ ਕਰ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪਟਵਾਰੀਆਂ ਦੀਆਂ 586 ਅਸਾਮੀਆਂ ਭਰਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਾਲ ਅਫਸਰਾਂ ਦੀ ਜ਼ਿੱਦ ਕਾਰਨ ਆਮ ਆਦਮੀ ਨੂੰ ਪ੍ਰੇਸ਼ਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹੜਤਾਲੀ ਪਟਵਾਰੀਆਂ ਦੀ ਮਨਮਰਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ੍ਰੀ ਮਾਨ ਨੇ ਕਿਹਾ ਕਿ ਪਟਵਾਰੀਆਂ ਦੀ ਹਾਜ਼ਰੀ ਬਾਇਓਮੀਟਰਿਕ ਰਾਹੀਂ ਲਗੇਗੀ ਅਤੇ ਹਰੇਕ ਪਟਵਾਰੀ ਨੂੰ ਸਵੇਰੇ ਆਉਣ ਸਮੇਂ ਤੇ ਸ਼ਾਮ ਨੂੰ ਜਾਣ ਸਮੇਂ ਹਾਜ਼ਰੀ ਲਗਾਉਣੀ ਲਾਜ਼ਮੀ ਹੋਵੇਗੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪੰਜਾਬ ਦੇ ਲੋਕਾਂ ਨੂੰ ਆਨਲਾਈਨ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਅਧਿਕਾਰੀਆਂ ਦੀ ਹੜਤਾਲ ਕਾਰਨ ਆਮ ਆਦਮੀ ਨੂੰ ਖੱਜਲ-ਖ਼ੁਆਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਟਵਾਰੀਆਂ ਦੀਆਂ ਕੁੱਲ 3660 ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 1623 ਅਸਾਮੀਆਂ ਭਰੀਆਂ ਹੋਈਆਂ ਹਨ। ਸੂਬਾ ਸਰਕਾਰ ਨੇ ਬਾਕੀ 2037 ਆਸਾਮੀਆਂ ਭਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ 2037 ਅਸਾਮੀਆਂ ਵਿੱਚੋਂ 741 ਪਟਵਾਰੀਆਂ ਨੇ 18 ਮਹੀਨਿਆਂ ਵਿੱਚੋਂ 15 ਮਹੀਨਿਆਂ ਦੀ ਸਿਖਲਾਈ ਪੂਰੀ ਕਰ ਲਈ ਹੈ ਤੇ ਇਨ੍ਹਾਂ ਨੂੰ ਫੀਲਡ 'ਚ ਉਤਾਰਿਆ ਜਾਵੇਗਾ। ਇਸ ਤੋਂ ਇਲਾਵਾ ਪਟਵਾਰੀ ਦੀਆਂ 710 ਅਸਾਮੀਆਂ ਦੀ ਭਰਤੀ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਨੂੰ ਵੀ ਜਲਦ ਹੀ ਨਿਯੁਕਤੀ ਪੱਤਰ ਸੌਂਪ ਦਿੱਤੇ ਜਾਣਗੇ। ਆਪਣਾ ਕੰਮ ਕਰਵਾਉਣ ਲਈ ਪਟਵਾਰੀਆਂ ਵੱਲੋਂ ਅੱਗੇ ਕੁਝ ਹੋਰ ਬੰਦੇ ਰੱਖਣ ਦੇ ਰੁਝਾਨ ਦਾ ਸਖ਼ਤ ਨੋਟਿਸ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਟਵਾਰੀਆਂ ਦੀ ਬਾਇਓ ਮੀਟਰਿਕ ਹਾਜ਼ਰੀ ਯਕੀਨੀ ਬਣਾਈ ਜਾਵੇਗੀ।

**ਅਸਾਮੀਆਂ 4716 ਅਤੇ ਪਟਵਾਰੀ 1593: ਯੂਨੀਅਨ** : ਦਿ ਰੈਵੇਨਿਊ ਪਟਵਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਸਾਮੀਆਂ ਭਰਨ ਦਾ ਐਲਾਨ ਕੀਤੇ ਜਾਣ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਸਪੱਸ਼ਟ ਨਹੀਂ ਕੀਤਾ ਕਿ ਪਟਵਾਰੀਆਂ ਨੂੰ 15 ਮਹੀਨੇ ਦੀ ਸਿਖਲਾਈ ਦੌਰਾਨ ਤਨਖਾਹ 5 ਹਜ਼ਾਰ ਰੁਪਏ ਮਹੀਨਾ ਦਿੱਤੀ ਜਾਵੇਗਾ ਜਾਂ ਪੂਰੀ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਟਵਾਰੀਆਂ ਦੀਆਂ 4716 ਅਸਾਮੀਆਂ 'ਤੇ 1593 ਜਣੇ ਕੰਮ ਕਰ ਰਹੇ ਹਨ। ਪੰਜਾਬ ਦੀ ਅਫ਼ਸਰਸ਼ਾਹੀ ਮੁੱਖ ਮੰਤਰੀ ਨੂੰ ਗੁਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਟਵਾਰੀਆਂ ਦਾ ਸਾਰਾ ਕੰਮ ਆਨਲਾਈਨ ਕੀਤਾ ਜਾ ਰਿਹਾ ਹੈ। ਇਸ ਲਈ ਸਾਰੇ ਪਟਵਾਰੀਆਂ ਕੋਲ ਲੈਪਟਾਪ ਤੇ ਬਾਇਓ ਮੀਟਰਿਕ ਵੀ ਹਨ। ਉਨ੍ਹਾਂ ਕਿਹਾ ਕਿ ਅੱਜ ਸੂਬੇ ਦੇ ਜ਼ਿਲ੍ਹੇ 12 ਤੋਂ ਵੱਧ ਕੇ 23 ਹੋ ਚੁੱਕੇ ਹਨ, ਜਦਕਿ ਪਟਵਾਰੀਆਂ ਦੀਆਂ ਪੋਸਟਾਂ 4716 ਹੀ ਹਨ। ਉਨ੍ਹਾਂ ਮੰਗ ਕੀਤੀ ਕਿ ਪਟਵਾਰੀਆਂ ਦੀਆਂ ਅਸਾਮੀਆਂ 7500 ਹੋਣੀ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸੂਬਾ ਸਰਕਾਰ ਯੂਨੀਅਨ ਦੀਆਂ ਮੰਗਾਂ ਨਹੀਂ ਮੰਨਦੀ ਉਨ੍ਹਾਂ ਦੀ ਹੜਤਾਲ ਜਾਰੀ ਰਹੇਗੀ।

# ਕੌਣ ਕਰੂਗਾ ਰੀਸਾਂ: ਬੋਲਦਾ ਮੁਰੱਬਿਆਂ 'ਚ ਨਾਂ ਪਟਵਾਰੀ ਦਾ ..!

ਚੰਡੀਗੜ੍ਹ : ਹਲਕਾ ਖਨੌਰੀ 'ਚ ਤਾਇਨਾਤ ਰਹੇ ਪਟਵਾਰੀ ਬਲਕਾਰ ਸਿੰਘ ਦੀ ਜਾਇਦਾਦ ਏਨੀ ਛੜੱਪੇ ਮਾਰ ਕੇ ਵਧੀ ਹੈ ਜਿਸ ਨੇ ਵਿਜੀਲੈਂਸ ਨੂੰ ਵੀ ਅਚੰਭੇ 'ਚ ਪਾ ਦਿੱਤਾ ਹੈ। ਵਿਜੀਲੈਂਸ ਰੇਂਜ ਸੰਗਰੂਰ ਨੇ ਇਸ ਪਟਵਾਰੀ ਵੱਲੋਂ ਵਸੀਲਿਆਂ ਤੋਂ ਵੱਧ ਬਣਾਈ ਜਾਇਦਾਦ ਦੀ ਜਾਂਚ ਕੀਤੀ ਸੀ ਜਿਸ 'ਚ ਨਵੇਂ ਤੱਥ ਉੱਭਰ ਕੇ ਸਾਹਮਣੇ ਆਏ ਹਨ। ਬਲਕਾਰ ਸਿੰਘ ਮਾਲ ਮਹਿਕਮੇ ਵਿਚ 12 ਦਸੰਬਰ 2002 ਨੂੰ ਭਰਤੀ ਹੋਇਆ ਸੀ। ਉਸ ਨੇ ਆਪਣੀ 21 ਸਾਲ ਦੀ ਨੌਕਰੀ ਦੌਰਾਨ ਆਪਣੇ ਨਾਮ, ਪਤਨੀ ਦੇ ਨਾਮ ਅਤੇ ਆਪਣੀ ਮਾਤਾ ਦੇ ਨਾਮ 'ਤੇ ਕਰੀਬ ਚਾਰ ਕਰੋੜ ਦੀ ਪ੍ਰਾਪਰਟੀ ਬਣਾਈ ਹੈ ਜਿਸ ਦੀ ਮਾਰਕੀਟ ਕੀਮਤ ਕਿਤੇ ਜ਼ਿਆਦਾ ਹੋ ਸਕਦੀ ਹੈ। ਵਿਜੀਲੈਂਸ ਦੇ ਹੱਥ 1.24 ਕਰੋੜ ਦੀ ਜ਼ਮੀਨ ਹੋਰ ਖ਼ਰੀਦਣ ਦੇ ਬਿਆਨੇ ਵੀ ਲੱਗੇ ਹਨ।

ਚੇਤੇ ਰਹੇ ਕਿ ਵਿਜੀਲੈਂਸ ਨੇ ਖ਼ਾਨਗੀ ਵਸੀਅਤ ਦੇ 2018 ਦੇ ਪੁਰਾਣੇ ਕੇਸ ਵਿਚ ਬਲਕਾਰ ਸਿੰਘ ਪਟਵਾਰੀ ਅਤੇ ਫ਼ੀਲਡ ਕਾਨੂੰਨਗੋ ਦਰਸ਼ਨ ਸਿੰਘ ਨੂੰ 23 ਅਗਸਤ ਨੂੰ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਸੀ। ਇਸ ਕੇਸ ਵਿਚ ਕੁਝ ਤਕਨੀਕੀ ਨੁਕਤਿਆਂ ਨੂੰ ਲੈ ਕੇ ਸਮੁੱਚੇ ਪੰਜਾਬ ਦੇ ਪਟਵਾਰੀਆਂ ਨੇ ਰੋਸ ਵਜੋਂ ਪਹਿਲੀ ਸਤੰਬਰ ਤੋਂ ਕਲਮ ਛੋੜ ਹੜਤਾਲ ਦਾ ਐਲਾਨ ਕਰ ਦਿੱਤਾ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹੜਤਾਲ ਨਾਲ ਸਖ਼ਤੀ ਨਾਲ ਨਜਿੱਠਣ ਦਾ ਰਾਹ ਅਖ਼ਤਿਆਰ ਕੀਤਾ ਹੈ। ਇਸੇ ਦੌਰਾਨ ਹੁਣ ਵਿਜੀਲੈਂਸ ਨੇ ਪਟਵਾਰੀ ਬਲਕਾਰ ਸਿੰਘ ਦੀ ਆਮਦਨ ਦੇ ਵਸੀਲਿਆਂ ਦੀ ਜਾਂਚ ਰਿਪੋਰਟ ਤਿਆਰ ਕੀਤੀ ਹੈ। ਵਿਜੀਲੈਂਸ ਰਿਪੋਰਟ ਅਨੁਸਾਰ ਪਟਵਾਰੀ ਬਲਕਾਰ ਸਿੰਘ ਨੇ ਆਪਣੀ ਸਰਵਿਸ ਦੌਰਾਨ ਖੇਤੀਬਾੜੀ ਵਾਲੀ 55 ਏਕੜ ਜ਼ਮੀਨ 21 ਵਰ੍ਹਿਆਂ ਵਿਚ ਖ਼ਰੀਦੀ ਹੈ। ਇਸ ਤੋਂ ਇਲਾਵਾ ਪਟਿਆਲਾ ਦੀ ਨਿਊ ਅਫ਼ਸਰ ਕਲੋਨੀ ਵਿਚ 400 ਗਜ਼ ਦਾ ਰਿਹਾਇਸ਼ੀ ਪਲਾਟ, ਮਹਿੰਦਰਾ ਕੰਪਲੈਕਸ ਪਟਿਆਲਾ ਵਿਚ ਦੋ ਕਮਰਸ਼ੀਅਲ ਪਲਾਟਾਂ ਦੀ ਖ਼ਰੀਦ ਵੀ ਕੀਤੀ ਹੈ। ਉਸ ਨੇ ਕੋਠੀ ਦੀ ਉਸਾਰੀ 'ਤੇ ਪੰਜ ਲੱਖ ਖ਼ਰਚ ਕੀਤੇ ਹਨ। ਇਨ੍ਹਾਂ ਸੰਪਤੀਆਂ ਦੀ ਸਰਕਾਰੀ ਕੀਮਤ ਕਰੀਬ 4 ਕਰੋੜ ਦੱਸੀ ਗਈ ਹੈ। ਪਟਵਾਰੀ ਬਲਕਾਰ ਸਿੰਘ ਨੇ ਕਿਸਾਨ ਹਰਵਿੰਦਰ ਸਿੰਘ ਵਾਸੀ ਢੀਂਡਸਾ ਨਾਲ 16 ਕਨਾਲ 17 ਮਰਲੇ ਦਾ 33.60 ਲੱਖ ਵਿਚ ਖ਼ਰੀਦ ਕਰਨ ਦਾ 11 ਅਗਸਤ 2023 ਨੂੰ ਬਿਆਨਾ ਕੀਤਾ ਹੈ। ਪਟਵਾਰੀ ਨੇ ਆਪਣੀ ਮਾਤਾ ਦੇ ਨਾਮ ਪਿੰਡ ਬਰਸਟ ਵਿਚਲੇ 19 ਬਿਘੇ ਰਕਬੇ ਦਾ 90.70 ਲੱਖ ਵਿਚ ਖ਼ਰੀਦ ਕਰਨ ਸਬੰਧੀ 16 ਅਪਰੈਲ 2018 ਨੂੰ ਬਿਆਨਾ ਕੀਤਾ ਸੀ। ਵਿਜੀਲੈਂਸ ਨੂੰ ਜੋ ਵਸੀਕੇ ਅਤੇ ਹੋਰ ਦਸਤਾਵੇਜ਼ ਪ੍ਰਾਪਤ ਹੋਏ ਹਨ, ਉਨ੍ਹਾਂ ਅਨੁਸਾਰ ਪਟਵਾਰੀ ਬਲਕਾਰ ਨੇ ਆਪਣੀ ਸਰਵਿਸ ਦੌਰਾਨ 11 ਪਿੰਡਾਂ ਵਿਚ ਜ਼ਮੀਨਾਂ ਖ਼ਰੀਦੀਆਂ ਹਨ। ਇਸ ਪਟਵਾਰੀ ਨੇ 54 ਰਜਿਸਟਰੀਆਂ ਜ਼ਰੀਏ ਪਿੰਡ ਰੋੜੇਵਾਲ, ਘੋੜੇਨਬ, ਭੁਟਾਲ ਖੁਰਦ, ਮਕੋਰੜ ਸਾਹਿਬ, ਗੁੱਜਰਾਂ, ਢੀਂਡਸਾ, ਹਮੀਰਗੜ੍ਹ, ਜਲੂਰ, ਬਲਰਾਂ, ਭੁਟਾਲ ਕਲਾਂ ਅਤੇ ਕਲੀਪੁਰ ਵਿਚ ਜ਼ਮੀਨਾਂ ਖ਼ਰੀਦੀਆਂ ਹਨ। ਪੜਤਾਲ ਰਿਪੋਰਟ ਅਨੁਸਾਰ ਇਸ ਪਟਵਾਰੀ ਨੇ ਸਰਵਿਸ ਵਿਚ ਆਉਣ ਤੋਂ ਤਿੰਨ ਸਾਲ ਬਾਅਦ ਹੀ ਪਹਿਲੀ ਖ਼ਰੀਦ 17 ਜੂਨ 2005 ਨੂੰ ਪਿੰਡ ਢੀਂਡਸਾ ਵਿਚ ਕੀਤੀ ਸੀ। ਫਿਰ ਭੁਟਾਲ ਕਲਾਂ ਅਤੇ ਉਸ ਮਗਰੋਂ ਕਲੀਪੁਰ 'ਚ ਜ਼ਮੀਨ ਖ਼ਰੀਦੀ। ਕੋਈ ਟਾਵਾਂ ਵਰ੍ਹਾ ਹੀ ਹੋਵੇਗਾ ਜਿਸ ਵਿਚ ਉਸ ਨੇ ਜ਼ਮੀਨ ਨਾ ਖ਼ਰੀਦੀ ਹੋਵੇ। ਵਿਜੀਲੈਂਸ ਨੇ ਜਾਇਦਾਦਾਂ ਦੇ ਦੋ ਵੇਰਵੇ ਤਿਆਰ ਕੀਤੇ ਹਨ। 33 ਰਜਿਸਟਰੀਆਂ ਦਾ ਵੇਰਵਾ ਵੱਖਰਾ ਤਿਆਰ ਕੀਤਾ ਹੈ ਜਿਨ੍ਹਾਂ ਦੇ ਵਸੀਕੇ ਪੜਤਾਲ ਦੌਰਾਨ ਪ੍ਰਾਪਤ ਹੋਏ ਹਨ।

### ਵਿਜੀਲੈਂਸ ਨੇ ਸਮਰੱਥ ਅਥਾਰਿਟੀ ਤੋਂ ਪ੍ਰਵਾਨਗੀ ਨਹੀਂ ਲਈ

ਪਟਵਾਰੀ ਅਤੇ ਕਾਨੂੰਨਗੋ ਯੂਨੀਅਨ ਦਾ ਕਹਿਣਾ ਹੈ ਕਿ ਕਿਸੇ ਵੀ ਪਟਵਾਰੀ ਜਾਂ ਕਾਨੂੰਨਗੋ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਸਮਰੱਥ ਅਥਾਰਿਟੀ ਤੋਂ ਪ੍ਰੋਵੈਨਸ਼ਨ ਆਫ਼ ਕੁਰੱਪਸ਼ਨ ਐਕਟ 1988 ਦੀ ਧਾਰਾ 17(ਏ) ਤੋਂ ਪ੍ਰਵਾਨਗੀ ਲੈਣ ਦੀ ਜ਼ਰੂਰਤ ਹੈ ਪਰ ਵਿਜੀਲੈਂਸ ਬਿਊਰੋ ਨੇ ਪ੍ਰਕਿਰਿਆ ਨੂੰ ਅਖ਼ਤਿਆਰ ਨਹੀਂ ਕੀਤਾ ਹੈ। ਪਟਵਾਰ ਯੂਨੀਅਨ ਆਖਦੀ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਲੋਕਾਂ ਦਾ ਧਿਆਨ ਹੋਰ ਪਾਸੇ ਕੇਂਦਰਿਤ ਕਰ ਰਹੀ ਹੈ। ਦੂਸਰੇ ਪਾਸੇ ਪੰਜਾਬ ਵਿਚ ਪਟਵਾਰੀ ਕਲਮ ਛੋੜ ਹੜਤਾਲ 'ਤੇ ਹਨ ਅਤੇ ਉਨ੍ਹਾਂ ਨੇ ਵਾਧੂ ਸਰਕਲਾਂ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਵੱਲੋਂ ਐਸਮਾ ਲਗਾਏ ਜਾਣ ਤੋਂ ਪੰਜਾਬ ਦਾ ਮੁਲਾਜ਼ਮ ਤਬਕਾ ਕਾਫ਼ੀ ਔਖਾ ਹੈ ਅਤੇ ਵਿਰੋਧੀ ਧਿਰਾਂ ਨੇ ਵੀ ਸਰਕਾਰ ਦੇ ਇਸ ਐਕਸ਼ਨ ਨੂੰ ਲੈ ਕੇ ਕਾਫ਼ੀ ਵਿਰੋਧ ਦਰਜ ਕਰਾਇਆ ਹੈ।

ਬਲਵਿੰਦਰ 'ਬਾਲਮ'
98156-25409

## ਜਨਮ ਅਸ਼ਟਮੀ 'ਤੇ ਵਿਸ਼ੇਸ

# ਸਰਵਗੁਣ ਸੰਪਨ ਸਨ ਭਗਵਾਨ ਸ਼੍ਰੀ ਕ੍ਰਿਸ਼ਨ





ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਗੋਕੁਲ, ਜਿਲ੍ਹਾ ਮਥੁਰਾ (ਯੂ.ਪੀ.) ਵਿਖੇ ਹੋਇਆ। ਸ਼੍ਰੀ ਕ੍ਰਿਸ਼ਨ ਦਵਾਪਰ ਯੁਗ ਵਿਚ ਮਾਤਾ ਦੇਵਕੀ ਦੀ ਕੁੱਖ 'ਚੋਂ ਪੈਦਾ ਹੋਏ। ਉਨ੍ਹਾਂ ਦੇ ਪਿਤਾ ਸ੍ਰੀ ਵਾਸੂ ਦੇਵ ਸਨ। ਗੋਕੁਲ ਪਿੰਡ ਵਿਚ ਅੱਜ ਵੀ ਕ੍ਰਿਸ਼ਨ ਭਗਵਾਨ ਦੇ ਸਮੇਂ ਦੇ ਚਿੰਨ੍ਹ ਮੌਜੂਦ ਹਨ। ਉਹ ਰੁੱਖ ਵੀ ਮੌਜੂਦ ਹੈ ਜਿਸ ਨਾਲ ਬਾਲ ਕ੍ਰਿਸ਼ਨ ਨੂੰ ਯਸ਼ੋਧਾ ਮਾਤਾ ਨੇ ਬੰਨਿਆ ਸੀ

ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਨੂੰ ਹੀ ਜਨਮ ਅਸ਼ਟਮੀ ਕਹਿੰਦੇ ਹਨ। ਜਿਸ ਕਾਲ ਵਿਚ ਧਰਮ ਦੇ ਸਿਧਾਂਤ ਜੀਵਨ ਵਿਚ ਚਰਿਤਾਰਥ ਨਾ ਹੋ ਕੇ ਕੇਵਲ ਪੁਸਤਕਾਂ ਵਿਚ ਹੀ ਰਹਿ ਗਏ ਸਨ ਉਸ ਕਾਲ ਵਿਚ ਕ੍ਰਿਸ਼ਨ ਦਾ ਜਨਮ ਹੋਇਆ। ਸੱਤਾ ਜਾਂ ਸੰਪਤੀ ਦੇ ਬਿਨਾਂ ਵੀ ਹਜ਼ਾਰਾਂ ਲੋਕਾਂ ਦਾ ਸੰਗਠਨ ਹੋ ਸਕਦਾ ਹੈ, ਇਹ ਉਨ੍ਹਾਂ ਦੇ ਗੋਕੁਲ ਵਿਚ ਵੈਸਾ ਸੰਗਠਨ ਕਰਕੇ ਵਿਖਾਇਆ। 'ਕਰਸ਼ਤੀ ਆਕਰਸ਼ਤੀ ਇਤੀ ਕ੍ਰਿਸ਼ਨ' ਸਲੋਕ ਮੁਤਾਬਿਕ ਜੋ ਖਿੱਚਦਾ ਹੈ, ਆਕਰਸ਼ਿਤ ਕਰਦਾ ਹੈ ਉਹ ਕ੍ਰਿਸ਼ਨ। ਕ੍ਰਿਸ਼ਨ ਨੇ ਗੋਪੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਦਾ ਪ੍ਰੇਮ ਸੰਪਾਦਨ ਕੀਤਾ। ਕ੍ਰਿਸ਼ਨ ਦੇ ਕਹਿਣ 'ਤੇ ਗੋਕੁਲ ਦੇ ਲੋਕਾਂ ਨੇ ਸਾਲਾਂ ਪੁਰਾਣੀ ਇੰਦਰ ਪੂਜਾ ਦੀ ਪਰੰਪਰਾ ਤੋੜ ਦਿੱਤੀ ਅਤੇ ਗੋਵਰਧਨ ਪੂਜਾ ਨੂੰ ਸਵੀਕਾਰ ਕੀਤਾ। ਇਸ ਘਟਨਾ ਨਾਲ ਕੰਸ, ਜਰਾਸੰਘ ਆਦਿ ਲੋਕਾਂ ਦੀ ਧਾਰਨਾ ਨੂੰ ਬੜਾ ਧੱਕਾ ਲੱਗਿਆ। ਕ੍ਰਿਸ਼ਨ ਨੇ ਸਾਧਾਰਣ ਮਾਨਵ ਨੂੰ ਸਮਝਾਇਆ ਕਿ ਜੇਬ ਵਿਚ ਭਲੇ ਹੀ ਦਮੜੀ ਨਾ ਹੋਵੇ, ਪਰ ਤੇਜ਼ਸਵਿਤਾ ਨਾਲ ਅਤੇ ਨਿਸ਼ਠਾ ਨਾਲ ਇਕੱਠੇ ਹੋ ਕੇ ਸਾਹ ਵੀ ਲਵੋਗੇ ਤਾਂ ਜਗਤ ਬਦਲ ਜਾਵੇਗਾ। ਭਗਵਦ ਕਾਰਜ ਦੇ ਬਿਨਾਂ ਸਵਾਰਥ ਨਾਲ ਕਰਦੇ ਰਹੋ, ਪ੍ਰਭੂ ਤੁਹਾਡੇ ਪਿੱਛੇ ਖੜ੍ਹਿਆ ਹੈ।

ਮੂਸਲਾਧਾਰ ਬਾਰਿਸ਼, ਬਿਜਲੀ ਦੀ ਕੜਕੜਾਹਟ, ਬੱਦਲਾਂ ਦੇ ਝੁਰਮਟ, ਸਾਰੀ ਧਰਤੀ ਜਲ ਥਲ ਐਸੇ ਸਮੇਂ ਸ਼ ?ਰੀ ਕ੍ਰਿਸ਼ਨ ਦਾ ਜਨਮ ਹੋਇਆ। ਜਦ ਜੀਵਨ ਵਿਚ ਅੰਧਕਾਰ ਵਧਦਾ ਹੈ, ਨਿਰਾਸ਼ਾ ਦੇ ਬੱਦਲ ਛਾ ਜਾਂਦੇ ਹਨ, ਮੁਸੀਬਤਾਂ ਦਾ ਹੜ੍ਹ ਆ ਜਾਂਦਾ ਹੈ, ਦੁੱਖ-ਆਫ਼ਤਾਂ ਸਿਰ ਚੜ੍ਹ ਕੇ ਬੋਲਦੇ ਹਨ ਤਦ ਭਗਵਾਨ ਸ੍ਰੀ ਕ੍ਰਿਸ਼ਨ ਜਨਮ ਲੈਂਦੇ ਹਨ।

ਵਿਆਪਤ ਅੰਧਕਾਰ ਵਿਚ ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਫੁੱਟ ਨਿਕਲਦੀਆਂ ਹਨ, ਅਸਮਾਨ ਵਿਚ ਸੂਰਜ ਅਪਣੀ ਸ਼ੋਭਾ ਨੂੰ ਵਧਾਉਂਦਾ ਹੈ ਤਦ ਮਾਨਵਤਾ ਆਨੰਦ ਨਾਲ ਪੁਲਕਿਤ ਹੁੰਦੀ ਹੈ ਸਾਮਰਾਜਵਾਦ ਦੀਆਂ ਮੁਸੀਬਤਾਂ ਵਿਚ ਪਿਸਦੇ ਹੋਏ ਸਮਾਜ ਨੂੰ ਉਸਦਾ ਤਾਰਨਹਾਰ ਮਿਲੇ, ਸੱਤਾ ਅਤੇ ਸੰਪਤੀ ਦੇ ਸ਼ੋਸ਼ਣ ਤੋਂ ਛੁਡਾਉਣ ਵਾਲਾ ਮੁਕਤੀਦਾਤਾ ਮਿਲੇ, ਗ਼ਰੀਬਾਂ, ਬੇਸਹਾਰਿਆਂ ਨੂੰ ਮਸੀਹਾ ਮਿਲੇ, ਡੁੱਬਦੇ ਹੋਏ ਨੂੰ ਕਿਨਾਰਾ ਦੇਣ ਵਾਲਾ ਅਤੇ ਅਧਿਆਤਮਿਕ ਵਿਅਕਤੀ ਨੂੰ ਉਧਾਰਕ ਮਿਲੇ ਤਾਂ ਤਦ ਆਨੰਦ ਵਿਭੋਰ ਹੋ ਕੇ ਕੌਣ ਨਈਂ ਨੱਚਦਾ ਫਿਰ ਮੁਕਤੀਦਾਤਾ, ਮਾਨਵਤਾਵਾਦੀ, ਗੀਤਾ ਦੇ ਉਦਾਰਤਾ, ਲੋਕਾਂ ਨੂੰ ਤਾਰਨ ਵਾਲਾ ਅਤੇ ਉਧਾਰਕ ਕ੍ਰਿਸ਼ਨ ਦਾ ਜਨਮ ਹੋਇਆ ਅਤੇ ਸਾਰੇ ਦੁੱਖ ਸੰਤਾਪ ਨੂੰ ਭੁੱਲ ਕੇ ਆਨੰਦ-ਉਲਾਸ, ਖ਼ੁਸ਼ੀ ਵਿਚ ਲੋਕ ਨੱਚਣ ਲੱਗੇ ਅਤੇ ਉਹ ਦਿਨ ਜਨਮ ਅਸ਼ਟਮੀ ਦੇ ਨਾਂਅ ਨਾਲ ਪ੍ਰਸਿੱਧ ਹੋਇਆ।

ਭਗਵਾਨ ਸ਼੍ਰੀ ਕ੍ਰਿਸ਼ਨ ਵਿਚ ਮਾਨਵਤਾ ਦੇ ਸਾਰੇ ਗੁਣ ਸਨ। ਉਹ ਇਕ ਸੱਚੇ ਮਿੱਤਰ (ਕ੍ਰਿਸ਼ਨ-ਸੁਦਾਮਾ ਪ੍ਰਸੰਗ), ਰਾਜਿਆਂ ਵਰਗੇ, ਪਿਤਾ ਅਤੇ ਪੁੱਤਰ ਵਰਗੇ, ਭਗਤਾਂ ਨੂੰ ਖ਼ੁਦ ਭਗਵਾਨ ਲਗਦੇ ਸਨ। ਉਨ੍ਹਾਂ ਦੇ ਮਸਤਕ ਦੀ ਸ਼ੋਭਾ ਵਿਚ ਸੂਰਜ ਵਰਗਾ ਆਕਰਸ਼ਣ ਸੀ। ਸ਼ਾਂਤ, ਨਿਰਮਲ ਅਤੇ ਮੌਕੇ 'ਤੇ ਸਹੀ ਫ਼ੈਸਲਾ ਲੈਣ ਵਾਲੇ, ਲੋਕਾਂ ਵਿਚ ਪਿਆਰ ਵੰਡਣ ਵਾਲੇ, ਉਨ੍ਹਾਂ ਦੇ ਆਕਰਸ਼ਣ ਵਿਚ, ਬਾਣੀ ਵਿਚ ਇਕ ਐਸੀ ਖ਼ੁਸ਼ਬੂ ਸੀ ਜਿਸ ਨੂੰ ਪਾ ਕੇ ਸਾਰੇ ਆਨੰਦ-ਵਿਭੋਰ ਹੋ ਜਾਂਦੇ। ਵੈਸੇ ਵੀ ਜਨਮ ਅਸ਼ਟਮੀ ਹਰ ਸਾਲ ਆਉਂਦੀ ਹੈ, ਲੋਕਾਂ ਨੂੰ ਕਿੰਨਾ ਆਨੰਦ ਦਿੰਦੀ ਹੈ। ਕ੍ਰਿਸ਼ਨ ਦਾ ਜਨਮ ਹੀ ਇਸ ਤਰ੍ਹਾਂ ਦਾ ਹੈ। ਜਨਮ ਅਸ਼ਟਮੀ ਭਾਵ ਕਿ ਪ੍ਰਭੂ ਪ੍ਰੇਮੀਆਂ ਦਾ ਆਨੰਦ ਦੀ ਅਵਸਥਾ।

ਸਭ ਦ੍ਰਿਸ਼ਟੀਆਂ ਵਿਚ ਕ੍ਰਿਸ਼ਨ ਪੂਰਨ ਅਵਤਾਰ ਸਨ। ਉਨ੍ਹਾਂ ਦੇ ਜੀਵਨ ਵਿਚ ਕੋਈ ਵੀ ਉਂਗਲੀ ਉਠਾਉਣ ਵਾਲਾ ਨਹੀਂ ਹੈ। ਉਹ ਸੰਪੂਰਨ ਸਨ। ਉਹ ਅਧਿਆਤਮਿਕ, ਨੈਤਿਕਤਾਵਾਦੀ, ਸਮਾਜ ਉਧਾਰਕ, ਰਾਜਨੀਤਕ, ਸੰਸਕ੍ਰਿਤੀ ਦੇ ਸਵਾਮੀ ਆਦਿ ਗੁਣਾਂ ਦਾ ਗਹਿਰਾ ਸਮੁੰਦਰ ਸਨ। ਉਹ ਯਸ਼ਸਵੀ, ਰਾਜਨਾਇਕ, ਜੇਤੂ ਯੋਧਾ, ਧਰਮ ਸਾਮਰਾਜ ਦਾ ਨਿਰਮਾਤਾ, ਮਾਨਵ-ਵਿਕਾਸ ਕਰਨ ਵਾਲੇ, ਧਰਮ ਦਾ ਮਹਾਨ ਪ੍ਰਵਚਨਕਾਰ, ਭਕਤਵਤਸਲ ਅਤੇ ਗਿਆਨੀਆਂ ਅਤੇ ਜਗਿਆਸੂਆਂ ਦੀ ਜਗਿਆਸਾ ਪੂਰੀ ਕਰਨ ਵਾਲੇ ਜਗਤਗੁਰੂ ਭਾਵ ਸ੍ਰੀ ਕ੍ਰਿਸ਼ਨ।

ਭਗਵਾਨ ਸ੍ਰੀ ਕ੍ਰਿਸਨ ਨੇ ਬੁਰਾਈ ਦਾ ਨਾਸ਼ ਕੀਤਾ ਅਤੇ ਅੱਛਾਈ (ਚੰਗਿਆਈ) ਦੀ ਖ਼ੁਸ਼ਬੂ ਪੈਦਾ ਕੀਤੀ। ਗੋਪਾਲਾਂ ਨਾਲ ਮਿਲ ਕੇ ਉਨ੍ਹਾਂ ਨੇ ਸਮਾਜ ਬਦਲ ਦਿੱਤਾ। ਉਨ੍ਹਾਂ ਪਾਪ ਅਤੇ ਦੰਭ ਦਾ ਨਾਸ਼ ਕੀਤਾ। ਨਾਗ ਜਾਤੀ ਦੇ ਦ੍ਰਿਸ਼ਟ ਰਾਜਾ ਦਾ ਨਾਸ ਕੀਤਾ। ਭਗਵਾਨ ਸ੍ਰੀ ਕ੍ਰਿਸ਼ਨ ਨੇ ਪੈਸੇ ਵਾਲਿਆਂ ਦਾ ਪੂਜਣ ਬੰਦ ਕਰਕੇ 'ਗੋ' ਯਾਨੀ ਉਪਨਿਸ਼ਦਾਂ ਦਾ ਪੂਜਣ ਸ਼ੁਰੂ ਕਰਵਾਇਆ। ਗੋਪਾਲਾ ਨੂੰ ਸਿਹਤਮੰਦ ਰੱਖਣ ਲਈ ਮੱਖਣ ਖਵਾਉਂਦੇ ਸਨ। ਗੋਪਾਲਕਾਂ ਵਿਚ ਸੰਗਠਤਾ ਆਉਂਦੀ ਸੀ। ਸੁੱਖ ਅਤੇ ਸ਼ਾਂਤੀ ਵਧਦੀ ਸੀ।

ਸੰਸਕ੍ਰਿਤੀ ਦੇ ਲਈ ਉਨ੍ਹਾਂ ਦਾ ਹਿਰਦੇ ਤਦ ਦੁਖੀ ਹੁੰਦਾ ਸੀ ਇਸ ਲਈ ਤਾਂ ਜਦੋਂ ਦੁਰਯੋਧਨ, ਕੰਸ, ਕਾਲਯਵਨ, ਨਰਕਾਸੁਰ, ਸ਼ਿਸ਼ੂਪਾਲ ਅਤੇ ਜਰਾਸੰਘ ਵਰਗੇ ਜੜ੍ਹਵਾਦੀ, ਆਸੁਰੀ ਸੰਸਕ੍ਰਿਤੀ ਦੇ ਪ੍ਰਚਾਰਕ ਤਾਂਡਵ ਨਾਚ ਕਰ ਰਹੇ ਸਨ। ਸੰਸਕ੍ਰਿਤੀ ਪ੍ਰੇਮੀ ਪਾਂਡਵਾਂ ਦੇ ਉਹ ਸਦਾ ਦੇ ਲਈ ਮਾਰਗਦਰਸ਼ਨ ਰਹੇ। ਮੁਸ਼ਕਿਲ ਕਾਲ ਦੇ ਪ੍ਰਸੰਗ ਵਿਚ ਅਤੇ ਮੁਸੀਬਤ ਸਮੇਂ ਉਹ ਪਾਂਡਵਾਂ ਨੂੰ ਬਚਾ ਲੈਂਦੇ ਸਨ। ਅਨੁਸ਼ਾਸਨਹੀਣਤਾ ਕਰਕੇ ਹੀ ਕੌਰਵਾਂ ਦੀ ਹਾਰ ਹੋਈ।

ਭਗਵਾਨ ਸ਼੍ਰੀ ਕ੍ਰਿਸ਼ਨ ਜੋ ਕਰਮ ਨੂੰ ਪ੍ਰਾਥਮਿਕਤਾ ਦਿੰਦੇ ਹਨ। ਉਨ੍ਹਾਂ ਦੀ ਪ੍ਰਤਿਮਾ ਨੂੰ ਦੇਖ ਕੇ ਸ਼ਾਂਤੀ ਮਿਲਦੀ ਹੈ। ਹੋਠਾਂ 'ਤੇ ਮੁਰਲੀ ਮਧੁਰ ਸੰਗੀਤ ਦੀ ਚਿੰਨ੍ਹ। ਮਸਤਕ ਮੁਕਟ ਉਪਰ ਮੋਰ ਪੰਖ, ਗਲੇ ਵਿਚ ਮਾਲਾ, ਨਾਲ ਨਾਲ ਗਊ (ਗਾਂ) ਇਹ ਸਭ ਚਿੰਨ੍ਹ ਸ਼ਾਂਤੀ ਅਤੇ ਸੁਖਦ ਪ੍ਰੇਮ ਨੂੰ ਦਰਸਾਂਦੇ ਹਨ।

ਭਗਤੀ ਅਤੇ ਗਿਆਨ ਜਿਸਨੇ ਵੀ ਜੀਵਨ ਵਿਚ ਉਤਾਰਿਆ ਹੈ ਐਸੇ ਨਿਸ਼ਕਾਮ ਕਰਮਯੋਗੀ ਦੀ ਜਾਣਕਾਰੀ ਸ੍ਰੀ ਕ੍ਰਿਸ਼ਨ ਨੇ ਗੀਤਾ ਵਿਚ ਦਿੱਤੀ ਹੈ।

ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਗੋਪੀਆਂ ਉਨ੍ਹਾਂ ਦੇ ਵਿਸ਼ੇਸ ਗੁਣ ਹਨ। ਭਗਵਾਨ ਸ੍ਰੀ ਕ੍ਰਿਸ਼ਨ ਦੇ ਗੁਣਾਂ ਨੂੰ ਹੀ ਗੋਪੀਆਂ ਕਹਿੰਦੇ ਹਨ। ਕ੍ਰਿਸ਼ਨ ਭਗਵਾਨ ਭਾਰਤ ਦੇ ਯੁੱਗ ਪੁਰਸ਼ ਸਨ। ਅੱਜ ਦੇ ਦਿਨ ਸਾਰੇ ਭਾਰਤ ਵਾਸੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਸਾਸ਼ਤਰ ਉਪਰ ਚੱਲਣਾ ਚਾਹੀਦਾ ਹੈ। ਜਾਤ-ਪਾਤ, ਰੰਗ ਰੂਪ, ਵਰਣ ਭੇਣ ਛੱਡ ਕੇ ਭਾਰਤ ਦੇ ਸੱਚੇ ਕਰਮਸ਼ੀਲ ਬਣਨਾ ਚਾਹੀਦਾ ਹੈ। ਜਨਮ ਅਸ਼ਟਮੀ ਮਨਾਓ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਹੋ ਜਾਓ।

# ਭਗਵਾਨ ਵਿਸ਼ਨੂੰ ਜੀ ਦੇ ਅੱਠਵੇਂ ਅਵਤਾਰ ਸਨ ਭਗਵਾਨ ਸ਼੍ਰੀ ਕ੍ਰਿਸ਼ਨ ਜੀ





ਭਾਦੋਂ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅਸ਼ਟਮੀ ਤਿਥੀ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਉਤਸਵ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਮੰਦਰਾਂ 'ਚ ਵਿਸ਼ੇਸ਼ ਤੌਰ 'ਤੇ ਪੂਜਾ ਕੀਤੀ ਜਾਂਦੀ ਹੈ। ਦਿਨ ਭਰ ਦਾ ਰੱਖਿਆ ਵਰਤ ਖੋਲ੍ਹਿਆ ਜਾਂਦਾ ਹੈ। ਸ਼੍ਰੀ ਕ੍ਰਿਸ਼ਨ ਜੀ ਨੂੰ ਭਗਵਾਨ ਵਿਸ਼ਨੂੰ ਜੀ ਦੇ ਹੋਏ ਅਵਤਾਰਾਂ ਵਿੱਚੋਂ ਅੱਠਵਾਂ ਅਵਤਾਰ ਮੰਨਿਆ ਗਿਆ ਹੈ।

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਕਥਾ ਜਾਣਕਾਰੀ ਅਨੁਸਾਰ ਕਿਹਾ ਗਿਆ ਹੈ ਕਿ ਦੁਆਪਰ ਯੁੱਗ 'ਚ ਜਦੋਂ ਧਰਤੀ 'ਤੇ ਅੱਤਿਆਚਾਰ ਵੱਧ ਗਏ ਸਨ ਤਾਂ ਧਰਤੀ ਗਊ ਦੇ ਰੂਪ 'ਚ ਸ਼੍ਰਿਸ਼ਟੀਕਰਤਾ ਸ਼੍ਰੀ ਬ੍ਰਹਮਾ ਜੀ ਅਤੇ ਸਭ ਦੇਵਤਿਆਂ ਕੋਲ ਗਈ ਅਤੇ ਧਰਤੀ 'ਤੇ ਫੈਲੇ ਅੱਤਿਆਚਾਰ ਅਤੇ ਪਾਪਾ ਬਾਰੇ ਦੱਸਿਆ ਤਾਂ ਇਹ ਸਭ ਬ੍ਰਹਮਾ ਜੀ ਸਮੇਤ ਵਿਸ਼ਨੂੰ ਜੀ ਕੋਲ ਕਸ਼ੀਰ ਸਾਗਰ ਪੁੱਜੇ ਅਤੇ ਉਨ੍ਹਾਂ ਦੀ ਉਸਤਤ ਕੀਤੀ। ਵਿਸ਼ਨੂੰ ਜੀ ਨੇ ਸਭਨਾਂ ਦੇ ਆਉਣ ਦਾ ਕਾਰਨ ਪੁੱਛਿਆ ਤਾਂ ਧਰਤੀ ਨੇ ਕਿਹਾ ਕਿ ਮਹਾਰਾਜ ਮੇਰੇ ਉੱਪਰ ਬਹੁਤ ਅੱਤਿਆਚਾਰ ਹੋ ਰਹੇ ਹਨ। ਮੈਂ ਇਨ੍ਹਾਂ ਅਤਿਆਚਾਰਾਂ (ਪਾਪਾਂ) ਨੂੰ ਸਹਿਣ ਨਹੀਂ ਕਰ ਸਕਦੀ।

ਇਹ ਸੁਣ ਕੇ ਭਗਵਾਨ ਵਿਸ਼ਨੂੰ ਜੀ ਨੇ ਕਿਹਾ ਕਿ ਮੈਂ ਬ੍ਰਿਜਮੰਡਲ ਵਿਖੇ ਵਾਸੂਦੇਵ ਦੀ ਪਤਨੀ ਕੰਸ ਦੀ ਭੈਣ ਦੇਵਕੀ ਦੇ ਅੱਠਵੇਂ ਗਰਭ ਦੇ ਰੂਪ ਵਿੱਚ ਜਨਮ ਲੈ ਕੇ ਧਰਤੀ 'ਤੇ ਪੈਦਾ ਹੋ ਰਹੇ ਪਾਪਾਂ ਨੂੰ ਖਤਮ ਕਰਨ ਲਈ ਅਵਤਾਰ ਲਵਾਂਗਾ। ਤੁਸੀਂ ਸਭ ਬ੍ਰਿਜ ਭੂਮੀ 'ਤੇ ਜਾ ਕੇ ਯਾਦਵ ਕੁਲ ਆਪਣਾ ਸਰੀਰ ਧਾਰਨ ਕਰੋ। ਇਸ ਲਈ ਧਰਤੀ 'ਤੇ ਸਾਰੇ ਦੇਵਤੇ ਬ੍ਰਿਜ 'ਤੇ ਆਏ। ਯਾਦਵ ਕੁਲ ਵਿੱਚ ਨੰਦ ਯਸ਼ੋਦਾ ਅਤੇ ਗੋਪੀਆਂ ਦੇ ਰੂਪ ਵਿੱਚ ਪੈਦਾ ਹੋਏ।

ਇਸ ਦੌਰਾਨ ਕੁੱਝ ਸਮੇਂ ਬਾਅਦ ਹੀ ਵਾਸੂਦੇਵ, ਜਿਨ੍ਹਾਂ ਦਾ ਵਿਆਹ ਹਾਲ ਹੀ 'ਚ ਦੇਵਕੀ ਨਾਲ ਹੋਇਆ, ਜੋ ਰਾਜਾ ਕੰਸ ਦੀ ਭੈਣ ਸੀ। ਰਾਜਾ ਕੰਸ-ਵਾਸੂਦੇਵ ਤੇ ਦੇਵਕੀ ਗੋਕੁਲ ਜਾ ਰਹੇ ਸਨ ਤਾਂ ਅਚਾਨਕ ਆਕਾਸ਼ਬਾਣੀ ਹੋਈ ਕਿ ਐ ਰਾਜਾ ਕੰਸ ਜਿਸ ਦੇਵਕੀ ਭੈਣ ਨੂੰ ਨਾਲ ਲੈ ਕੇ ਜਾ ਰਿਹਾ ਹੈ। ਇਸੇ ਦੇਵਕੀ ਦੇ ਅੱਠਵੇਂ ਗਰਭ ਵਿੱਚ ਪੈਦਾ ਹੋਣ ਵਾਲਾ ਪੁੱਤਰ ਤੇਰਾ ਕਾਲ ਹੋਵੇਗਾ। ਇਹ ਸੁਣਦੇ ਹੀ ਰਾਜਾ ਕੰਸ ਤਲਵਾਰ ਕੱਢ ਕੇ ਦੇਵੀ ਭੈਣ ਦੇਵਕੀ ਨੂੰ ਮਾਰਨ ਲਈ ਅੱਗੇ ਵਧਿਆ ਤਾਂ ਵਾਸੂਦੇਵ ਨੇ ਕਿਹਾ ਕਿ ਹੇ ਰਾਜਾ ਕੰਸ ਤੈਨੂੰ ਆਪਣੀ ਭੈਣ ਦੀ ਹੱਤਿਆ ਕਰਨਾ ਸ਼ੋਭਾ ਨਹੀਂ ਦਿੰਦਾ, ਇਹ ਬੇਕਸੂਰ ਹੈ। ਜੇਕਰ ਤੈਨੂੰ ਅੱਠਵੇਂ ਗਰਭ ਤੋਂ ਡਰ ਹੈ ਤਾਂ ਮੈਂ ਅੱਠਵਾਂ ਕੀ ਸਾਰੀਆਂ ਅੱਠ ਸੰਤਾਨਾਂ ਤੈਨੂੰ ਸੌਂਪਦਾ ਰਹਾਂਗਾ ਤਾਂ ਫਿਰ ਤੈਨੂੰ ਕੌਣ ਮਾਰ ਸਕੇਗਾ। ਜਿਸ 'ਤੇ ਕੰਸ ਮੰਨ ਗਿਆ ਅਤੇ ਦੇਵਕੀ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਕੀਤੇ ਵਚਨ ਅਨੁਸਾਰ ਵਾਸੂਦੇਵ-ਦੇਵਕੀ ਆਪਣੀਆਂ ਸੱਤ ਸੰਤਾਨਾਂ ਰਾਜਾ ਕੰਸ ਨੂੰ ਸੌਂਪਦੇ ਰਹੇ ਤੇ ਉਹ ਉਨ੍ਹਾਂ ਨੂੰ ਮਾਰਦਾ ਰਿਹਾ। ਜਦੋਂ ਅੱਠਵੇਂ ਗਰਭ ਦੀ ਗੱਲ ਰਾਜਾ ਕੰਸ ਨੂੰ ਪਤਾ ਲੱਗੀ ਤਾਂ ਜੇਲ੍ਹ ਦਾ ਸਖਤ ਪਹਿਰਾ ਹੋਰ ਵੀ ਸਖਤ ਕਰ ਦਿੱਤਾ। ਜਦੋਂ ਭਾਦੋਂ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅੱਠਵੀਂ ਤਿਥੀ ਨੂੰ ਰਾਤ 12 ਵਜੇ ਰੋਹਿਣੀ ਨਕਸ਼ਤਰ ਵਿੱਚ ਜੇਲ੍ਹ 'ਚ ਸ਼੍ਰੀ ਵਿਸ਼ਨੂੰ ਜੀ ਸ਼੍ਰੀ ਕ੍ਰਿਸ਼ਨ ਦੇ ਰੂਪ ਵਿੱਚ ਪ੍ਰਗਟ ਹੋਏ ਤਾਂ ਲੀਲਾਧਾਰੀ ਭਗਵਾਨ ਦੀ ਇਹ ਲੀਲਾ ਦੇਖ ਕੇ ਵਾਸੂਦੇਵ ਅਤੇ ਦੇਵਕੀ ਉਨ੍ਹਾਂ ਦੇ ਚਰਨਾਂ ਵਿੱਚ ਡਿੱਗ ਪਏ।

ਉਨ੍ਹਾਂ ਬਾਲ ਰੂਪ ਵਿੱਚ ਆ ਕੇ ਕਿਹਾ ਕਿ ਹੁਣੇ ਹੀ ਗੋਕੁਲ ਵਿੱਚ ਨੰਦ ਯਸ਼ੋਦਾ ਦੇ ਘਰ ਪਹੁੰਚਾ ਦੇਣ ਤੇ ਉਨ੍ਹਾਂ ਦੇ ਘਰ ਪੈਦਾ ਹੋਈ ਕੰਨਿਆ ਨੂੰ ਲੈ ਆਓ। ਤਾਂ ਵਾਸੂਦੇਵ ਜੀ ਨੇ ਕਿਹਾ ਕਿ ਮੇਰੇ ਹੱਥਕੜੀਆਂ-ਬੇੜੀਆਂ ਪਈਆਂ ਹੋਈਆਂ ਹਨ ਤੇ ਜੇਲ੍ਹ ਦੇ ਸਾਰੇ ਦਰਵਾਜ਼ੇ ਬੰਦ ਹਨ। ਤਾਂ ਭਗਵਾਨ ਨੇ ਕਿਹਾ ਕਿ ਤੁਸੀਂ ਚੱਲੋ ਸਭ ਠੀਕ ਹੋ ਜਾਵੇਗਾ। ਵਾਸੂਦੇਵ ਚੱਲੇ ਤਾਂ ਜੇਲ੍ਹ ਦੇ ਦਰਵਾਜ਼ੇ ਖੁੱਲ੍ਹੇ ਨਜ਼ਰ ਆਏ, ਸਾਰੇ ਪਹਿਰੇਦਾਰ ਸੁੱਤੇ ਦਿਖਾਈ ਦਿੱਤੇ। ਭਾਰੀ ਮੀਂਹ ਪੈ ਰਿਹਾ ਸੀ। ਰਸਤੇ ਵਿੱਚ ਪੈਂਦੀ ਜਮੁਨਾ ਨਦੀ ਦਾ ਪਾਣੀ, ਵਾਸੂਦੇਵ ਦੇ ਪੈਰ ਪਾਉਂਦਿਆਂ ਹੀ ਉਛਲਣ ਲੱਗਾ। ਵਾਸੂਦੇਵ ਜੀ ਦੇ ਗਲ ਤੱਕ ਪਾਣੀ ਪੁੱਜ ਗਿਆ। ਜਦੋਂ ਯਮੁਨਾ ਦਾ ਪਾਣੀ ਬਾਲ ਕ੍ਰਿਸ਼ਨ ਦੇ ਪੈਰਾਂ ਨੂੰ ਛੂਹਿਆ ਤਾਂ ਇੱਕ ਦਮ ਸ਼ਾਂਤ ਹੋ ਗਿਆ।

ਵਾਸੁਦੇਵ ਜੀ ਜਮੁਨਾ ਪਾਰ ਕਰਕੇ ਗੋਕੁਲ ਪੁੱਜੇ ਅਤੇ ਉੱਥੇ ਨੰਦ ਜੀ ਦੇ ਘਰ ਮਾਤਾ ਯਸ਼ੋਦਾ ਦੇ ਪੈਦਾ ਹੋਈ ਕੰਨਿਆ ਤੇ ਯਸ਼ੋਦਾ ਸੁੱਤੇ ਮਿਲੇ। ਉਥੋ ਦੇ ਦਰਵਾਜ਼ੇ ਵੀ ਖੁੱਲ੍ਹੇ ਸਨ। ਇਹ ਦੇਖ ਕੇ ਵਾਸੁਦੇਵ ਜੀ ਨੇ ਬਾਲ ਕ੍ਰਿਸ਼ਨ ਨੂੰ ਉੱਥੇ ਸੁਲਾ ਦਿੱਤਾ ਅਤੇ ਸੁੱਤੀ ਹੋਈ ਕੰਨੀਆਂ ਨੂੰ ਲੈ ਲਿਆ ਤੇ ਵਾਪਸ ਮਥੁਰਾ ਆ ਗਏ। ਉੱਥੇ ਉਸੇ ਤਰ੍ਹਾਂ ਦਰਵਾਜੇ ਖੁੱਲ੍ਹੇ ਅਤੇ ਫਿਰ ਬੰਦ ਹੋ ਗਏ ਸਨ। ਪਹਿਰੇਦਾਰ ਜਾਗ ਗਏ ਅਤੇ ਦੇਵਕੀ ਨੂੰ ਸੌਂਪਦੇ ਕੰਨਿਆਂ ਦੇ ਰੋਣ ਦੀ ਆਵਾਜ਼ ਆਉਣ ਲੱਗੀ। ਕੰਨਿਆਂ ਦੀ ਆਵਾਜ਼ ਸੁਣ ਕੇ ਪਹਿਰੇਦਾਰਾਂ ਨੇ ਤੁਰੰਤ ਰਾਜਾ ਕੰਸ ਨੂੰ ਸੂਚਿਤ ਕੀਤਾ।

ਸਵੇਰੇ ਹੁੰਦੇ ਹੀ ਅੱਤਿਆਚਾਰੀ ਰਾਜਾ ਕੰਸ ਨੇ ਜੇਲ੍ਹ ਵਿੱਚ ਆ ਕੇ ਕੰਨਿਆਂ ਨੂੰ ਲਿਆ ਅਤੇ ਉਸ ਨੂੰ ਪੱਥਰ 'ਤੇ ਪਟਕ ਕੇ ਮਾਰਨਾ ਚਾਹਿਆ ਤਾਂ ਉਹ ਮਾਇਆ ਰੂਪੀ ਕੰਨਿਆ ਹੱਥਾਂ ਵਿੱਚੋਂ ਨਿਕਲ ਕੇ ਆਕਾਸ਼ ਵੱਲ ਉੱਡ ਨਿਕਲੀ। ਦੇਵੀ ਰੂਪ ਵਿੱਚ ਪ੍ਰਗਟ ਹੋ ਕੇ ਉਸ ਕੰਨਿਆ ਨੇ ਕਿਹਾ ਕਿ ਹੇ ਰਾਜਾ ਕੰਸ ਤੇਰਾ ਕਾਲ ਤਾਂ ਗੋਕੁਲ ਵਿੱਚ ਹੀ ਪਹਿਲਾਂ ਪੈਦਾ ਹੋ ਗਿਆ ਹੈ ਤਾਂ ਰਾਜ ਕੰਸ ਦੀ ਬੇਚੈਨੀ ਹੋਰ ਵੱਧ ਗਈ। ਉਸ ਨੇ ਗੋਕੁਲ ਵਿਖੇ ਪੈਦਾ ਹੋਏ ਨਵਜੰਮੇ ਬੱਚਿਆਂ ਦਾ ਪਤਾ ਲਗਾ ਕੇ ਬਾਲ ਕ੍ਰਿਸ਼ਨ ਨੂੰ ਮਾਰਨ ਦੇ ਅਨੇਕ ਯਤਨ ਕੀਤੇ ਪਰ ਅੰਤ ਸ਼੍ਰੀ ਕ੍ਰਿਸ਼ਨ ਜੀ ਨੇ ਬਚਪਨ ਕਾਲ ਵਿੱਚ ਹੀ ਕੰਸ ਵੱਲੋਂ ਰੱਖੇ ਗਏ ਮੱਲ ਯੁੱਧ ਵਿੱਚ ਸ਼ ?ਰੀ ਕ੍ਰਿਸ਼ਨ ਨੂੰ ਬੁਲਾਇਆ, ਜਿੱਥੇ ਸ਼ ?ਰੀ ਕ੍ਰਿਸ਼ਨ ਜੀ ਨੇ ਰਾਜਾ ਕੰਸ ਦਾ ਅੰਤ ਕਰ ਕੇ ਧਰਤੀ ਨੂੰ ਰਾਜਾ ਕੰਸ ਦੇ ਪਾਪਾਂ ਤੋਂ ਮੁਕਤ ਕਰਵਾਇਆ। ਉਸ ਸਮੇਂ ਤੋਂ ਹੀ ਸ਼ ?ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਇਹ ਤਿਉਹਾਰ ਮਥੁਰਾ ਅਤੇ ਬ੍ਰਿੰਦਾਬਣ ਵਿਖੇ ਜਨਮ ਅਸ਼ਟਮੀ ਦੇ ਨਾਮ ਨਾਲ ਸਾਰੇ ਦੇਸ਼ ਵਿੱਚ ਵੀ ਮਨਾਇਆ ਜਾਂਦਾ ਹੈ।

# ਸਲਾਨਾ ਗੱਤਕਾ ਮੁਕਾਬਲਿਆਂ 'ਚ ਯੂਕੇ ਦੀਆਂ 15 ਟੀਮਾਂ ਨੇ ਲਿਆ ਹਿੱਸਾ

## ਬਾਬਾ ਸੀਚੇਵਾਲ, ਸੰਸਦ ਮੈਂਬਰ ਢੇਸੀ ਤੇ ਸ਼ਰਮਾ ਸਣੇ ਗਰੇਵਾਲ ਨੇ ਜੇਤੂਆਂ ਨੂੰ ਵੰਡੇ ਇਨਾਮ



ਚੰਡੀਗੜ੍ਹ/ਹੇਜ਼, ਲੰਡਨ : 9ਵੀਂ ਯੂ.ਕੇ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ-2023 ਦੌਰਾਨ ਗੱਤਕੇਬਾਜ਼ਾਂ ਦੇ ਜੰਗਜੂ ਜੌਹਰ, ਸਮਰਪਣ ਅਤੇ ਖੇਡ ਹੁਨਰ ਦੇ ਸ਼ਾਨਦਾਰ ਪ੍ਰਦਰਸ਼ਨ ਦੌਰਾਨ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਓਵਰਆਲ ਚੈਂਪੀਅਨ ਬਣ ਕੇ ਉੱਭਰਿਆ ਜਦਕਿ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਟੀਮ ਉਪ ਜੇਤੂ ਰਹੀ। ਇਹ ਸਾਲਾਨਾ ਗੱਤਕਾ ਚੈਂਪੀਅਨਸ਼ਿਪ ਹੇਜ਼, ਲੰਡਨ ਦੇ ਗੁਰਦੁਆਰਾ ਨਾਨਕਸਰ ਗਰੀਬ ਨਿਵਾਜ ਦੇ ਮੈਦਾਨ ਵਿੱਚ ਸਫਲਤਾਪੂਰਵਕ ਸਮਾਪਤ ਹੋਈ ਜਿਸ ਵਿੱਚ ਬਰਤਾਨੀਆ ਦੇ ਵੱਖ-ਵੱਖ ਕਸਬਿਆਂ ਤੋਂ ਲੜਕੇ ਅਤੇ ਲੜਕੀਆਂ ਦੀਆਂ ਪੰਦਰਾਂ ਗੱਤਕਾ ਟੀਮਾਂ ਨੇ ਭਾਗ ਲਿਆ।

ਇਸ ਸਲਾਨਾ ਚੈਂਪੀਅਨਸ਼ਿਪ ਦਾ ਉਦਘਾਟਨ ਤਨਮਨਜੀਤ ਸਿੰਘ ਢੇਸੀ ਐਮ.ਪੀ., ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ, ਵਰਿੰਦਰ ਸ਼ਰਮਾ ਐਮ.ਪੀ., ਹਰਜੀਤ ਸਿੰਘ ਗਰੇਵਾਲ ਪ੍ਰਧਾਨ ਵਿਸ਼ਵ ਗੱਤਕਾ ਫੈਡਰੇਸ਼ਨ, ਬਾਬਾ ਅਮਰਜੀਤ ਸਿੰਘ ਗੁਰਦੁਆਰਾ ਨਾਨਕਸਰ ਗਰੀਬ ਨਿਵਾਜ ਅਤੇ ਡੇਵਿਡ ਬਰੋਗ ਹੇਜ ਟਾਊਨਸ਼ਿੱਪ ਨੇ ਸਾਂਝੇ ਤੌਰ ਤੇ ਕੀਤਾ। ਉਦਘਾਟਨ ਤੋਂ ਪਹਿਲਾਂ ਟੂਰਨਾਮੈਂਟ ਦੀ ਸਫਲਤਾ ਖਾਤਰ ਪ੍ਰਮਾਤਮਾ ਦਾ ਅਸ਼ੀਰਵਾਦ ਲੈਣ ਲਈ ਅਰਦਾਸ ਵੀ ਕੀਤੀ ਗਈ।

ਆਪਣੇ ਸੰਬੋਧਨ ਵਿੱਚ ਬਾਬਾ ਸੀਚੇਵਾਲ ਨੇ ਗੱਤਕਾ ਫੈਡਰੇਸ਼ਨ ਯੂਕੇ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਇਸ ਮਾਰਸ਼ਲ ਆਰਟ ਦਾ ਵਿਦੇਸ਼ਾਂ ਵਿੱਚ ਪ੍ਰਚਾਰ-ਪਸਾਰ ਤੇ ਪ੍ਰਫੁੱਲਤ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸੰਗਤ ਨੂੰ ਆਪਣੇ ਬੱਚਿਆਂ ਨੂੰ ਗੱਤਕਾ ਸਿਖਾਉਣ ਲਈ ਪ੍ਰੇਰਿਤ ਕੀਤਾ, ਕਿਉਂਕਿ ਇਹ ਵੱਡਮੁੱਲੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਸਵੈ-ਰੱਖਿਆ ਦੇ ਹੁਨਰ ਨਾਲ ਲੈਸ ਕਰਦਾ ਹੈ।

ਸਲੋਹ ਤੋਂ ਐਮ.ਪੀ ਤਨਮਨਜੀਤ ਸਿੰਘ ਢੇਸੀ, ਜੋ ਕਿ ਗੱਤਕਾ ਫੈਡਰੇਸ਼ਨ ਯੂ.ਕੇ ਦੇ ਪ੍ਰਧਾਨ ਵੀ ਹਨ, ਨੇ ਸਮੂਹ ਸੰਗਤਾਂ ਤੇ ਮੱਦਦ ਦੇਣ ਵਾਲੀਆਂ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਯੂ.ਕੇ. ਵਿੱਚ ਗੱਤਕਾ ਸੰਸਥਾ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਅਗਲੇ ਵਰ੍ਹੇ ਇਹ ਟੂਰਨਾਮੈਂਟ ਦੇਸ਼ ਦੇ ਗੱਤਕਾ ਖਿਡਾਰੀਆਂ ਲਈ ਹੋਰ ਵੀ ਮਹੱਤਵਪੂਰਨ ਉਪਰਾਲਾ ਸਾਬਤ ਹੋਵੇਗਾ।

ਹਰਜੀਤ ਸਿੰਘ ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਵੀ ਹਨ, ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਵਿਰਾਸਤ ਨਾਲ ਜੋੜੀ ਰੱਖਣ ਲਈ 'ਤਿੰਨ ਗੱਗਿਆਂ' - ਗੁਰਮੁਖੀ, ਗੁਰਬਾਣੀ ਅਤੇ ਗੱਤਕਾ - ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੁਨੀਆ ਭਰ ਦੇ ਸਮੂਹ ਗੁਰਦੁਆਰਿਆਂ ਨੂੰ ਇਨ੍ਹਾਂ 'ਤਿੰਨ ਗੱਗਿਆਂ' ਭਾਵ 'ਥਰੀ ਜੀ' ਲਈ ਮੁੱਖ ਸਿਖਲਾਈ ਕੇਂਦਰ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਗੱਤਕਾ ਫੈਡਰੇਸ਼ਨ ਯੂ.ਕੇ ਵੱਲੋਂ ਪਹਿਲੀ ਵਾਰ ਟੂਰਨਾਮੈਂਟ ਦੌਰਾਨ ਸੈਂਸਰਾਂ ਰਾਹੀਂ ਡਿਜੀਟਲ ਸਕੋਰਿੰਗ ਪ੍ਰਣਾਲੀ ਲਾਗੂ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਭਰੋਸਾ ਦਿੱਤਾ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਇਸ ਤਰ੍ਹਾਂ ਦੇ ਡਿਜੀਟਲ ਸਕੋਰਿੰਗ ਸਿਸਟਮ ਕੁੱਝ ਸੁਧਾਰ ਕਰਕੇ ਹੋਰਨਾਂ ਦੇਸ਼ਾਂ ਵਿੱਚ ਵੀ ਲਾਗੂ ਕਰੇਗੀ।

ਇਸ ਮੌਕੇ ਵਰਿੰਦਰ ਸ਼ਰਮਾ ਐਮ.ਪੀ., ਐਮਐਲਏ ਡਾ. ਉਂਕਾਰ ਸਿੰਘ ਸਹੋਤਾ, ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਤੇ ਪੰਜਾਬ ਟਾਈਮਜ ਦੇ ਰਜਿੰਦਰ ਸਿੰਘ ਪੁਰੇਵਾਲ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਜੀਤ ਸਿੰਘ ਧੰਜਲ ਟਰੱਸਟੀ, ਹਰਨੇਕ ਸਿੰਘ ਨੇਕਾ ਮੇਰੀਪੁਰੀਆ, ਸਰਬਜੀਤ ਸਿੰਘ ਗਰੇਵਾਲ ਸੇਫਟੈਕ ਸਲਿਊਸ਼ਨਜ, ਸੁਰਜੀਤ ਸਿੰਘ ਪੁਰੇਵਾਲ, ਆਪ ਆਗੂ ਮਨਜੀਤ ਸਿੰਘ ਸਾਲਾਪੁਰ, ਦਵਿੰਦਰ ਸਿੰਘ ਪਤਾਰਾ, ਹਰਮੀਤ ਸਿੰਘ ਵਿਰਕ, ਅਜਾਇਬ ਸਿੰਘ ਗਰਚਾ, ਰਵਿੰਦਰ ਸਿੰਘ ਖਹਿਰਾ, ਬਿੱਲਾ ਗਿੱਲ ਦੀਨੇਵਾਲੀਆ, ਬਲਬੀਰ ਸਿੰਘ ਗਿੱਲ, ਭਾਈ ਗਜਿੰਦਰ ਸਿੰਘ ਖਾਲਸਾ, ਕੌਂਸਲਰ ਰਾਜੂ ਸੰਸਾਰਪੁਰੀ, ਅਜੈਬ ਸਿੰਘ ਪੁਆਰ, ਕੌਂਸਲਰ ਕਮਲਪ੍ਰੀਤ ਕੌਰ, ਸਾਹਿਬ ਸਿੰਘ ਢੇਸੀ, ਮਨਪ੍ਰੀਤ ਸਿੰਘ ਬੱਧਨੀ, ਤਲਵਿੰਦਰ ਸਿੰਘ ਢਿੱਲੋਂ, ਹਰਬੰਸ ਸਿੰਘ ਕੁਲਾਰ, ਹਰਜੀਤ ਸਿੰਘ ਸਰਪੰਚ, ਮਨਦੀਪ ਸਿੰਘ ਭੋਗਲ, ਗੁਰਬਚਨ ਸਿੰਘ ਅਟਵਾਲ, ਡਾ: ਤਾਰਾ ਸਿੰਘ ਆਲਮ, ਨਿਸ਼ਾਨ ਸਿੰਘ ਸਲੋਹ ਆਦਿ ਵੀ ਹਾਜ਼ਰ ਸਨ।

ਇਸ ਚੈਂਪੀਅਨਸ਼ਿੱਪ ਵਿੱਚ ਦਸ ਵੱਖ-ਵੱਖ ਗੱਤਕਾ ਅਖਾੜਿਆਂ ਦੀਆਂ ਪੰਦਰਾਂ ਗੱਤਕਾ ਟੀਮਾਂ ਨੇ ਭਾਗ ਲਿਆ ਜਿੰਨ੍ਹਾਂ ਵਿੱਚ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ, ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਇਰਥ, ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ, ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਵੂਲਵਿਚ, ਅਕਾਲ ਸਹਾਇ ਗੱਤਕਾ ਅਖਾੜਾ ਸਾਊਥਾਲ, ਬਾਬਾ ਫਤਿਹ ਸਿੰਘ ਗੱਤਕਾ ਅਖਾੜਾ ਸਾਊਥਾਲ, ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਲੇਟਨ, ਫੂਲਾ ਸਿੰਘ ਗੱਤਕਾ ਅਖਾੜਾ ਕੋਵੈਂਟਰੀ, ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਸਾਊਥੈਂਪਟਨ, ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਗ੍ਰੇਵਜੈਂਡ ਅਤੇ ਪਾਤਸ਼ਾਹੀ ਛੇਵੀਂ ਗੱਤਕਾ ਅਖਾੜਾ ਵੂਲਵਰਹੈਂਪਟਨ ਸ਼ਾਮਲ ਸਨ।

ਇਸ ਟੂਰਨਾਮੈਂਟ ਦੌਰਾਨ ਵੱਖ-ਵੱਖ ਉਮਰ ਵਰਗਾਂ ਦੇ ਗੱਤਕਾ ਮੁਕਾਬਲੇ ਨਾਕਆਊਟ ਵਿਧੀ ਦੇ ਆਧਾਰ 'ਤੇ ਕਰਵਾਏ ਗਏ। ਅੰਡਰ-14 ਲੜਕਿਆਂ ਦੇ ਟੀਮ ਮੁਕਾਬਲੇ ਵਿੱਚ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਨੇ ਪਹਿਲਾ ਸਥਾਨ ਹਾਸਲ ਕੀਤਾ, ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਨੇ ਦੂਜਾ ਸਥਾਨ ਹਾਸਲ ਕੀਤਾ। ਲੜਕਿਆਂ ਦੇ ਅੰਡਰ-18 ਟੀਮ ਮੁਕਾਬਲੇ ਵਿੱਚ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਨੇ ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਏਰੀਥ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। 18 ਸਾਲ ਤੋਂ ਉਪਰ ਉਮਰ ਵਰਗ ਵਿੱਚ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਨੇ ਪਹਿਲਾ ਜਦਕਿ ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਲੇਟਨ ਨੇ ਦੂਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਅੰਡਰ-14 ਸਾਲ ਉਮਰ ਵਰਗ ਲਈ ਲੜਕੀਆਂ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀਆਂ ਏ ਅਤੇ ਬੀ ਟੀਮਾਂ ਦੇ ਮੁਕਾਬਲਿਆਂ ਵਿੱਚੋਂ ਅਰਸ਼ਪ੍ਰੀਤ ਕੌਰ ਅਤੇ ਹਰਲੀਨ ਕੌਰ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ। ਅੰਡਰ-18 ਉਮਰ ਵਰਗ ਦੇ ਵਿਅਕਤੀਗਤ ਮੁਕਾਬਲੇ ਵਿੱਚ ਅਕਾਲੀ ਫੂਲਾ ਸਿੰਘ ਗੱਤਕਾ ਅਖਾੜਾ ਕੋਵੈਂਟਰੀ ਦੀ ਦਇਆ ਕੌਰ ਨੇ ਪਹਿਲਾ ਸਥਾਨ ਜਦਕਿ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਕਮਲਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। 18 ਸਾਲ ਤੋਂ ਉਪਰ ਉਮਰ ਵਰਗ ਦੇ ਵਿਅਕਤੀਗਤ ਮੁਕਾਬਲੇ ਵਿੱਚ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਦੀ ਪਰਮਿੰਦਰ ਕੌਰ ਜੇਤੂ ਰਹੀ ਜਦਕਿ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਕਮਲਪ੍ਰੀਤ ਕੌਰ ਦੂਜੇ ਸਥਾਨ ਉੱਤੇ ਰਹੀ।

# ਵਿਧਾਇਕ ਜਸਵੀਰ ਰਾਜਾ ਨੇ 7 ਲੱਖ ਨਾਲ ਬਣੇ ਜੰਝ ਘਰ ਦਾ ਕੀਤਾ ਉਦਘਾਟਨ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਵੱਲੋਂ ਜਨਤਾ ਦੀ ਸਹੂਲਤ ਲਈ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮੁਹੱਲਾ ਕੱਚਾ ਕਿਲਾ ਵਾਰਡ ਨੰਬਰ 8 ਟਾਂਡਾ ਵਿਖੇ ਕਰੀਬ 7 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਜੰਞ ਘਰ ਦਾ ਉਦਘਾਟਨ ਕਰਨ ਸਮੇਂ ਕੀਤਾ। ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ ਜਗਜੀਵਨ ਜੱਗੀ ਦੀ ਅਗਵਾਈ ਹੇਠ ਹੋਏ ਪ੍ਰੋਗਰਾਮ ਦੌਰਾਨ ਉੱਥੇ ਹਾਜ਼ਰ ਅਹੁਦੇਦਾਰਾਂ ਤੇ ਮੁਹੱਲਾ ਨਿਵਾਸੀਆਂ ਦੀ ਮੌਜੂਦਗੀ ਵਿੱਚ ਉਦਘਾਟਨ ਕਰਨ ਸਮੇਂ ਵਿਧਾਇਕ ਜਸਵੀਰ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿਚ ਜਿੱਥੇ ਹੋਰਨਾਂ ਖੇਤਰਾਂ ਵਿੱਚ ਇਤਿਹਾਸਕ ਵਿਕਾਸ ਕਾਰਜ ਹੋ ਰਹੇ ਹਨ ਉਥੇ ਹੀ ਲੋਕਾਂ ਦੀ ਸਹੂਲਤ ਨਾਲ ਜੁੜੇ ਹੋਏ ਪ੍ਰੋਜੈਕਟਾਂ ਨੂੰ ਵੀ ਲੱਖਾਂ ਰੁਪਏ ਲਾ ਕੇ ਨੇਪਰੇ ਚਾੜ੍ਹਿਆ ਜਾ ਰਹਾ ਹੈ। ਇਸ ਮੌਕੇ ਉਹਨਾਂ ਨੇ ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ।

ਇਸ ਮੌਕੇ ਇਹਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਨਗਰ ਕੌਂਸਲ ਟਾਂਡਾ ਦੇ ਸਾਬਕਾ ਪ੍ਰਧਾਨ ਹਰੀਕ੍ਰਿਸ਼ਨ ਸੈਣੀ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਕਾਰਜ ਸਾਧਕ ਅਫਸਰ ਰਾਮਪਾਲ ਸਿੰਘ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਗੁਰਦੀਪ ਸਿੰਘ ਹੈਪੀ, ਸਾਹਿਬ ਸਿੰਘ ਤੁੱਲੀ, ਜਗਦੀਸ਼ ਲਾਂਬਾ, ਗੁਰਪਾਲ ਸਿੰਘ ਸੈਣੀ, ਹਰਭਜਨ ਸਿੰਘ ਸਿੱਧੂ, ਅਵਤਾਰ ਸਿੰਘ ਤਾਰੀ, ਪ੍ਰੇਮ ਪਡਵਾਲ, ਬਲਜੀਤ ਸੈਣੀ, ਸਵਰਨ ਸਿੰਘ ਜੋਸ਼, ਕੈਪਟਨ ਦਲਵੀਰ ਸਿੰਘ, ਮਾਸਟਰ ਅਮਰਜੀਤ ਸਿੰਘ, ਚਮਨ ਲਾਲ, ਅਮਰ ਸਿੰਘ, ਸੁਰਿੰਦਰ ਕੁਮਾਰ, ਸੁਰਿੰਦਰ ਕੁਮਾਰ ਸੋਢੀ, ਜੀਤ ਪਾਲ ਸਿੱਧੂ, ਕਮਲ ਧੀਰ, ਲੇਖਰਾਜ, ਸੁਖਰਾਜ ਸਿੰਘ, ਹਰਜੀਤ ਸਿੰਘ, ਹਰਵਿੰਦਰ ਕਲੋਟੀ ਅਤੇ ਰਾਜਨ ਸੋਧੀ ਆਦਿ ਹਾਜ਼ਰ ਸਨ।



# 'ਰਾਹੁਲਯਾਨ' ਨਾ ਉਡਿਆ ਤੇ ਨਾ ਲੈਂਡ ਕੀਤਾ: ਰਾਜਨਾਥ

## ਸਟਾਲਿਨ ਦੀਆਂ ਸਨਾਤਨ ਧਰਮ ਬਾਰੇ ਟਿੱਪਣੀਆਂ 'ਤੇ ਧਾਰੀ ਚੁੱਪੀ ਲਈ ਸੋਨੀਆ, ਰਾਹੁਲ ਤੇ ਖੜਗੇ ਨੂੰ ਘੇਰਿਆ




ਜੈਸਲਮੇਰ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਨਾਤਨ ਧਰਮ ਬਾਰੇ ਉਦੈਨਿਧੀ ਸਟਾਲਿਨ ਦੀਆਂ ਟਿੱਪਣੀਆਂ ਨੂੰ ਲੈ ਕੇ ਕਾਂਗਰਸ ਆਗੂਆਂ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਅਸ਼ੋਕ ਗਹਿਲੋਤ ਦੀ 'ਚੁੱਪੀ' ਉੱਤੇ ਹੈਰਾਨੀ ਜਤਾਈ ਹੈ। ਰਾਜਸਥਾਨ ਵਿਚ ਭਾਜਪਾ ਦੀ ਪਰਿਵਰਤਨ ਯਾਤਰਾ ਦੇ ਤੀਜੇ ਗੇੜ ਦੀ ਸ਼ੁਰੂਆਤ ਮੌਕੇ ਰਾਮਦੇਵੜਾ ਵਿੱਚ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਸਿੰਘ ਨੇ ਰਾਹੁਲ ਗਾਂਧੀ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਚੰਦਰਯਾਨ-3 ਚੰਦ ਦੇ ਦੱਖਣੀ ਧਰੁਵ 'ਤੇ ਸਫ਼ਲਤਾ ਨਾਲ ਉੱਤਰ ਗਿਆ, ਪਰ 'ਰਾਹੁਲਯਾਨ' ਨਾ ਉੱਡਿਆ ਤੇ ਨਾ ਹੀ ਲੈਂਡ ਹੋ ਸਕਿਆ।

ਉਦੈਨਿਧੀ ਸਟਾਲਿਨ ਦੀਆਂ ਟਿੱਪਣੀਆਂ ਦੇ ਹਵਾਲੇ ਨਾਲ ਸਿੰਘ ਨੇ ਕਿਹਾ, "ਮੈਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕਿਉਂ ਨਹੀਂ ਬੋਲਦੇ। ਸੋਨੀਆ ਗਾਂਧੀ, ਰਾਹੁਲ ਗਾਂਧੀ, ਮਲਿਕਾਰਜੁਨ ਖੜਗੇ ਸਨਾਤਨ ਧਰਮ ਨੂੰ ਲੈ ਕੇ ਆਪਣੀ ਸੋਚ ਬਾਰੇ ਕਿਉਂ ਨਹੀਂ ਸਪਸ਼ਟ ਕਰਦੇ।" ਰੱਖਿਆ ਮੰਤਰੀ ਨੇ ਕਿਹਾ ਕਿ ਡੀਐੱਮਕੇ, ਜੋ ਇੰਡੀਆ ਗੱਠਜੋੜ ਦਾ ਹਿੱਸਾ ਹੈ, ਨੇ ਸਨਾਤਨ ਧਰਮ ਨੂੰ ਸੱਟ ਮਾਰੀ ਹੈ ਤੇ ਕਾਂਗਰਸ ਆਗੂ ਇਸ ਮੁੱਦੇ 'ਤੇ 'ਖਾਮੋਸ਼' ਹਨ। ਉਨ੍ਹਾਂ ਕਿਹਾ, "ਇੰਡੀਆ ਬਲਾਕ ਮੈਂਬਰਾਂ ਨੂੰ ਸਨਾਤਨ ਧਰਮ ਦੇ ਨਿਰਾਦਰ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਨਹੀਂ ਤਾਂ ਫਿਰ ਦੇਸ਼ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ।" ਸਿੰਘ ਨੇ ਕਿਹਾ ਕਿ ਇਹ ਸਨਾਤਨ ਧਰਮ ਹੀ ਹੈ, ਜਿਸ ਵਿਚ ਕੀੜੀਆਂ ਨੂੰ ਆਟਾ ਤੇ ਸੱਪਾਂ ਨੂੰ ਦੁੱਧ ਪਾਇ ?ਆ ਜਾਂਦਾ ਹੈ ਤੇ ਉਨ੍ਹਾਂ ਦੀ ਲੰਮੀ ਉਮਰ ਦੀ ਦੁਆ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇੰਡੀਆ ਗੱਠਜੋੜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਤਾ ਵਿੱਚ ਪਰਤਣ ਤੋਂ ਰੋਕਣ ਲਈ ਹੀ ਬਣਾਇਆ ਗਿਆ ਹੈ। ਸਿੰਘ ਨੇ 'ਚੰਦਰਯਾਨ-3' ਤੇ ਆਦਿੱਤਿਆ ਐੱਲ-1 ਮਿਸ਼ਨਾਂ ਦੇ ਹਵਾਲੇ ਨਾਲ ਇਸਰੋ ਵਿਗਿਆਨੀਆਂ ਦੀ ਤਾਰੀਫ਼ ਕੀਤੀ।

ਕੇਂਦਰੀ ਮੰਤਰੀ ਨੇ ਕਾਂਗਰਸ ਦੀ ਰਾਜਸਥਾਨ ਇਕਾਈ ਨੂੰ ਵੀ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਡਰਾਈਵਰ ਦੀ ਸੀਟ 'ਤੇ ਗਹਿਲੋਤ ਬੈਠੇ ਹਨ, ਪਰ ਕਲੱਚ ਤੇ ਰੇਸ ਕਿਸੇ ਹੋਰ ਦੇ ਹੱਥ ਹੈ। ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਰਾਜੇਂਦਰ ਰਾਠੌਰ, ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਅਰਜੁਨ ਰਾਮ ਮੇਘਵਾਲ ਤੇ ਹੋਰਨਾਂ ਆਗੂਆਂ ਨੇ ਵੀ ਸੰਬੋਧਨ ਕੀਤਾ। ਭਾਜਪਾ ਦੀ ਪਰਿਵਰਤਨ ਯਾਤਰਾ 200 ਅਸੈਂਬਲੀ ਹਲਕਿਆਂ ਦਾ ਘੇੜਾ ਕੱਢੇਗੀ।

ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੁਛੁ ਰਹਨੁ ਥਿਰੁ ਨਾਹੀ ॥

## ਪਰਿਵਾਰ ਨੂੰ ਭਾਰੀ ਸਦਮਾ

# ਬਹੁਜਨ ਸਮਾਜ ਦੇ ਯੋਧੇ ਉੱਘੇ ਚਿੰਤਕ ਸ: ਧਿਆਨ ਚੰਦ ਬਾਘਾ ਨਹੀਂ ਰਹੇ



ਸਵ. ਸ: ਧਿਆਨ ਚੰਦ ਬਾਘਾ

(26 ਅਕਤੂਬਰ 1947 - 4 ਸਤੰਬਰ 2023)

ਬਹੁਤ ਹੀ ਦੁੱਖ ਦੀ ਖ਼ਬਰ ਹੈ ਕਿ ਬਹੁਜਨ ਸਮਾਜ ਦੇ ਯੋਧੇ ਉੱਘੇ ਚਿੰਤਕ ਸ: ਧਿਆਨ ਚੰਦ ਬਾਘਾ (ਬਲੇਨਾ) ਸੋਮਵਾਰ 4 ਸਤੰਬਰ 2023 ਨੂੰ ਸੈਕਰਾਮੈਂਟੋ, ਕੈਲੀਫੋਰਨੀਆ ਵਿਖੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਪਿਛਲਾ ਪਿੰਡ ਬੋਲੀਨਾ ਦੋਆਬਾ ਹੈ। ਭਾਵੇਂ ਅੱਜ ਸ੍. ਧਿਆਨ ਚੰਦਾ ਬਾਘਾ ਸਾਡੇ ਵਿਚ ਨਹੀਂ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ। ਅਮਰੀਕਾ ਦੇ ਉਘੇ ਲੋਕ ਗੀਤਕਾਰ ਮੰਚ ਕੈਲੀਫੋਰਨੀਆ ਯੂਐਸਏ ਦੇ ਪ੍ਰਧਾਨ ਸ੍. ਮੱਖਣ ਲੁਹਾਰ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਹੁਜਨ ਸਮਾਜ ਦੇ ਯੋਧੇ ਅਤੇ ਉਘੇ ਚਿੰਤਕ ਸ੍. ਧਿਆਨ ਚੰਦ ਬਾਘਾ ਨੇ ਸਾਰੀ ਜ਼ਿੰਦਗੀ ਸਮਾਜ ਦੀ ਨਿਸ਼ਕਾਮ ਸੇਵਾ ਕੀਤੀ। ਜੇਕਰ ਸਮਾਜ ਨੂੰ ਕਿਤੇ ਵੀ ਲੋੜ ਪੈਂਦੀ ਤਾਂ ਸ੍. ਧਿਆਨ ਚੰਦ ਬਾਘਾ ਜੀ ਪਹਿਲ ਦੇ ਆਧਾਰ 'ਤੇ ਅੱਗੇ ਹੋ ਕੇ ਸੇਵਾ ਕਰਦੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪਰਿਵਾਰ ਅਤੇ ਸਮਾਜ ਨੂੰ ਬਹੁਤ ਘਾਟਾ ਪਿਆ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਅੰਤਿਮ ਸੰਸਕਾਰ**

**725 EL Camino Ave, Sacramento CA 95815**

**ਸ਼ਨੀਵਾਰ 9 ਸਤੰਬਰ 2023 ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤੱਕ**

**ਅੰਤਿਮ ਅਰਦਾਸ**

**ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ**
**ਸ੍ਰੀ ਧਿਆਨ ਚੰਦ ਜੀ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ**

**ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**

**6221 16th Street, Rio Linda, CA 95673**

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**+1 (916) 613-2796**

# ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਅਤੇ ਆਪਣੀ ਮਕਬੂਲ ਕਲਮ ਨਾਲ ਹਾਕਮਾਂ ਨਾਲ ਮੱਥੇ ਲਾਉਣ ਵਾਲੇ ਪੰਜਾਬ ਦੇ ਦੋ ਨਾਮਵਰ ਲੇਖਕ ਸ੍ਰੀ ਦੇਸ਼ ਰਾਜ ਕਾਲੀ ਅਤੇ ਸ੍ਰ. ਹਰਜਿੰਦਰ ਸਿੰਘ ਬੱਲ ਨਹੀਂ ਰਹੇ

## ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਯੂਐਸਏ ਵਲੋਂ ਭਾਰੀ ਦੁੱਖ ਦਾ ਪ੍ਰਗਟਾਵਾ



ਸਵ. ਸ੍ਰੀ ਦੇਸ਼ ਰਾਜ ਕਾਲੀ



ਸਵ. ਸ੍ਰ. ਹਰਜਿੰਦਰ ਸਿੰਘ ਬੱਲ

ਜਲੰਧਰ (ਸਾਡੇ ਲੋਕ) : ਸਦੀਆਂ ਤੋਂ ਦੱਬੇ ਕੁਚਲੇ ਜਾ ਰਹੇ ਲੋਕਾਂ ਦੀ ਅਵਾਜ਼ ਅਤੇ ਆਪਣੀ ਕਲਮ ਨਾਲ ਚੱਟਾਨਾਂ ਨਾਲ ਮੱਥੇ ਲਾਉਣ ਵਾਲੇ ਪੰਜਾਬ ਦੇ ਨਾਮਵਰ ਲੇਖਕ ਸ੍ਰੀ ਦੇਸ ਰਾਜ ਕਾਲੀ ਸਿਰਫ 52 ਸਾਲ ਦੀ ਉਪਰ 'ਚ ਸਦੀਵੀ ਵਿਛੋੜਾ ਦੇ ਗਏ।

ਉਨ੍ਹਾਂ ਪੀਜੀਆਈ ਚੰਡੀਗੜ੍ਹ ਵਿੱਚ ਆਖਰੀ ਸਾਹ ਲਏ। ਉਹ ਬਹੁਤ ਹੀ ਛੋਟੀ ਉਮਰ 'ਚ ਸਮਾਜ ਅਤੇ ਪਰਿਵਾਰ ਦਾ ਸਾਥ ਛੱਡ ਗਏ।

ਸ੍ਰੀ ਦੇਸ ਰਾਜ ਕਾਲੀ ਜੀ ਉਹ ਦਲਿਤ ਸਾਹਿਤ ਵਿੱਚ ਵੱਖਰੀ ਪਛਾਣ ਰੱਖਦੇ ਸਨ ਜਿੰਨਾ ਚਿਰ ਜਿਊਂਦੇ ਹਰ ਸਦੀਆ ਤੋਂ ਦਲਿਤਾਂ ਨਾਲ ਹੋ ਰਹੇ ਵਿਤਕਰੇ ਅਤੇ ਨਫਰਤ ਦੇ ਖਿਲਾਫ ਚੱਟਾਨ ਵਾਂਗ ਖੜ੍ਹਦੇ ਰਹੇ।

ਜਲੰਧਰ ਦੇ ਮਿੱਠਾਪੁਰ ਦੇ ਰਹਿਣ ਵਾਲੇ ਦੇਸ ਰਾਜ ਕਾਲੀ ਨੂੰ ਪੱਤਰਕਾਰ, ਇਤਿਹਾਸਕਾਰ, ਸਮਾਜਿਕ ਤੇ ਸਿਆਸੀ ਟਿੱਪਣੀਕਾਰ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ, ਇਕ ਪੁੱਤਰ ਤੇ ਦੋ ਧੀਆਂ ਹਨ। ਉਨ੍ਹਾਂ ਦਾ ਸਸਕਾਰ 29 ਅਗਸਤ ਨੂੰ ਹਰਨਾਮਦਾਸਪੁਰਾ ਜਲੰਧਰ ਵਿੱਚ ਕੀਤਾ ਗਿਆ। ਉਨ੍ਹਾਂ ਦੇ ਅੰਤਿਮ ਸੰਸਕਾਰ ਉਪਰ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਦਾ ਹੜ੍ਹ ਆਇਆ ਹੋਇਆ ਸੀ।

ਉਨ੍ਹਾਂ ਸ਼ਾਇਰੀ ਵਿੱਚ ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਦੀ ਬੁਲੰਦ ਅਵਾਜ਼ ਸਮਝਿਆ ਜਾਂਦਾ ਸੀ। ਉਹ ਵੱਖ-ਵੱਖ ਪੰਜਾਬੀ ਤੇ ਹਿੰਦੀ ਅਖਬਾਰਾਂ 'ਚ ਬਤੌਰ ਪੱਤਰਕਾਰ ਕੰਮ ਕਰਦੇ ਰਹੇ। ਉਨ੍ਹਾਂ ਦੀ ਪਹਿਲੀ ਕਿਤਾਬ ਕੱਥਕਾਲੀ ਸੀ। ਇਸ ਤੋਂ ਇਲਾਵਾ ਤਸੀਹੇ ਕਦੇ ਬੁੱਢੇ ਨਹੀਂ ਹੁੰਦੇ, ਚਾਨਣ ਦੀ ਲੀਕ, ਫਕੀਰੀ, ਯਹਾਂ ਚਾਏ ਅੱਛੀ ਨਹੀਂ ਬਨਤੀ ਆਦਿ ਕਿਤਾਬਾਂ ਲਿਖੀਆਂ। ਉਹ ਗ਼ਦਰੀ ਬਾਬਿਆਂ ਦੇ ਮੇਲੇ, ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ, ਸਾਹਿਤਕ ਸਭਿਆਚਾਰਕ ਸੰਸਥਾ (ਫੁਲਕਾਰੀ) ਅਤੇ ਪਲਸ ਮੰਚ 'ਚ ਵੀ ਮੋਹਰੀ ਭੂਮਿਕਾ ਨਿਭਾਉਂਦੇ ਰਹੇ। ਉਨ੍ਹਾਂ ਦੀ ਇਸ ਬੇਵਕਤੀ ਮੌਤ ਉਪਰ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਯੂਐਸਏ ਦੇ ਪ੍ਰਧਾਨ ਸ੍ਰ. ਮੱਖਣ ਲੁਹਾਰ, ਜਨਰਲ ਸੈਕਟਰੀ ਸ੍ਰ. ਬਿੱਕਰ ਸਿੰਘ ਕੰਮੇਆਣਾ, ਪਲਵਿੰਦਰ ਮਾਹੀ, ਮਨਜੀਤ ਰੱਲ, ਸੁਖਵੰਤ ਸੁੱਖੀ, ਮੰਗਜੀਤ ਮੰਗਾ, ਤਰਲੋਕ ਸਿੰਘ, ਗੁਰਬਚਨ ਚੋਪੜਾ, ਸੁਰਿੰਦਰ ਸ਼ੇਰਗਿੱਲ, ਚਰਨ ਸਿੰਘ ਲੁਹਾਰਾਂਵਾਲਾ ਅਤੇ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

ਨਾਮਵਰ ਗੀਤਕਾਰ, ਵੱਡੇ ਸਾਹਿਤਕਾਰ ਤੇ ਉਸਤਾਦ ਸ਼ਾਇਰ ਹਰਜਿੰਦਰ ਸਿੰਘ ਬੱਲ ਜੀ 68 ਵਰ੍ਹਿਆਂ ਦੀ ਉਮਰ ਭੋਗ ਕੇ ਅੱਜ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ ਤੇ ਅੱਜ ਪੀਜੀਆਈ ਚੰਡੀਗੜ੍ਹ ਵਿਖੇ ਉਨ੍ਹਾਂ ਨੇ ਆਖ਼ਿਰੀ ਸਾਹ ਲਏ। ਉਨ੍ਹਾਂ ਦੇ ਆਕਾਲ ਚਲਾਣਾ ਕਰ ਜਾਣ ਦੀ ਖ਼ਬਰ ਫੈਲਦਿਆਂ ਹੀ ਪੰਜਾਬੀ ਸਾਹਿਤਕ ਹਲਕਿਆਂ ਅਤੇ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਇਥੇ ਇਹ ਜ਼ਿਕਰਯੋਗ ਹੈ ਕੀ ਸ੍ਰ. ਹਰਜਿੰਦਰ ਸਿੰਘ ਬੱਲ ਪੰਜਾਬੀ ਦਾ ਨਾਮਵਰ ਗੀਤਕਾਰ ਸੀ ਜਿਸ ਦੇ ਗੀਤ ਪੰਜਾਬੀ ਦੇ ਉੱਚਕੋਟੀ ਦੇ ਗਾਇਕਾਂ ਸਰਦੂਲ ਸਿਕੰਦਰ, ਫਿਰੋਜ ਖਾਨ, ਮਾਸਟਰ ਸਲੀਮ ਤੇ ਹੋਰਨਾਂ ਨੇ ਵੀ ਗਾਏ ਤੇ ਜੋ ਬੜੇ ਮਕਬੂਲ ਰਹੇ। ਹਰਜਿੰਦਰ ਬੱਲ ਦੇ ਤੁਰ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਪੰਜਾਬੀ ਸਾਹਿਤ ਅਤੇ ਸੰਗੀਤ ਜਗਤ ਨੂੰ ਵੀ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜਿੱਥੇ ਉਹ ਉੱਚ ਕੋਟੀ ਦੇ ਗੀਤਕਾਰ ਸਨ ਉਥੇ ਹੀ ਉਸਤਾਦ ਗ਼ਜ਼ਲਗੋ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭਲਾਈਪੁਰ ਵਿਖੇ ਜਨਮੇ ਸ੍ਰ. ਹਰਜਿੰਦਰ ਸਿੰਘ ਬੱਲ ਜੀ ਲੰਬੇ ਸਮੇਂ ਤੋਂ ਜਲੰਧਰ ਵਿਖੇ ਰਹਿ ਰਹੇ ਸਨ। ਉਨ੍ਹਾਂ ਨੇ ਆਪਣੀ ਲੇਖਣੀ ਰਾਹੀਂ ਦੁਨੀਆ ਭਰ ਵਿਚ ਨਾਮ ਕਮਾਇਆ। ਜਿੱਥੇ ਉਹ ਕਈ ਅਖ਼ਬਾਰਾਂ ਲਈ ਪੱਤਰਕਾਰੀ ਕਰਦੇ ਰਹੇ ਉਥੇ ਹੀ ਉਨ੍ਹਾਂ ਨੇ ਪਰਚਾ ਮਿਊਜ਼ਿਕ ਟਾਈਮਜ਼ ਵੀ ਕੱਢਿਆ ਜੋ ਸੰਗੀਤਿਕ ਹਲਕਿਆਂ ਵਿਚ ਬੇਹੱਦ ਪਸੰਦ ਕੀਤਾ ਗਿਆ।

ਕਈ ਕਿਤਾਬਾਂ ਦੇ ਲੇਖਕ ਦੀਪਕ ਜੈਤੋਈ ਸਾਹਿਬ ਦੇ ਸ਼ਾਗਿਰਦ ਹਰਜਿੰਦਰ ਬੱਲ ਅੱਜ ਖ਼ੁਦ ਇਕ ਉਸਤਾਦ ਸ਼ਾਇਰ ਦੇ ਤੌਰ 'ਤੇ ਪ੍ਰਸਿੱਧ ਸਨ। ਉਨ੍ਹਾਂ ਦਾ ਨਾਮ ਇੱਕ ਨਿਡਰ ਤੇ ਨਿਰਪੱਖ ਪੱਤਰਕਾਰ ਦੇ ਤੌਰ 'ਤੇ ਵੀ ਸਤਿਕਾਰ ਨਾਲ਼ ਲਿਆ ਜਾਂਦਾ ਹੈ। ਉਹ ਪਰਿਵਾਰ ਵਿੱਚ ਪਿੱਛੇ ਪਤਨੀ ਸੁਰਿੰਦਰ ਕੌਰ, ਤੇ ਦੋ ਬੇਟੀਆਂ ਰੁਪਿੰਦਰ ਕੌਰ ਅਤੇ ਸਿਮਰਨਜੀਤ ਕੌਰ ਛੱਡ ਗਏ ਹਨ। ਸ੍ਰ. ਹਰਜਿੰਦਰ ਸਿੰਘ ਬੱਲ ਦੇ ਅਕਾਲ ਚਲਾਣਾ ਕਰ ਜਾਣ 'ਤੇ ਲੇਖਕਾਂ ਕਵੀਆਂ ਨੇ ਵੀ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਅਮਰੀਕਾ ਤੋਂ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਯੂਐਸਏ ਦੇ ਪ੍ਰਧਾਨ ਸ੍ਰ. ਮੱਖਣ ਲੁਹਾਰ, ਜਨਰਲ ਸੈਕਟਰੀ ਸ੍ਰ. ਬਿੱਕਰ ਸਿੰਘ ਕੰਮੇਆਣਾ, ਪਲਵਿੰਦਰ ਮਾਹੀ, ਮਨਜੀਤ ਰੱਲ, ਸੁਖਵੰਤ ਸੁੱਖੀ, ਮੰਗਜੀਤ ਮੰਗਾ, ਤਰਲੋਕ ਸਿੰਘ, ਗੁਰਬਚਨ ਚੋਪੜਾ, ਸੁਰਿੰਦਰ ਸ਼ੇਰਗਿੱਲ, ਚਰਨ ਸਿੰਘ ਲੁਹਾਰਾਂਵਾਲਾ ਅਤੇ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

## ਦੁੱਖ ਦਾ ਪ੍ਰਗਟਾਵਾ ਕਰਦੇ ਹੋਏ

## ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਯੂਐਸਏ

**ਸ੍ਰ. ਮੱਖਣ ਲੁਹਾਰ ਪ੍ਰਧਾਨ, ਸ੍ਰ. ਬਿੱਕਰ ਸਿੰਘ ਕੰਮੇਆਣਾ ਜਨਰਲ ਸੈਕਟਰੀ, ਪਲਵਿੰਦਰ ਮਾਹੀ, ਮਨਜੀਤ ਰੱਲ, ਸੁਖਵੰਤ ਸੁੱਖੀ, ਮੰਗਜੀਤ ਮੰਗਾ, ਤਰਲੋਕ ਸਿੰਘ, ਗੁਰਬਚਨ ਚੋਪੜਾ, ਸੁਰਿੰਦਰ ਸ਼ੇਰਗਿੱਲ, ਚਰਨ ਸਿੰਘ ਲੁਹਾਰਾਂਵਾਲਾ**

# ਸਿਆਸਤ 'ਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਨੁਮਾਇੰਦਗੀ ਲਈ ਮਿਲਣ ਮੌਕੇ

*ਜਦੋਂ ਨੌਜਵਾਨ ਵੋਟਿੰਗ 'ਚ ਹਿੱਸੇਦਾਰ ਬਣਨਗੇ ਤਾਂ ਰਾਜਨੀਤੀ ਨੂੰ ਲੈ ਕੇ ਉਨ੍ਹਾਂ ਦਾ ਰਵੱਈਆ ਵੀ ਗੰਭੀਰ ਅਤੇ ਸੰਵੇਦਨਸ਼ੀਲ ਬਣੇਗਾ ਤੇ ਉਨ੍ਹਾਂ ਅੰਦਰ ਲੀਡਰਸ਼ਿਪ ਦੀ ਭਾਵਨਾ ਵੀ ਪੈਦਾ ਹੋਵੇਗੀ। ਪਹਿਲਾਂ ਇਸ ਦਿਸ਼ਾ 'ਚ ਅਸਰਦਾਰ ਉਪਾਅ ਕੀਤੇ ਜਾਣ ਤੇ ਫਿਰ ਇਸ ਤੋਂ ਬਾਅਦ ਹੀ ਚੋਣ ਲੜਨ ਲਈ ਘੱਟੋ-ਘੱਟ ਉਮਰ ਘਟਾਉਣ 'ਤੇ ਵਿਚਾਰ ਕਰਨ ਦੀ ਦਿਸ਼ਾ 'ਚ ਅੱਗੇ ਵਧਿਆ ਜਾਵੇ।*

**-ਰਾਹੁਲ ਵਰਮਾ**

ਸੰਸਦੀ ਚੋਣਾਂ ਲੜਨ ਲਈ ਉਮਰ ਹੱਦ ਘਟਾਉਣ ਦੀ ਚਰਚਾ ਸਿਆਸੀ ਗਲਿਆਰਿਆਂ 'ਚ ਕਾਫ਼ੀ ਸਮੇਂ ਤੋਂ ਚੱਲ ਰਹੀ ਹੈ। ਇਹ ਮੁੱਦਾ ਬਹੁਤ ਜ਼ੋਰ-ਸ਼ੋਰ ਨਾਲ ਤਾਂ ਨਹੀਂ ਪਰ ਕਦੇ-ਕਦੇ ਚਰਚਾ 'ਚ ਆ ਹੀ ਜਾਂਦਾ ਹੈ। ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਫਿਰ ਚਰਚਾ 'ਚ ਹੈ। ਸੰਸਦ ਦੀ ਪਰਸੋਨਲ, ਲੋਕ ਸ਼ਿਕਾਇਤ, ਕਾਨੂੰਨ ਤੇ ਨਿਆਂ ਮਾਮਲਿਆਂ ਦੀ ਕਮੇਟੀ ਦੇ ਸੁਝਾਅ ਨਾਲ ਇਸ ਬਹਿਸ ਨੇ ਫਿਰ ਜ਼ੋਰ ਫੜ ਲਿਆ ਹੈ।

ਸੁਸ਼ੀਲ ਕੁਮਾਰ ਮੋਦੀ ਦੀ ਅਗਵਾਈ ਵਾਲੀ ਇਸ ਕਮੇਟੀ ਨੇ ਚੋਣ ਲੜਨ ਲਈ ਘੱਟੋ-ਘੱਟ ਉਮਰ ਹੱਦ 25 ਸਾਲ ਤੋਂ ਘਟਾ ਕੇ 18 ਸਾਲ ਕੀਤੇ ਜਾਣ ਦੀ ਗੱਲ ਕਹੀ ਹੈ। ਇਸ ਤੋਂ ਪਹਿਲਾਂ ਦਸੰਬਰ, 2002 'ਚ ਜਯੰਤ ਚੌਧਰੀ ਨੇ ਸੰਸਦ 'ਚ ਇਸ ਵਿਸ਼ੇ 'ਤੇ ਨਿੱਜੀ ਮੈਂਬਰ ਬਿੱਲ ਪੇਸ਼ ਕੀਤਾ ਸੀ। ਹਾਲਾਂਕਿ ਚੋਣ ਕਮਿਸ਼ਨ ਨੇ ਉਮਰ ਹੱਦ ਘਟਾਉਣ ਦੇ ਇਸ ਮਤੇ 'ਤੇ ਸਹਿਮਤੀ ਨਹੀਂ ਪ੍ਰਗਟਾਈ ਹੈ। ਚੋਣ ਲੜਨ ਲਈ ਉਮਰ ਹੱਦ ਘਟਾਉਣ ਦੀ ਵਕਾਲਤ ਕਰਨ ਵਾਲਿਆਂ ਦਾ ਤਰਕ ਹੈ ਕਿ ਇਸ ਨਾਲ ਰਾਜਨੀਤੀ 'ਚ ਨੌਜਵਾਨਾਂ ਦੀ ਹਿੱਸੇਦਾਰੀ ਵਧੇਗੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਭਾਰਤ ਨੌਜਵਾਨ ਆਬਾਦੀ ਵਾਲਾ ਦੇਸ਼ ਹੈ ਤਾਂ ਨੌਜਵਾਨਾਂ ਦੀ ਪ੍ਰਤੀਨਿਧਤਾ ਵਧਾਈ ਜਾਣੀ ਸੁਭਾਵਿਕ ਹੈ।



ਦੁਨੀਆ ਦੇ ਕਈ ਲੋਕਤੰਤਰੀ ਦੇਸ਼ ਅਜਿਹੇ ਹਨ, ਜਿੱਥੇ 18 ਸਾਲ ਦੀ ਉਮਰ 'ਚ ਚੋਣ ਲੜੀ ਜਾ ਸਕਦੀ ਹੈ। ਕੈਨੇਡਾ, ਬਰਤਾਨੀਆ, ਫਰਾਂਸ, ਜਰਮਨੀ, ਸਵਿਟਜ਼ਰਲੈਂਡ ਤੇ ਆਸਟਰੇਲੀਆ ਅਜਿਹੇ ਕੁਝ ਪ੍ਰਮੁੱਖ ਦੇਸ਼ ਹਨ, ਜਿੱਥੇ 18 ਸਾਲ ਦਾ ਪੜਾਅ ਪਾਰ ਕਰਦਿਆਂ ਹੀ ਚੋਣ ਲੜਨ ਦੀ ਯੋਗਤਾ ਹਾਸਲ ਹੋ ਜਾਂਦੀ ਹੈ। ਉੱਥੇ ਹੀ ਅਮਰੀਕਾ ਦੇ ਕੁਝ ਸੂਬਿਆਂ, ਬ੍ਰਾਜ਼ੀਲ ਤੇ ਇੰਡੋਨੇਸ਼ੀਆ 'ਚ ਚੋਣ ਲੜਨ ਲਈ ਘੱਟੋ-ਘੱਟ ਉਮਰ 21 ਸਾਲ ਹੋਣੀ ਚਾਹੀਦੀ ਹੈ। ਇਸ ਦੇ ਉਲਟ ਭਾਰਤ 'ਚ ਇਹ 25 ਸਾਲ ਹੈ ਜਦਕਿ ਭਾਰਤ ਉਨ੍ਹਾਂ ਦੇਸ਼ਾਂ 'ਚ ਰਿਹਾ ਹੈ, ਜਿੱਥੇ ਔਰਤਾਂ ਤੇ ਪੁਰਸ਼ਾਂ 'ਚ ਕੋਈ ਭੇਦਭਾਵ ਕੀਤੇ ਬਿਨਾਂ ਸ਼ੁਰੂ ਤੋਂ ਹੀ ਸਾਰੇ ਬਾਲਗਾਂ ਨੂੰ ਵੋਟ ਦੇ ਅਧਿਕਾਰ ਦੀ ਪਰੰਪਰਾ ਅਪਣਾਈ ਗਈ। ਫਿਰ ਵੋਟ ਦੇ ਅਧਿਕਾਰ ਲਈ ਘੱਟੋ-ਘੱਟ ਉਮਰ ਹੱਦ 1989 'ਚ 21 ਤੋਂ ਘਟਾ ਕੇ 18 ਸਾਲ ਕੀਤੀ ਗਈ। ਨਾਲ ਹੀ ਡਰਾਈਵਿੰਗ ਜਿਹੇ ਕਈ ਹੋਰ ਕੰਮਾਂ ਲਈ 18 ਸਾਲ ਦੀ ਉਮਰ ਨੂੰ ਜਾਇਜ਼ ਮੰਨ ਲਿਆ ਗਿਆ। ਇਸ ਲਈ ਚੋਣਾਂ 'ਚ ਉਤਰਨ ਵਾਸਤੇ ਉਮਰ ਹੱਦ ਘਟਾਉਣ ਲਈ ਆਵਾਜ਼ ਚੁੱਕੀ ਜਾਂਦੀ ਹੈ। ਇਸ ਸੂਰਤ 'ਚ ਇਹ ਪੜਤਾਲ ਜ਼ਰੂਰੀ ਹੈ ਕਿ ਕੀ ਇਸ ਨਾਲ ਵਾਕਈ ਕੁਝ ਫ਼ਾਇਦਾ ਹੋਵੇਗਾ ਜਾਂ ਫਿਰ ਮੌਜੂਦਾ ਪ੍ਰਣਾਲੀ ਹੀ ਬਿਹਤਰ ਹੈ?

ਇਸ 'ਚ ਕੋਈ ਸ਼ੱਕ ਨਹੀਂ ਕਿ ਨੌਜਵਾਨਾਂ ਨੂੰ ਰਾਜਨੀਤੀ ਨਾਲ ਜੋੜਨਾ ਕਿਸੇ ਵੀ ਨਜ਼ਰੀਏ ਤੋਂ ਵਧੀਆ ਹੋਵੇਗਾ। ਇਸ ਨਾਲ ਨੀਤੀਆਂ ਬਣਾਉਣ 'ਚ ਉਨ੍ਹਾਂ ਦੀਆਂ ਉਮੀਦਾਂ ਦਾ ਸਹਿਜ ਰੂਪ 'ਚ ਪ੍ਰਗਟਾਵਾ ਹੋ ਸਕੇਗਾ। ਭਾਰਤੀ ਰਾਜਨੀਤੀ ਅਤੇ ਚੋਣਾਂ 'ਚ ਨੌਜਵਾਨਾਂ ਦੀ ਹਿੱਸੇਦਾਰੀ ਨੂੰ ਸਮਝਣ ਲਈ ਕੁਝ ਰੁਝਾਨਾਂ 'ਤੇ ਨਜ਼ਰ ਮਾਰਨਾ ਬਹੁਤ ਉਪਯੋਗੀ ਹੋਵੇਗਾ। ਸਾਲ 2014 'ਚ ਤਕਰੀਬਨ 9,500 ਤਾਂ 2019 'ਚ 10,000 ਉਮੀਦਵਾਰਾਂ ਨੇ ਲੋਕ ਸਭਾ ਚੋਣਾਂ ਲੜੀਆਂ। ਇਨ੍ਹਾਂ 'ਚੋਂ ਮਹਿਜ਼ ਪੰਜ ਫ਼ੀਸਦੀ ਉਮੀਦਵਾਰ ਹੀ 25 ਤੋਂ 30 ਸਾਲ ਦੀ ਉਮਰ ਦੇ ਸਨ। ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ 25 ਤੋਂ 30 ਸਾਲ ਦੇ 32 ਉਮੀਦਵਾਰ ਹੀ ਅਜਿਹੇ ਸਨ, ਜਿਨ੍ਹਾਂ ਨੂੰ ਪੰਜ ਫ਼ੀਸਦੀ ਤੋਂ ਜ਼ਿਆਦਾ ਵੋਟਾਂ ਮਿਲੀਆਂ ਜਦਕਿ 2019 'ਚ ਅਜਿਹੇ 26 ਉਮੀਦਵਾਰ ਰਹੇ, ਜਿਨ੍ਹਾਂ ਨੂੰ ਪੰਜ ਫ਼ੀਸਦੀ ਤੋਂ ਜ਼ਿਆਦਾ ਵੋਟਾਂ ਮਿਲੀਆਂ। ਜੇ ਜਿੱਤ ਦੀ ਗੱਲ ਕਰੀਏ ਤਾਂ 2014 'ਚ 11 ਅਤੇ 2019 'ਚ ਅੱਠ ਉਮੀਦਵਾਰ ਹੀ ਜਿੱਤ ਕੇ ਸੰਸਦ ਮੈਂਬਰ ਬਣੇ, ਜਿਨ੍ਹਾਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਸੀ। ਇਨ੍ਹਾਂ ਅੰਕੜਿਆਂ ਦੇ ਮਤਲਬ ਕੱਢੇ ਜਾਣ ਤਾਂ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਇਕ ਤਾਂ 25 ਤੋਂ 30 ਸਾਲ ਦੀ ਉਮਰ ਵਾਲੇ ਬਹੁਤ ਜ਼ਿਆਦਾ ਉਮੀਦਵਾਰ ਚੋਣਾਂ 'ਚ ਉਤਰ ਨਹੀਂ ਰਹੇ ਅਤੇ ਜੇ ਉਤਰ ਵੀ ਰਹੇ ਹਨ ਤਾਂ ਜਿੱਤ ਨਹੀਂ ਰਹੇ। ਜੋ ਚੋਣਾਂ 'ਚ ਉਤਰਨ ਦੇ ਨਾਲ-ਨਾਲ ਜਿੱਤ ਵੀ ਰਹੇ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਸਿਆਸੀ ਪਰਿਵਾਰਾਂ 'ਚੋਂ ਆਉਂਦੇ ਹਨ।

ਪਿਛਲੀਆਂ ਕੁਝ ਲੋਕ ਸਭਾ ਚੋਣਾਂ ਦੀ ਤਸਵੀਰ ਦੇਖੀਏ ਤਾਂ ਸੰਸਦ ਮੈਂਬਰਾਂ ਦੀ ਔਸਤ ਉਮਰ 53 ਤੋਂ 54 ਸਾਲ ਦਰਮਿਆਨ ਨਿਕਲ ਕੇ ਆਵੇਗੀ। ਇਹ ਸਪੱਸ਼ਟ ਰੂਪ 'ਚ ਸੰਕੇਤ ਕਰਦੀ ਹੈ ਕਿ ਸੰਸਦ ਜਿਹੀ ਸੰਵਿਧਾਨਕ ਸੰਸਥਾ 'ਚ ਨੌਜਵਾਨ ਆਬਾਦੀ ਦੀ ਪ੍ਰਤੀਨਿਧਤਾ ਵਧਣੀ ਚਾਹੀਦੀ ਹੈ। ਆਖ਼ਰ ਕੀ ਕਾਰਨ ਹੈ ਕਿ ਅਜਿਹਾ ਨਹੀਂ ਹੋ ਰਿਹਾ? ਪਹਿਲੀ ਨਜ਼ਰੇ ਇਸ ਲਈ ਸਭ ਤੋਂ ਵੱਡਾ ਦੋਸ਼ੀ ਤਾਂ ਸਿਆਸੀ ਪਾਰਟੀਆਂ ਹੀ ਨਜ਼ਰ ਆਉਂਦੀਆਂ ਹਨ। ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਟਿਕਟ ਦੇਣ ਤੋਂ ਪਰਹੇਜ਼ ਕਰਦੀਆਂ ਹਨ। ਟਿਕਟ ਦਿੱਤੀ ਵੀ ਜਾਂਦੀ ਹੈ ਤਾਂ ਮੁੱਖ ਰੂਪ 'ਚ ਉਨ੍ਹਾਂ ਨੂੰ ਹੀ ਦਿੱਤੀ ਜਾਂਦੀ ਹੈ ਜਿਨ੍ਹਾਂ ਦਾ ਸਿਆਸੀ ਪਰਿਵਾਰਕ ਪਿਛੋਕੜ ਜਾਂ ਪ੍ਰਭਾਵ ਹੁੰਦਾ ਹੈ। ਇਸ ਸੂਰਤ 'ਚ ਜੇ ਚੋਣ ਲੜਨ ਲਈ ਘੱਟੋ-ਘੱਟ ਉਮਰ ਹੱਦ ਘਟਾਈ ਜਾਵੇਗੀ ਤਾਂ ਇਸ ਦਾ ਇਕ ਵੱਡਾ ਜੋਖ਼ਮ ਇਹ ਹੋਵੇਗਾ ਕਿ ਇਸ ਨਾਲ ਸਾਡੀ ਸਿਆਸੀ ਪ੍ਰਣਾਲੀ 'ਤੇ ਵੰਸ਼ਵਾਦੀ ਰਾਜਨੀਤੀ ਦੀ ਮਲਕੀਅਤ ਹੋਰ ਵਧ ਜਵੇਗੀ। ਸੁਭਾਵਿਕ ਹੈ ਕਿ ਰਾਜਨੀਤੀ ਨਾਲ ਨੌਜਵਾਨਾਂ ਨੂੰ ਜੋੜਨ ਦਾ ਰਾਹ ਚੋਣ ਲੜਨ ਲਈ ਘੱਟੋ-ਘੱਟ ਉਮਰ ਹੱਦ ਘਟਾਉਣ 'ਚੋਂ ਹੋ ਕੇ ਨਹੀਂ ਜਾਂਦਾ ਸਗੋਂ ਇਸ ਲਈ ਸਿਆਸੀ ਪਾਰਟੀਆਂ ਨੂੰ ਵਿਆਪਕ ਰੂਪ 'ਚ ਆਪਣਾ ਸੋਚ ਤੇ ਰਵੱਈਆ ਬਦਲਣਾ ਹੋਵੇਗਾ।

ਜੇ ਸਿਆਸੀ ਪਾਰਟੀਆਂ ਸੱਚਮੁੱਚ ਹੀ ਰਾਜਨੀਤੀ 'ਚ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਣ ਲਈ ਗੰਭੀਰ ਹਨ ਤਾਂ ਉਨ੍ਹਾਂ ਨੂੰ ਕਈ ਪੱਧਰਾਂ 'ਤੇ ਕਦਮ ਚੁੱਕਣੇ ਪੈਣਗੇ। ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਨੌਜਵਾਨਾਂ ਨੂੰ ਲੈ ਕੇ ਮਾਪਦੰਡ ਬਦਲਣੇ ਹੋਣਗੇ। ਹੁਣ 34-35 ਸਾਲ ਦੀ ਉਮਰ ਵਾਲਿਆਂ ਨੂੰ ਹੀ ਨੌਜਵਾਨ ਮੰਨਿਆ ਜਾਂਦਾ ਹੈ। ਇਸ ਪੈਮਾਨੇ ਨੂੰ ਘਟਾਉਣਾ ਹੋਵੇਗਾ। ਪਾਰਟੀਆਂ ਨੂੰ ਆਪਣੇ ਜਥੇਬੰਦਕ ਢਾਂਚੇ 'ਚ ਨੌਜਵਾਨਾਂ ਨੂੰ ਜ਼ਿਆਦਾ ਜਗ ?ਹਾ ਦੇਣੀ ਹੋਵੇਗੀ। ਆਮ ਤੌਰ 'ਤੇ ਇਹ ਦੇਖਣ 'ਚ ਆਉਂਦਾ ਹੈ ਕਿ ਵੱਡੇ-ਵੱਡੇ ਸਿਆਸੀ ਪਾਰਟੀਆਂ ਦੀਆਂ ਯੂਥ ਇਕਾਈਆਂ ਦੀ ਵਾਗਡੋਰ ਵੀ ਪ੍ਰੌੜ੍ਹ ਅਵਸਥਾ ਦੀ ਦਹਿਲੀਜ਼ 'ਤੇ ਖੜ੍ਹੇ ਆਗੂਆਂ ਦੇ ਹੱਥ 'ਚ ਹੁੰਦੀ ਹੈ। ਸਿਆਸੀ ਪਾਰਟੀਆਂ ਨੂੰ ਆਪਣੀਆਂ ਵਿਦਿਆਰਥੀ ਜਥੇਬੰਦੀਆਂ ਲਈ ਵੀ ਵੱਧ ਤੋਂ ਵੱਧ ਉਮਰ ਦੀ ਇਕ ਹੱਦ ਤੈਅ ਕਰਨੀ ਹੋਵੇਗੀ। ਬਿਹਤਰ ਹੋਵੇਗਾ ਕਿ ਇਸ 'ਚ 30 ਸਾਲ ਤੋਂ ਜ਼ਿਆਦਾ ਉਮਰ ਵਾਲਿਆਂ ਨੂੰ ਜਗ੍ਹਾ ਨਾ ਦਿੱਤੀ ਜਾਵੇ। ਸਿਆਸੀ ਪਾਰਟੀਆਂ ਦੇ ਨਾਲ ਹੀ ਸਿਵਲ ਸੁਸਾਇਟੀ ਨੂੰ ਇਹ ਉਪਾਅ ਵੀ ਕਰਨਾ ਹੋਵੇਗਾ ਕਿ ਵੋਟਿੰਗ 'ਚ ਨੌਜਵਾਨਾਂ ਦੀ ਹਿੱਸੇਦਾਰੀ ਵਧਾਈ ਜਾਵੇ। ਵੋਟਿੰਗ ਦੇ ਰੁਝਾਨ ਇਹੋ ਦੱਸਦੇ ਹਨ ਕਿ 18 ਤੋਂ 25 ਸਾਲ ਦੀ ਉਮਰ ਵਰਗ ਵਾਲੇ ਇਸ 'ਚ ਉਦਾਸੀਨਤਾ ਦਿਖਾਉਂਦੇ ਹਨ। ਇਸ ਦਾ ਇਕ ਪ੍ਰਮੁੱਖ ਕਾਰਨ ਇਹ ਹੈ ਕਿ ਇਸ ਉਮਰ ਵਰਗ ਦੇ ਨੌਜਵਾਨ ਜਾਂ ਤਾਂ ਪੜ੍ਹਾਈ ਜਾਂ ਫਿਰ ਨੌਕਰੀ ਦੇ ਸਿਲਸਿਲੇ 'ਚ ਉਸ ਜਗ ?ਹਾ ਤੋਂ ਬਾਹਰ ਹੁੰਦੇ ਹਨ, ਜਿੱਥੇ ਉਨ੍ਹਾਂ ਦਾ ਨਾਂ ਵੋਟਿੰਗ ਸੂਚੀ 'ਚ ਹੁੰਦਾ ਹੈ। ਕੇਵਲ ਵੋਟ ਪਾਉਣ ਲਈ ਉਸ ਜਗ ?ਹਾ ਨਹੀਂ ਜਾਂਦੇ। ਇਸ ਲਈ ਸਿਆਸੀ ਪਾਰਟੀਆਂ ਅਤੇ ਚੋਣ ਕਮਿਸ਼ਨ ਨੂੰ ਅਜਿਹਾ ਕੋਈ ਰਸਤਾ ਕੱਢਣਾ ਹੋਵੇਗਾ ਕਿ ਵੱਖ-ਵੱਖ ਕਾਰਨਾਂ ਕਰਕੇ ਆਪਣੇ ਮੂਲ ਸਥਾਨਾਂ ਤੋਂ ਬਾਹਰ ਰਹਿ ਰਹੇ ਨੌਜਵਾਨ ਬਿਨਾਂ ਕਿਸੇ ਅੜਿੱਕੇ ਤੋਂ ਆਪਣੀ ਵੋਟ ਪਾ ਸਕਣ।

ਜਦੋਂ ਨੌਜਵਾਨ ਵੋਟਿੰਗ 'ਚ ਹਿੱਸੇਦਾਰ ਬਣਨਗੇ ਤਾਂ ਰਾਜਨੀਤੀ ਨੂੰ ਲੈ ਕੇ ਉਨ੍ਹਾਂ ਦਾ ਰਵੱਈਆ ਵੀ ਗੰਭੀਰ ਅਤੇ ਸੰਵੇਦਨਸ਼ੀਲ ਬਣੇਗਾ ਤੇ ਉਨ੍ਹਾਂ ਅੰਦਰ ਲੀਡਰਸ਼ਿਪ ਦੀ ਭਾਵਨਾ ਵੀ ਪੈਦਾ ਹੋਵੇਗੀ। ਪਹਿਲਾਂ ਇਸ ਦਿਸ਼ਾ 'ਚ ਅਸਰਦਾਰ ਉਪਾਅ ਕੀਤੇ ਜਾਣ ਤੇ ਫਿਰ ਇਸ ਤੋਂ ਬਾਅਦ ਹੀ ਚੋਣ ਲੜਨ ਲਈ ਘੱਟੋ-ਘੱਟ ਉਮਰ ਘਟਾਉਣ 'ਤੇ ਵਿਚਾਰ ਕਰਨ ਦੀ ਦਿਸ਼ਾ 'ਚ ਅੱਗੇ ਵਧਿਆ ਜਾਵੇ।

# 'ਇੰਡੀਆ' ਗੱਠਜੋੜ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਫਸਿਆ ਪੇਚ



ਵਿਰੋਧੀ ਧਿਰਾਂ ਵੱਲੋਂ ਬਣਾਏ ਗੱਠਜੋੜ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ ਯਾਨੀ 'ਇੰਡੀਆ' ਦੀ ਮੁੰਬਈ ਬੈਠਕ 'ਚ ਇਕਜੁੱਟਤਾ ਦਾ ਪ੍ਰਦਰਸ਼ਨ ਹੋਣ ਤੋਂ ਬਾਅਦ ਸੀਟਾਂ ਦੀ ਵੰਡ ਨੂੰ ਲੈ ਕੇ ਜਿਸ ਤਰ੍ਹਾਂ ਮਤਭੇਦ ਵਧਦੇ ਦਿਖਾਈ ਦੇ ਰਹੇ ਹਨ, ਉਸ ਤੋਂ ਇਹੋ ਲੱਗਦਾ ਹੈ ਕਿ ਇਸ ਗੱਠਜੋੜ ਲਈ ਮਿਲ ਕੇ ਚੋਣਾਂ ਲੜਨਾ ਆਸਾਨ ਨਹੀਂ।

ਮੁੰਬਈ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਕਿਸੇ ਫਾਰਮੂਲੇ 'ਤੇ ਸਹਿਮਤੀ ਨਾ ਬਣ ਸਕਣ ਦਾ ਹੀ ਨਤੀਜਾ ਰਿਹਾ ਕਿ ਇਸ ਨਾਲ ਸਬੰਧਤ ਸਵਾਲ 'ਤੇ 'ਇੰਡੀਆ' ਦੇ ਆਗੂਆਂ ਵੱਲੋਂ ਇਹੋ ਕਿਹਾ ਗਿਆ ਕਿ ਇਹ ਕੰਮ ਛੇਤੀ ਹੀ ਕਰ ਲਿਆ ਜਾਵੇਗਾ ਪਰ ਇਹ ਇਕ ਮੁਸ਼ਕਲ ਕੰਮ ਹੈ। ਇਸ ਦਾ ਸੰਕੇਤ ਇਸ ਤੋਂ ਮਿਲਦਾ ਹੈ ਕਿ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੀਟਾਂ ਦੀ ਵੰਡ ਲਈ ਜੋ ਪ੍ਰਸਤਾਵ ਰੱਖਿਆ, ਉਸ ਨੂੰ ਖੱਬੇਪੱਖੀ ਪਾਰਟੀਆਂ ਨੇ ਖ਼ਾਰਜ ਕਰ ਦਿੱਤਾ।

ਮਮਤਾ ਬੈਨਰਜੀ ਇਹ ਚਾਹ ਰਹੇ ਹਨ ਕਿ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਮਜ਼ਬੂਤ ਹੈ, ਇਸ ਲਈ ਕਾਂਗਰਸ ਤੇ ਖੱਬੇਪੱਖੀ ਪਾਰਟੀਆਂ ਉਨ੍ਹਾਂ ਦੇ ਉਮੀਦਵਾਰਾਂ ਦੀ ਹਮਾਇਤ ਕਰਨ। ਜੇ ਖੱਬੇਪੱਖੀ ਪਾਰਟੀਆਂ ਤੇ ਕਾਂਗਰਸ ਅਜਿਹਾ ਕਰੇਗੀ ਤਾਂ ਬੰਗਾਲ 'ਚ ਉਨ੍ਹਾਂ ਦੀ ਬਚੀ-ਖੁਚੀ ਸਿਆਸੀ ਜ਼ਮੀਨ ਵੀ ਖਿਸਕ ਜਾਵੇਗੀ। ਸਮੱਸਿਆ ਕੇਵਲ ਬੰਗਾਲ 'ਚ ਹੀ ਨਹੀਂ ਹੈ। ਝਾਰਖੰਡ 'ਚ ਵੀ ਹੈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਝਾਰਖੰਡ ਮੁਕਤੀ ਮੋਰਚਾ ਨੇ ਕੁੱਲ 14 'ਚੋਂ 5 ਸੀਟਾਂ 'ਤੇ ਚੋਣ ਲੜੀ ਸੀ ਤੇ 9 ਸੀਟਾਂ ਕਾਂਗਰਸ ਨੂੰ ਦਿੱਤੀਆਂ ਸਨ।

ਕਾਂਗਰਸ ਚਾਹੁੰਦੀ ਹੈ ਕਿ 2019 ਵਾਲੇ ਫਾਰਮੂਲੇ 'ਤੇ ਹੀ ਸੀਟਾਂ ਦੀ ਵੰਡ ਹੋਵੇ ਪਰ ਇਹ ਇਸ ਲਈ ਸੰਭਵ ਨਹੀਂ ਕਿਉਂਕਿ ਵਿਰੋਧੀ ਧਿਰਾਂ ਦੇ ਗੱਠਜੋੜ ਦਾ ਹਿੱਸਾ ਬਣੀਆਂ ਚਾਰ ਖੱਬੇਪੱਖੀ ਪਾਰਟੀਆਂ ਨਾਲ ਰਾਸ਼ਟਰੀ ਜਨਤਾ ਦਲ ਵੀ ਆਪਣੇ ਲਈ ਸੀਟਾਂ ਚਾਹ ਰਿਹਾ ਹੈ। ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਦਿੱਲੀ 'ਚ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਰਮਿਆਨ ਇਸ ਨੂੰ ਲੈ ਕੇ ਮਤਭੇਦ ਜਨਤਕ ਹੋ ਚੁੱਕੇ ਹਨ ਕਿ ਕੌਣ ਕਿੰਨੀਆਂ ਸੀਟਾਂ 'ਤੇ ਚੋਣ ਲੜੇ?

ਇਹ ਸਵਾਲ ਪੰਜਾਬ 'ਚ ਵੀ ਪੇਚੀਦਾ ਰੂਪ ਲੈ ਸਕਦਾ ਹੈ। ਅਸਲ 'ਚ 'ਇੰਡੀਆ' 'ਚ ਕਈ ਅਜਿਹੀਆਂ ਪਾਰਟੀਆਂ ਹਨ, ਜੋ ਇਹ ਚਾਹੁੰਦੀਆਂ ਹਨ ਕਿ ਗਿਵ ਐਂਡ ਟੇਕ ਫਾਰਮੂਲੇ ਤਹਿਤ ਸੀਟਾਂ ਦੀ ਵੰਡ ਹੋਵੇ ਅਤੇ ਕਾਂਗਰਸ ਵੱਡਾ ਦਿਲ ਦਿਖਾਵੇ। ਵੱਡਾ ਦਿਲ ਦਿਖਾਉਣ ਦਾ ਮਤਲਬ ਹੈ ਕਿ ਕਾਂਗਰਸ ਤਿਆਗ ਕਰਨ ਯਾਨੀ ਸਹਿਯੋਗੀ ਪਾਰਟੀਆਂ ਲਈ ਵੱਧ ਤੋਂ ਵੱਧ ਸੀਟਾਂ ਛੱਡਣ ਲਈ ਤਿਆਰ ਰਹੇ।

'ਇੰਡੀਆ' ਦੇ ਕੁਝ ਆਗੂ ਅਤੇ ਖ਼ਾਸ ਤੌਰ 'ਤੇ ਮਮਤਾ ਬੈਨਰਜੀ ਤਾਂ ਇੱਥੋਂ ਤੱਕ ਕਹਿ ਚੁੱਕੇ ਹਨ ਕਿ ਕਾਂਗਰਸ ਨੂੰ ਉਨ੍ਹਾਂ ਹੀ ਦੋ ਸੌ ਸੀਟਾਂ 'ਤੇ ਚੋਣ ਲੜਨੀ ਚਾਹੀਦੀ ਹੈ, ਜਿੱਥੇ ਉਹ ਮਜ਼ਬੂਤ ਹੈ ਅਤੇ ਜਿੱਥੇ ਉਸ ਦੀ ਲੜਾਈ ਭਾਜਪਾ ਨਾਲ ਹੈ। ਜੇ ਕਾਂਗਰਸ ਕਿਸੇ ਮਜਬੂਰੀ 'ਚ ਅਜਿਹਾ ਕਰਦੀ ਹੈ ਤਾਂ ਲੋਕਾਂ 'ਚ ਆਧਾਰ ਗੁਆਉਣ ਦਾ ਹੀ ਕੰਮ ਕਰੇਗੀ। 'ਇੰਡੀਆ' ਨੂੰ ਸੀਟਾਂ ਦੀ ਵੰਡ ਲਈ ਅਜਿਹਾ ਫਾਰਮੂਲਾ ਬਣਾਉਣਾ ਪਵੇਗਾ, ਜੋ ਸਭ ਨੂੰ ਮਨਜ਼ੂਰ ਹੋਵੇ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਨੂੰ ਲੈ ਕੇ ਵੀ ਸਿਰ ਖਪਾਉਣਾ ਪਵੇਗਾ। ਉਸ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਆਖ਼ਰ ਨਰਿੰਦਰ ਮੋਦੀ ਸਾਹਮਣੇ ਉਸ ਵੱਲੋਂ ਪ੍ਰਧਾਨ ਮੰਤਰੀ ਦਾ ਚਿਹਰਾ ਕੌਣ ਹੋਵੇਗਾ? ਇਹ ਵੀ ਇਕ ਗੁੰਝਲਦਾਰ ਸਵਾਲ ਹੈ ਕਿਉਂਕਿ ਕਾਂਗਰਸ ਜਿੱਥੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਮੰਨ ਰਹੀ ਹੈ, ਉੱਥੇ ਹੀ ਮਮਤਾ ਬੈਨਰਜੀ, ਸ਼ਰਦ ਪਵਾਰ ਅਤੇ ਨਿਤੀਸ਼ ਕੁਮਾਰ ਜਿਹੇ ਆਗੂ ਆਪਣੇ ਅਨੁਭਵ ਅਤੇ ਸੀਨੀਆਰਤਾ ਦੇ ਆਧਾਰ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਬਣਨਾ ਚਾਹ ਰਹੇ ਹਨ।




# ਮੱਥੇ 'ਤੇ ਦਿਸਣ ਵਾਲੇ ਕਾਲੇਪਣ ਨੂੰ ਦੂਰ ਕਰਨ ਦੇ ਘਰੇਲੂ ਨੁਸਖੇ

**ਸਹਿਨਾਜ਼ ਹੁਸੈਨ**

ਮੱਥੇ ਦਾ ਕਾਲਾਪਨ ਅਕਸਰ ਤੁਹਾਡੀ ਖ਼ੂਬਸੂਰਤੀ ਨੂੰ ਘਟ ਕਰ ਦਿੰਦਾ ਹੈ। ਪੌਸ਼ਕ ਤੱਤਾਂ ਦੀ ਕਮੀ, ਹਾਰਮੋਨਜ਼ ਅੰਸਤੁਲਨ, ਤੇਜ਼ ਧੁੱਪ ਜਾਂ ਚਮੜੀ ਮੈਲੇਨਿਨ ਦੀ ਜ਼ਿਆਦਾ ਮਾਤਰਾ ਦੀ ਵਜ ?ਹਾ ਕਰਕੇ ਮੱਥਾ ਕਾਲਾ ਹੋਣ ਲਗਦਾ ਹੈ। ਇਸ ਦਾ ਕਾਰਨ ਧੂੜ-ਮਿੱਟੀ, ਮੱਥੇ 'ਤੇ ਪਸੀਨਾ ਆਉਣਾ ਆਦਿ ਵੀ ਹੋ ਸਕਦਾ ਹੈ। ਕਈ ਵਾਰ ਲੋਕਾਂ ਦਾ ਚਿਹਰਾ ਤਾਂ ਚਮਕ ਜਾਂਦਾ ਹੈ ਪਰ ਮੱਥੇ ਦਾ ਕਾਲਾਪਨ ਹਟਣ ਦਾ ਨਾਂਅ ਨਹੀਂ ਲੈਂਦਾ। ਕਈ ਵਾਰ ਤਾਂ ਮੱਥੇ ਦਾ ਕਾਲਪਨ ਦੂਰੋਂ ਹੀ ਨਜ਼ਰ ਆਉਂਦਾ ਹੈ। ਮੱਥੇ ਦਾ ਕਾਲਾਪਨ ਵਧਣ ਕਾਰਨ ਤੁਹਾਡੇ ਚਿਹਰੇ ਦੀ



ਰੰਗਤ ਵੀ ਫਿੱਕੀ ਹੋ ਜਾਂਦੀ ਹੈ। ਜੇਕਰ ਤੁਸੀਂ ਵੀ ਮੱਥੇ ਦੇ ਕਾਲੇਪਨ ਤੋਂ ਪ੍ਰੇਸ਼ਾਨ ਹੋ ਚੁੱਕੇ ਹੋ ਤਾਂ ਇਹ ਘਰੇਲੂ ਨੁਸਖੇ ਅਪਣਾ ਕੇ ਕਲਾਪੇਨ ਨੂੰ ਦੂਰ ਕਰਨ ਵਿਚ ਮਦਦ ਕਰ ਸਕਦੇ ਹਨ।

ਮੱਥੇ ਦਾ ਕਾਲਪਨ ਦੂਰ ਕਰਨ ਲਈ ਓਟਸ ਅਤੇ ਲੱਸੀ ਦਾ ਦੇਸੀ ਨੁਸਖਾ ਕਾਫ਼ੀ ਕਾਰਗਰ ਸਾਬਤ ਹੁੰਦਾ ਹੈ। ਇਸ ਨਾਲ ਚਮੜੀ ਦੀਆਂ ਮਰ ਚੁੱਕੀਆਂ ਕੋਸ਼ਿਕਾਵਾਂ ਹਟ ਜਾਂਦੀਆਂ ਹਨ ਅਤੇ ਕਾਲਾਪਨ ਖ਼ਤਮ ਹੋਣ ਦੇ ਨਾਲ ਹੀ ਚਮੜੀ ਦੀ ਰੰਗਤ ਵੀ ਨਿਖਰੇਗੀ। ਇਸ ਤਰ੍ਹਾਂ ਦੋ ਚਮਚ ਓਟਸ ਨੂੰ ਪਾਣੀ ਵਿਚ ਭਿਉਂ ਦਿਓ। ਹੁਣ 5 ਮਿੰਟ ਬਾਅਦ ਓਟਸ ਵਿਚ 3 ਚਮਚ ਲੱਸੀ ਮਿਲਾ ਕੇ ਬਣੇ ਮਿਸ਼ਰਣ ਨਾਲ ਚਿਹਰੇ 'ਤੇ ਹੌਲੀ-ਹੌਲੀ ਲਗਾਉਂਦੇ ਹੋਏ ਚਿਹਰੇ ਦੀ ਮਸਾਜ ਕਰੋ। ਅੱਧੇ ਘੰਟੇ ਬਾਅਦ ਚਿਹਰੇ ਨੂੰ ਸਾਫ਼ ਤਾਜ਼ੇ ਪਾਣੀ ਨਾਲ ਧੋ ਲਓ। ਇਸ ਨੂੰ ਹਟਾਉਣ ਤੋਂ ਬਾਅਦ ਤੁਸੀਂ ਮਾਈਸਚਰਾਈਜ਼ਰ ਲਗਾ ਸਕਦੇ ਹੋ। ਇਸ ਨੂੰ ਤੁਸੀਂ ਹਫ਼ਤੇ ਵਿਚ ਤਿੰਨ ਵਾਰ ਤੱਕ ਲਗਾ ਸਕਦੇ ਹੋ।

ਕੱਚੇ ਦੁੱਧ ਵਿਚ ਹਲਦੀ ਮਿਲਾ ਕੇ : ਹਲਦੀ ਐਂਟੀਸੈਪਟਿਕ, ਐਂਡੀਬੈਕਟੀਰੀਅਲ ਅਤੇ ਰੰਗਤ ਨਿਖਾਰਨ ਵਾਲੇ ਗੁਣਾਂ ਲਈ ਜਾਣੀ ਜਾਂਦੀ ਹੈ। ਤੁਸੀਂ ਇਸ ਦੀ ਵਰਤੋਂ ਕਰਕੇ ਕਾਲੇਪਨ ਨੂੰ ਦੂਰ ਕਰ ਸਕਦੇ ਹੋ। ਮੱਥੇ ਦੇ ਕਾਲੇਪਨ ਨੂੰ ਘੱਟ ਕਰਨ ਲਈ ਕੱਚੇ ਦੁੱਧ ਵਿਚ ਹਲਦੀ ਮਿਲਾ ਕੇ ਲਗਾਉਣ ਨਾਲ ਵੀ ਤੁਹਾਨੂੰ ਕਾਫ਼ੀ ਫਾਇਦਾ ਹੋਵੇਗਾ। ਇਕ ਕੌਲੀ ਵਿਚ ਅੱਧਾ ਚਮਚ ਹਲਦੀ ਲਓ। ਹੁਣ ਇਸ ਵਿਚ ਦੁੱਧ ਮਿਲਾ ਕੇ ਇਸ ਨੂੰ ਮੱਥੇ 'ਤੇ ਲਗਾਉਣ ਤੋਂ ਬਾਅਦ ਕੁਦਰਤੀ ਤੌਰ 'ਤੇ ਸੁੱਕਣ ਦਿਓ ਅਤੇ ਬਾਅਦ ਵਿਚ ਸਾਫ਼ ਤਾਜ਼ੇ ਪਾਣੀ ਨਾਲ ਚਿਹਰਾ ਧੋ ਲਓ। ਇਸ ਨਾਲ ਹੌਲੀ-ਹੌਲੀ ਮੱਥੇ ਤੋਂ ਕਾਲਾਪਨ ਦੂਰ ਹੋਣ ਲੱਗੇਗਾ।

ਮੱਥੇ ਨੂੰ ਸਾਫ਼ ਕਰਨ ਲਈ ਕੱਚੇ ਦੁੱਧ ਨੂੰ ਰੂੰ ਦੀ ਮਦਦ ਨਾਲ ਲਗਾਓ। ਦੁੱਧ ਮੱਥੇ 'ਤੇ ਅੱਧੇ ਘੰਟੇ ਤੱਕ ਰੱਖੋ ਅਤੇ ਉਸ ਤੋਂ ਬਾਅਦ ਪਾਣੀ ਨਾਲ ਮੱਥਾ ਧੋ ਲਓ। ਇਸ ਨਾਲ ਚਿਹਰੇ ਦੀ ਰੰਗਤ ਵਿਚ ਨਿਖਾਰ ਆਵੇਗਾ।


ਸ਼ਹਿਦ ਅਤੇ ਨਿੰਬੂ : ਮੱਥੇ ਦੇ ਕਾਲੇਪਨ ਨੂੰ ਦੂਰ ਕਰਨ ਲਈ ਸ਼ਹਿਦ ਅਤੇ ਨਿੰਬੂ ਦਾ ਮਿਸ਼ਰਨ ਵੀ ਕਾਫ਼ੀ ਲਾਭਕਾਰੀ ਹੋ ਸਕਦਾ ਹੈ। ਇਸ ਲਈ 1 ਚਮਚ ਸ਼ਹਿਦ ਵਿਚ ਅੱਧਾ ਚਮਚ ਨਿੰਬੂ ਦਾ ਰਸ ਮਿਲਾ ਕੇ ਉਂਗਲੀਆਂ ਦੀ ਮਦਦ ਨਾਲ ਇਸ ਨੂੰ ਮੱਥੇ 'ਤੇ ਲਗਾ ਕੇ 45 ਮਿੰਟ ਤੱਕ ਛੱਡ ਦਿਓ। ਨਿੰਬੂ ਵਿਚ ਬਲੀਚਿੰਗ ਗੁਣ ਪਾਏ ਜਾਂਦੇ ਹਨ ਜੋ ਮੈਲ ਨੂੰ ਹਟਾ ਕੇ ਚਮੜੀ ਦੀ ਰੰਗਤ ਸਹੀ ਕਰਦਾ ਹੈ। ਲਗਾਤਾਰ ਕਰਨ ਨਾਲ ਇਹ ਨੁਸਖਾ ਤੁਹਾਡੀ ਚਮੜੀ ਦੀ ਰੰਗਤ ਨੂੰ ਸੁਧਾਰਨ ਵਿਚ ਵੀ ਕਾਫ਼ੀ ਮਦਦ ਕਰੇਗਾ। ਮੱਥੇ ਦੇ ਕਾਲੇਪਨ ਨੂੰ ਦੂਰ ਕਰਨ ਵਿਚ ਤੇਲ ਕਾਫ਼ੀ ਸਹਾਇਕ ਹੁੰਦਾ ਹੈ। ਤੇਲਾਂ ਵਿਚ ਕਈ ਤਰ੍ਹਾਂ ਦੇ ਫੈਟੀ ਐਸਿਡ ਹੁੰਦੇ ਹਨ ਜੋ ਚਮੜੀ ਨੂੰ ਸਾਫ਼ ਕਰਦੇ ਹਨ। ਹਾਈਪਰਪਿਗਨੇਟੈਂਸ਼ਨ ਨੂੰ ਘਟ ਕਰਨ ਲਈ ਵੀ ਇਹ ਤੇਲ ਲਗਾਏ ਜਾ ਸਕਦੇ ਹਨ। ਨਾਰੀਅਲ ਦਾ ਤੇਲ, ਬਦਾਮ ਦਾ ਤੇਲ, ਜੈਤੂਨ ਦਾ ਤੇਲ ਮੱਥੇ 'ਤੇ ਲਗਾ ਕੇ ਮਾਲਿਸ਼ ਕਰਨ ਬਾਅਦ ਧੋ ਲੈਣ ਨਾਲ ਚੰਗਾ ਅਸਰ ਨਜ਼ਰ ਆਉਂਦਾ ਹੈ। ਇਸ ਨੂੰ ਹਫ਼ਤੇ ਵਿਚ 3 ਤੋਂ 4 ਵਾਰ ਲਗਾਇਆ ਜਾ ਸਕਦਾ ਹੈ।

ਇਕ ਕੌਲੀ ਵਿਚ ਬਦਾਮ ਦਾ ਇਕ ਚਮਚ ਤੇਲ, ਸ਼ਹਿਦ ਅਤੇ ਦੁੱਧ ਦਾ ਪਾਊਡਰ ਮਿਲਾਓ। ਇਸ ਪੇਸਟ ਨੂੰ ਆਪਣੇ ਮੱਥੇ 'ਤੇ ਲਗਾ ਲਓ ਅਤੇ ਸੁੱਕਣ ਦਿਓ। ਫਿਰ ਰਗੜ ਕੇ ਮੱਥੇ ਨੂੰ ਸਾਫ਼ ਕਰ ਲਓ। ਇਸ ਤਰ੍ਹਾਂ ਲਗਾਤਾਰ ਕਰਨ ਨਾਲ ਮੱਥੇ ਦਾ ਕਾਲਾਪਨ ਕੁਝ ਹੀ ਦਿਨਾਂ ਵਿਚ ਦੂਰ ਹੋ ਜਾਵੇਗਾ।

# ਨਿੱਕੇ ਨਿੱਕੇ ਕੰਮਾਂ ਦੀ ਮਹੱਤਤਾ ਅਤੇ ਮਹਾਨਤਾ

**ਅਮਰਜੀਤ ਬਰਾੜ**

ਇਕ ਔਰਤ ਜੋ ਸਵੇਰ ਵੇਲੇ ਸਭ ਤੋਂ ਪਹਿਲਾਂ ਜਾਗਦੀ ਹੈ ਅਤੇ ਰਾਤ ਸਮੇਂ ਸਭ ਤੋਂ ਬਾਅਦ ਵਿਚ ਸੌਂਦੀ ਹੈ। ਉਸ ਦੇ ਨਿੱਕੇ-ਨਿੱਕੇ ਕੰਮਾਂ, ਉਸ ਦੇ ਨਿੱਕੇ-ਨਿੱਕੇ ਕਦਮਾਂ ਅਤੇ ਉਸ ਦੇ ਨਿੱਕੇ-ਨਿੱਕੇ ਯਤਨਾਂ ਦੀ ਜੋ ਮਹੱਤਤਾ ਅਤੇ ਮਹਾਨਤਾ ਹੈ, ਅੱਜ ਤੱਕ ਕਿਸੇ ਵੀ ਸਮਾਜ ਵਿਚ ਉਸ ਦਾ ਉਹ ਮੁੱਲ ਨਹੀਂ ਮਿਲਿਆ ਜਿਸ ਦੀ ਕਿ ਉਹ ਅਸਲੀ ਹੱਕਦਾਰ ਹੈ। ਕਾਮਯਾਬੀ ਦੇ ਮੰਚ 'ਤੇ ਨਾਲ ਖੜ੍ਹ ਕੇ ਤਸਵੀਰਾਂ ਖਿਚਵਾਉਣ ਵਾਲੇ ਸ਼ਾਇਦ ਨਹੀਂ ਜਾਣਦੇ ਕਿ ਕਾਮਯਾਬ ਇਨਸਾਨ ਦੇ ਪਿੱਛੇ ਉਹ ਕਿੰਨੀਆਂ ਵੱਡੀਆਂ ਤਾਕਤਾਂ ਹਨ ਜਿਨ੍ਹਾਂ ਦਾ ਜ਼ਿਕਰ ਕਰਨ ਲੱਗਿਆਂ ਬਹੁਤ ਕੰਜੂਸੀ ਕੀਤੀ ਜਾਂਦੀ ਹੈ। ਹਰ ਰੋਜ਼ ਸਮੇਂ ਅਨੁਸਾਰ ਸੁੱਤਿਆਂ ਜਗਾਉਣ ਵਾਲੀ ਵਾਜ਼, ਹਰ ਰੋਜ਼ ਬਿਨਾਂ ਨਾਗਾ ਬਿਨਾਂ ਛੁੱਟੀ ਭੋਜਨ ਤਿਆਰ ਕਰਨ ਵਾਲੇ ਹੱਥ ਹਰ ਤਰ੍ਹਾਂ ਦੀ ਜੂਠ ਨੂੰ ਸਾਫ਼ ਕਰਨ ਵਾਲੀਆਂ ਉਂਗਲਾਂ ਘਰ ਦੀ ਕੱਲੀ-ਕੱਲੀ ਚੀਜ਼ ਨੂੰ ਸਾਫ਼ ਕਰਨ ਵਾਲੇ ਯਤਨ, ਹਰ ਤਰ੍ਹਾਂ ਦੇ ਪਹਿਰਾਵੇ ਨੂੰ ਹਰ ਰੋਜ਼ ਨਵੇਂ ਸਿਰੇ ਤੋਂ ਸੰਵਾਰਨ ਅਤੇ ਜਚਾਉਣ ਦਾ ਫ਼ਰਜ਼ ਅਤੇ ਹਰ ਤਰੀਕੇ ਨਾਲ ਘਰੇਲੂ ਜ਼ਿੰਮੇਵਾਰੀਆਂ ਨੂੰ ਬਿਨਾਂ ਕਿਸੇ ਬਹਾਨੇ ਨਿਭਾਉਣ ਵਾਲੀ ਔਰਤ ਬੇਸ਼ੱਕ ਇਕ ਮਾਂ, ਭੈਣ, ਪਤਨੀ ਹੋਵੇ, ਯਕੀਨਨ ਇਹ ਜ਼ਿੰਮੇਵਾਰੀਆਂ ਦੀ ਪੰਡ ਚੁੱਕਣ ਵਾਲੀ ਨੂੰ ਉਹ ਇੱਜ਼ਤ, ਉਹ ਸਨਮਾਨ ਜਾਂ ਮੁੱਲ ਨਹੀਂ ਮਿਲਿਆ ਜਿਸ ਦੀ ਉਹ ਹੱਕਦਾਰ ਸੀ।



ਜੇਕਰ ਧੰਨਵਾਦ ਕਰਨ ਲਈ ਤੁਹਾਨੂੰ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਤਾਂ ਇਸ ਵਿਚ ਕਸੂਰ ਤੁਹਾਡਾ ਹੀ ਹੈ। ਸਾਨੂੰ ਸਭ ਨੂੰ ਪਤਾ ਹੁੰਦਾ ਹੈ ਕਿ ਅਸੀਂ ਕੀਹਦੇ ਕਰਕੇ ਪ੍ਰੇਸ਼ਾਨ ਹਾਂ ਪਰ ਉਨ੍ਹਾਂ ਲੋਕਾਂ ਨੂੰ ਵੀ ਸਮਝੋ ਜਿਨ੍ਹਾਂ ਨੂੰ ਤੁਹਾਡੇ ਕਰਕੇ ਪ੍ਰੇਸ਼ਾਨੀ ਆਉਂਦੀ ਹੈ। ਕਿਸੇ ਵੀ ਗ਼ਲਤੀ ਵੱਲ ਇਸ਼ਾਰਾ ਕਰਨ ਤੋਂ ਪਹਿਲਾਂ ਆਪਣਾ ਹੱਥ ਸਾਫ਼ ਹੋਣਾ ਜ਼ਰੂਰੀ ਹੈ। ਪੈਰ ਨਾਲੋਂ ਜੀਭ ਦਾ ਤਿਲਕਣਾ ਵੱਧ ਖ਼ਤਰਨਾਕ ਹੈ। ਪੈਰ ਤਿਲਕ ਜਾਵੇ ਤਾਂ ਸੱਟ ਵੱਜਦੀ ਹੈ ਅਤੇ ਜੀਭ ਤਿਲਕ ਜਾਵੇ ਤਾਂ ਸੱਟਾਂ ਵੱਜਦੀਆਂ ਹਨ। ਕਿਸੇ ਵੀ ਕੰਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਉਸ ਦੇ ਨਤੀਜੇ ਬਾਰੇ ਜ਼ਰੂਰ ਸੋਚ ਲੈਣਾ ਚਾਹੀਦਾ ਹੈ। ਇਕ ਛੋਟੀ ਜਿਹੀ ਮੱਖੀ ਇਕ ਸ਼ੇਰ ਜਾਂ ਹਾਥੀ ਦਾ ਜੀਣਾ ਮੁਸ਼ਕਿਲ ਕਰ ਸਕਦੀ ਹੈ।

ਇਕ ਸੇਵਾਦਾਰ ਜਾਂ ਸੇਵਾਦਾਰਨੀ ਜੋ ਤੁਹਾਡੇ ਘਰ ਵਿਚ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਕੰਮ ਕਰਦੀ ਹੈ, ਜੇਕਰ ਉਸ ਦਾ ਬੱਚਾ ਵੀ ਤੁਹਾਡੇ ਘਰ ਵਿਚ ਸੇਵਾਦਾਰ ਹੈ ਤਾਂ ਇਸ ਦਾ ਮਤਲਬ ਤੁਸੀਂ ਆਪਣਾ ਸਹੀ ਫ਼ਰਜ਼ ਅਦਾ ਨਹੀਂ ਕਰ ਰਹੇ। ਅਸੀਂ ਸਾਰਿਆਂ ਲਈ ਸਾਰਾ ਕੁਝ ਨਹੀਂ ਕਰ ਸਕਦੇ ਪਰ ਆਪਣੇ ਇਕ ਸੇਵਾਦਾਰ ਦੇ ਬੱਚੇ ਨੂੰ ਪੜ੍ਹਾ ਤਾਂ ਸਕਦੇ ਹੀ ਹਾਂ। ਸਾਡੀ ਅਮੀਰੀਆਂ ਖੋਖਲੀਆਂ ਨਹੀਂ ਹੋਣੀਆਂ ਚਾਹੀਦੀਆਂ। ਜੇਕਰ ਸਾਡੀਆਂ ਸੋਚਾਂ ਅਤੇ ਸਾਡੇ ਕਿਰਦਾਰਾਂ ਦੇ ਕੱਦ ਨੀਵੇਂ ਹਨ ਤਾਂ ਸਾਡੀਆਂ ਉੱਚੀਆਂ ਇਮਾਰਤਾਂ ਸਾਨੂੰ ਮਾਣ ਕਰਨ ਵਾਲੇ ਰੁਤਬੇ ਨਹੀਂ ਦੇ ਸਕਦੀਆਂ। ਰਵੱਈਆ ਯੋਗਤਾ ਨਾਲੋਂ ਕਿਤੇ ਵੱਧ ਕੰਮ ਕਰਦਾ ਹੈ। ਦਿਲੋਂ ਧੰਨਵਾਦ ਕਰਨ ਲਈ ਸ਼ਬਦ ਉਧਾਰੇ ਲੈਣ ਦੀ ਲੋੜ ਨਹੀਂ ਹੁੰਦੀ।

ਕੋਈ ਵੀ ਕੌਮ ਕੰਮ ਅਤੇ ਕਾਮੇ ਦੇ ਸਤਿਕਾਰ ਨਾਲ ਹੀ ਉੱਪਰ ਉੱਠਦੀ ਹੈ। ਜੱਗ ਵਿਖਾਵੇ ਵਾਲੀ ਅਮੀਰੀ ਜਾਂ ਸ਼ੋਹਰਤ ਵਿਚ ਉਹ ਖ਼ੁਸ਼ੀ, ਤਸੱਲੀ ਜਾਂ ਪ੍ਰਸੰਨਤਾ ਨਹੀਂ ਹੁੰਦੀ ਜਿਸ ਦੀ ਕਿ ਸਾਨੂੰ ਅਸਲ ਵਿਚ ਲੋੜ ਹੈ। ਬਿਮਾਰੀ ਕੋਈ ਹੋਰ ਹੈ ਅਤੇ ਦਵਾਈ ਅਸੀਂ ਕਿਸੇ ਹੋਰ ਚੀਜ਼ ਦੀ ਲੈ ਰਹੇ ਹਾਂ। ਤਰੱਕੀ ਦਾ ਮਤਲਬ ਨਿੱਕੇ-ਨਿੱਕੇ ਕੰਮਾਂ ਤੋਂ ਖਹਿੜਾ ਛੁਡਾਉਣਾ ਨਹੀਂ ਹੁੰਦਾ ਬਲਕਿ ਨਿੱਕੇ-ਨਿੱਕੇ ਕੰਮਾਂ ਦੇ ਮਹੱਤਵ ਨੂੰ ਜਾਣਨਾ ਅਤੇ ਸਮਝਣਾ ਹੁੰਦਾ ਹੈ। ਆਮਦਨ ਥੋੜ੍ਹੀ ਹੋਵੇ ਤਾਂ ਆਪਣੇ ਸਬਰ ਨੂੰ ਵੱਡਾ ਕਰ ਲੈਣਾ ਚਾਹੀਦਾ ਹੈ। ਸਬਰ ਵਿਚ ਹੀ ਸ਼ੁੱਕਰ ਹੈ ਵਰਨਾ ਲਾਲਚ ਦੀ ਕੋਈ ਸੀਮਾ ਨਹੀਂ ਹੁੰਦੀ। ਬਹੁਤ ਕੁਝ ਕਮਾਇਆ, ਬਹੁਤ ਕੁਝ ਬਣਾਇਆ ਪਰ ਫਿਰ ਵੀ ਜੇ ਮਨ ਨੂੰ ਚੈਨ ਨਹੀਂ ਆਇਆ ਤਾਂ ਫਿਰ ਹੀ ਸੋਚੋ ਕਿ ਕੀ ਬਣਾਇਆ ਅਤੇ ਕੀ ਕਮਾਇਆ।

ਰੀਝਾਂ ਪੂਰੀਆਂ ਕਰਨ ਵਾਲੀ ਦੀ ਵੀ ਕੋਈ ਰੀਝ ਹੈ। ਤੁਹਾਨੂੰ ਹਮੇਸ਼ਾ ਖ਼ੁਸ਼ ਵੇਖਣ ਵਾਲੀ ਦੀ ਵੀ ਕੋਈ ਖ਼ੁਸ਼ੀ ਹੈ। ਤੁਹਾਡੇ ਮਨੋਰਥ ਨੂੰ ਪੂਰਾ ਕਰਨ ਲਈ ਜਿਸ ਨੇ ਆਪਣੀ ਉਮਰ ਦੇ ਅਨੇਕਾਂ ਸਾਲ ਤੁਹਾਨੂੰ ਸਮਰਪਿਤ ਕਰ ਦਿੱਤੇ, ਉਸ ਦਾ ਕੋਈ ਮਨੋਰਥ ਹੈ। ਆਪਣੀਆਂ ਖ਼ੁਸ਼ੀਆਂ ਅਤੇ ਆਪਣੀਆਂ ਕਾਮਯਾਬੀਆਂ ਨੂੰ ਸਿਰਫ਼ ਆਪਣੇ ਤੱਕ ਸੀਮਤ ਨਾ ਰੱਖੋ।

ਜ਼ਿੰਦਗੀ ਦੀ ਜ਼ਮੀਨ ਤੇ ਗ਼ਲਤ ਆਦਤਾਂ ਦੇ ਪੌਦਿਆਂ ਨੂੰ ਪਾਣੀ ਦੇਣਾ ਬੰਦ ਕਰੋ। ਗ਼ਲਤ ਆਦਤਾਂ ਦੇ ਪੌਦੇ ਜਦੋਂ ਇਕ ਦਿਨ ਰੁੱਖ ਬਣਨਗੇ ਤਾਂ ਫਿਰ ਇਨ੍ਹਾਂ ਨੂੰ ਜੜ੍ਹਾਂ ਤੋਂ ਪੁੱਟਣਾ ਬਹੁਤ ਔਖਾ ਹੋਵੇਗਾ। ਨਿਰਸੰਦੇਹ ਅਸੀਂ ਉਹੀ ਕੁਝ ਸੁਣਦੇ ਹਾਂ, ਜੋ ਅਸੀਂ ਸੁਣਨਾ ਚਾਹੁੰਦੇ ਹਾਂ। ਅਸੀਂ ਉਹੀ ਕੁਝ ਬਣਦੇ ਹਾਂ ਜੋ ਅਸੀਂ ਬਣਨਾ ਚਾਹੁੰਦੇ ਹਾਂ। ਅਸੀਂ ਉਹੀ ਕੁਝ ਸਮਝਦੇ ਹਾਂ ਜੋ ਅਸੀਂ ਸਮਝਣਾ ਚਾਹੁੰਦੇ ਹਾਂ। ਅਸੀਂ ਉਹੀ ਕੁਝ ਸਿੱਖਦੇ ਹਾਂ ਜੋ ਅਸੀਂ ਸਿੱਖਣਾ ਚਾਹੁੰਦੇ ਹਾਂ। ਸੱਚ ਅਸੀਂ ਉਹੀ ਕੁਝ ਹੁੰਦੇ ਹਾਂ ਜੋ ਅਸੀਂ ਕਰਦੇ ਹਾਂ। ਨਿਰਸੰਦੇਹ ਉਨ੍ਹਾਂ ਘਰਾਂ ਦੇ ਸਸਕਾਰ ਬੜੇ ਅਮੀਰ ਅਤੇ ਖ਼ੁਸ਼ਹਾਲ ਹੁੰਦੇ ਹਨ ਜਿਨ੍ਹਾਂ ਘਰਾਂ ਵਿਚ ਔਰਤ ਨੂੰ ਸਤਿਕਾਰ ਅਤੇ ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਸਾਡੀ ਵਿਰਾਸਤ ਦੀ ਅਮੀਰੀ ਨੂੰ ਸਾਡੇ ਸਸਕਾਰ ਹੀ ਤੈਅ ਕਰਦੇ ਹਨ।


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਇੱਕ ਵਿਦਿਆਰਥੀ ਦੇ ਜੀਵਨ ਵਿੱਚ ਇੱਕ ਅਧਿਆਪਕ ਦੀ ਭੂਮਿਕਾ

ਵਿਦਿਆਰਥੀ ਜੀਵਨ ਵਿੱਚ ਇੱਕ ਅਧਿਆਪਕ ਦੀ ਭੂਮਿਕਾ ਆਪਣੇ ਵਿਦਿਆਰਥੀਆਂ ਦੇ ਜੀਵਨ ਉੱਤੇ ਇੱਕ ਅਧਿਆਪਕ ਦਾ ਪ੍ਰਭਾਵ ਅਸਵੀਕਾਰਨ ਯੋਗ ਹੈ। ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ, ਜੋ ਕਈ ਖੇਤਰਾਂ ਵਿੱਚ ਮਹੱਤਵਪੂਰਨ ਫਰਜ਼ ਨਿਭਾਉਣ ਅਤੇ ਸਮਾਜ ਦੀ ਇਸ ਤਰ੍ਹਾਂ ਸੇਵਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਉਨ੍ਹਾਂ ਨੂੰ ਜ਼ਿੰਦਗੀ ਵਿਚ ਕੁਝ ਵਧੀਆ ਕਰਨ ਲਈ ਕੀ ਪ੍ਰਭਾਵਿਤ ਕਰਦਾ ਹੈ? ਅੱਜ ਦਾ ਨੌਜਵਾਨ ਜਦੋਂ ਵੱਡਾ ਹੋ ਕੇ ਕੱਲ੍ਹ ਨੂੰ ਸੁੰਦਰ ਇਨਸਾਨ ਬਣਨ ਦਾ ਸਿਹਰਾ ਮਾਪਿਆਂ ਤੋਂ ਇਲਾਵਾ ਕਿਸਦਾ ਹੈ? ਇਹ ਅਧਿਆਪਕ ਹੈ! ਅਧਿਆਪਕ ਬਿਹਤਰ ਭਵਿੱਖ ਦੇ ਨਿਰਮਾਤਾ ਹਨ। ਉਹ ਅੱਜ ਦੇ ਨੌਜਵਾਨਾਂ ਨੂੰ ਆਕਾਰ ਦਿੰਦੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਕੁਝ ਵਧੀਆ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ। ਇੱਕ ਚੰਗਾ ਅਧਿਆਪਕ ਬਣਨ ਲਈ ਕੀ ਚਾਹੀਦਾ ਹੈ? ਉਸ ਕੋਲ ਕਿਹੜੇ ਜ਼ਰੂਰੀ ਗੁਣ ਹਨ ਜੋ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਲਈ ਕਾਫੀ ਹਨ? ਉਹ ਵਿਦਿਆਰਥੀ ਦੇ ਜੀਵਨ 'ਤੇ ਕੀ ਪ੍ਰਭਾਵ ਪਾਉਣ ਦੇ ਸਮਰੱਥ ਹੈ? ਆਉ ਅੱਜ ਇਹਨਾਂ ਸਾਰੇ ਸਵਾਲਾਂ ਨੂੰ ਹੱਲ ਕਰੀਏ ਅਤੇ ਵਿਦਿਆਰਥੀ ਦੇ ਜੀਵਨ ਵਿੱਚ ਇੱਕ ਅਧਿਆਪਕ ਦੀ ਭੂਮਿਕਾ ਬਾਰੇ ਵਿਸਥਾਰ ਵਿੱਚ ਚਰਚਾ ਕਰੀਏ। ਇੱਕ ਅਧਿਆਪਕ ਕੌਣ ਹੈ? ਸਭ ਤੋਂ ਪਹਿਲਾਂ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਅਧਿਆਪਕ ਕੌਣ ਹੈ। ਆਮ ਤੌਰ 'ਤੇ, ਅਧਿਆਪਕ ਦੀ ਪਰਿਭਾਸ਼ਾ ਇਸ ਤਰ੍ਹਾਂ ਚਲਦੀ ਹੈ, ਉਹ ਵਿਅਕਤੀ ਜੋ ਸਕੂਲਾਂ, ਕਾਲਜਾਂ, ਜਾਂ ਪ੍ਰਾਈਵੇਟ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹੈ ਅਤੇ ਖਾਸ ਵਿਸ਼ਿਆਂ 'ਤੇ ਗਿਆਨ ਦਿੰਦਾ ਹੈ, ਹੋਮਵਰਕ ਦੀ ਜਾਂਚ ਕਰਦਾ ਹੈ, ਅਤੇ ਫੀਡਬੈਕ ਪ੍ਰਦਾਨ ਕਰਦਾ ਹੈ। ਖੈਰ, ਇਹ ਇੱਕ ਆਮ ਪਰਿਭਾਸ਼ਾ ਹੈ ਪਰ 'ਅਧਿਆਪਕ' ਸ਼ਬਦ ਇਸ ਤੋਂ ਵੱਧ ਕੁਝ ਹੈ। ਇੱਕ ਅਧਿਆਪਕ ਹੋਣਾ ਸਿਰਫ਼ ਗਿਆਨ ਦੇਣ, ਲੈਕਚਰ ਦੇਣ ਅਤੇ ਪਿੱਛੇ-ਪਿੱਛੇ ਕਲਾਸਾਂ ਵਿੱਚ ਜਾਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ। ਇੱਕ ਅਧਿਆਪਕ ਉਹ ਹੁੰਦਾ ਹੈ ਜੋ ਆਪਣੇ ਵਿਦਿਆਰਥੀਆਂ ਦੇ ਜੀਵਨ ਵਿੱਚ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ। ਉਹ ਉਹਨਾਂ ਨੂੰ ਆਪਣੇ ਆਪ ਦਾ ਇੱਕ ਬਿਹਤਰ ਸੰਸਕਰਣ ਬਣਨ ਅਤੇ ਜੀਵਨ ਵਿੱਚ ਕੁਝ ਮਹੱਤਵਪੂਰਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ। ਅਧਿਆਪਕ ਉਮੀਦਵਾਰਾਂ ਨੂੰ ਸਾਥੀ ਭਾਵਨਾ, ਭਾਈਚਾਰਾ, ਦਿਆਲਤਾ ਅਤੇ ਸਾਦਗੀ ਵਰਗੇ ਵਿਲੱਖਣ ਗੁਣਾਂ ਬਾਰੇ ਸਿੱਖਿਅਤ ਕਰਦੇ ਹਨ। ਅਧਿਆਪਕ ਕਦੇ ਵੀ ਹਰ ਥਾਂ ਇੱਕੋ ਕਿਸਮ ਦੇ ਵਿਦਿਆਰਥੀਆਂ ਨਾਲ ਨਹੀਂ ਟਕਰਾਉਂਦੇ, ਸਗੋਂ ਕਿਸਮਾਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਅੱਜ ਉਹ ਉੱਚ ਅਭਿਲਾਸ਼ਾ ਵਾਲੇ ਕਿਸੇ ਵਿਅਕਤੀ ਨੂੰ ਮਿਲ ਸਕਦੇ ਹਨ ਅਤੇ ਆਸਾਨੀ ਨਾਲ ਉਨ੍ਹਾਂ ਨੂੰ ਢੁਕਵੀਂ ਸਲਾਹ ਦੇ ਸਕਦੇ ਹਨ। ਅਸਲ ਚੁਣੌਤੀ ਉਦੇਸ਼ ਰਹਿਤ ਵਿਅਕਤੀਆਂ ਨੂੰ ਜ਼ੀਰੋ ਗੰਭੀਰਤਾ ਨਾਲ ਮਿਲਣਾ ਅਤੇ ਉਹਨਾਂ ਨੂੰ ਆਪਣੇ ਆਪ ਦਾ ਇੱਕ ਬਿਹਤਰ ਸੰਸਕਰਣ ਬਣਨ ਲਈ ਪ੍ਰਭਾਵਿਤ ਕਰਨਾ ਹੈ। ਇਸ ਲਈ ਇੱਕ ਅਧਿਆਪਕ ਦੀ ਡਿਊਟੀ ਸਿਰਫ਼ ਲੈਕਚਰਾਂ ਵਿੱਚ ਸ਼ਾਮਲ ਹੋਣ ਅਤੇ ਨੋਟ ਭੇਜਣ ਤੱਕ ਸੀਮਤ ਨਹੀਂ ਹੈ। ਇਹ ਇਸ ਤੋਂ ਪਰੇ ਦੀ ਚੀਜ਼ ਹੈ ਅਤੇ ਉਹਨਾਂ ਦੇ ਵਿਦਿਆਰਥੀ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਮਹੱਤਵ ਹੈ। ਇੱਕ ਅਧਿਆਪਕ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਅਧਿਆਪਕ ਬਣਨਾ ਆਸਾਨ ਨਹੀਂ ਹੈ ਅਤੇ ਉਨ੍ਹਾਂ ਨੂੰ ਆਪਣੇ ਕਰੀਅਰ ਦੌਰਾਨ ਬਹੁਤ ਕੁਝ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਕੁਝ ਵਿਸ਼ੇਸ਼ਤਾਵਾਂ ਇੱਕ ਆਮ ਅਤੇ ਮਹਾਨ ਵਿਚਕਾਰ ਅੰਤਰ ਨੂੰ ਦਰਸਾਉਂਦੀਆਂ ਹਨ। ਅਧਿਆਪਕਾਂ ਦਾ ਮਾਮਲਾ ਵੀ ਕੋਈ ਅਪਵਾਦ ਨਹੀਂ ਹੈ। ਅਧਿਆਪਕਾਂ ਨੂੰ ਉਮੀਦਵਾਰਾਂ ਦੇ ਆਦਰਸ਼ ਬਣਨ ਦੀ ਲੋੜ ਹੈ, ਉਨ੍ਹਾਂ ਨੂੰ ਵੱਡੇ ਸਨਮਾਨ ਨਾਲ ਦੇਖਣਾ ਚਾਹੀਦਾ ਹੈ। ਇਹ ਉਦੋਂ ਹੀ ਹੈ ਜਦੋਂ ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਵਿਦਿਆਰਥੀ ਉਸ ਦੇ ਅਧਿਆਪਕ ਦੁਆਰਾ ਦਰਸਾਏ ਗਏ ਕਦਮਾਂ 'ਤੇ ਚੱਲ ਰਹੇ ਹਨ। ਨਿਮਨਲਿਖਤ ਵਿਸ਼ੇਸ਼ਤਾ ਇੱਕ ਚੰਗੇ ਅਤੇ ਉੱਤਮ ਅਧਿਆਪਕ ਵਿੱਚ ਸਭ ਤੋਂ ਵੱਡਾ ਅੰਤਰ ਬਣਾਉਂਦੀ ਹੈ:



**ਹਮਦਰਦ:** ਇੱਕ ਹੁਨਰਮੰਦ ਅਧਿਆਪਕ ਹੋਣ ਦੇ ਨਾਤੇ ਵਿਅਕਤੀ ਨੂੰ ਸਿਰਫ਼ ਵਿਦਿਆਰਥੀਆਂ ਪ੍ਰਤੀ ਹੀ ਨਹੀਂ, ਸਗੋਂ ਆਪਣੇ ਸਹਿਕਰਮੀਆਂ, ਸਟਾਫ਼ ਅਤੇ ਮਾਪਿਆਂ ਪ੍ਰਤੀ ਬਹੁਤ ਹਮਦਰਦੀ ਰੱਖਣ ਦੀ ਲੋੜ ਹੁੰਦੀ ਹੈ।

**ਸਿੱਖਣ ਲਈ ਭਾਵੁਕ:** ਇੱਕ ਸਫਲ ਅਧਿਆਪਨ ਕੈਰੀਅਰ ਸਥਾਪਤ ਕਰਨ ਲਈ, ਅਧਿਆਪਕ ਨੂੰ ਇੱਕ ਭਾਵੁਕ ਸਿਖਿਆਰਥੀ ਬਣਨ ਦੀ ਲੋੜ ਹੁੰਦੀ ਹੈ। ਉਸਨੂੰ ਨਵੀਨਤਾਕਾਰੀ ਵਿਧੀਆਂ ਨੂੰ ਉਜਾਗਰ ਕਰਨ ਵਿੱਚ ਸਭ ਤੋਂ ਵੱਧ ਰੁਚੀ ਹੋਣੀ ਚਾਹੀਦੀ ਹੈ ਅਤੇ ਹਮੇਸ਼ਾਂ ਇੱਕ ਸਮਰਪਿਤ ਸਿਖਿਆਰਥੀ ਹੋਣਾ ਚਾਹੀਦਾ ਹੈ।

**ਡੂੰਘਾਈ ਨਾਲ ਸਮਝਣ ਦੀ ਸਮਰੱਥਾ:** ਇੱਕ ਅਧਿਆਪਕ ਹੋਣ ਦੇ ਨਾਤੇ ਵਿਅਕਤੀ ਕੋਲ ਵਿਦਿਆਰਥੀਆਂ ਦੁਆਰਾ ਦਰਪੇਸ਼ ਵੱਖੋ-ਵੱਖਰੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਲਈ ਮਜ਼ਬੂਤ ਸਮਝਣ ਦੀ ਸਮਰੱਥਾ ਦੀ ਲੋੜ ਹੁੰਦੀ ਹੈ।

**ਧੀਰਜ:** ਧੀਰਜ ਸਿੱਖਿਆ ਦੇ ਖੇਤਰ ਵਿੱਚ ਸਫਲਤਾ ਦੀ ਕੁੰਜੀ ਹੈ। ਅਧਿਆਪਕਾਂ ਨੂੰ ਉਮੀਦਵਾਰਾਂ, ਸਕੂਲ ਪ੍ਰਣਾਲੀ, ਪਾਠਕ੍ਰਮ, ਅਤੇ ਮਾਪਿਆਂ ਨਾਲ ਨਜਿੱਠਣ ਵੇਲੇ ਬਹੁਤ ਸਬਰ ਰੱਖਣ ਅਤੇ ਕਿਸੇ ਵੀ ਮੁੱਦੇ ਨੂੰ ਸ਼ਾਂਤੀ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਹੋਣ ਕਰਕੇ ਏਆਪਣੇ ਸ਼ਬਦਾਂ ਦੇ ਚੰਗੇ ਅਨੁਯਾਈ: ਜੇਕਰ ਅਧਿਆਪਕ ਵਿਦਿਆਰਥੀਆਂ ਨੂੰ ਇੱਕ ਚੰਗੇ ਵਿਅਕਤੀ ਬਣਨ ਅਤੇ ਸਾਰੇ ਚੰਗੇ ਗੁਣਾਂ ਦੀ ਪਾਲਣਾ ਕਰਨ ਲਈ ਸਿਖਾ ਰਿਹਾ ਹੈ, ਤਾਂ ਉਹਨਾਂ ਨੂੰ ਉਸੇ ਦੇ ਪੱਕੇ ਪੈਰੋਕਾਰ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਸਿੱਖਿਆ ਦੇਣ ਵਾਲੇ ਬਣਨ ਦੀ ਲੋੜ ਹੈ ਸਿਰਫ਼ ਦੱਸ ਕੇ ਨਹੀਂ, ਸਗੋਂ ਉਸ ਦੀਆਂ ਗਤੀਵਿਧੀਆਂ ਨਾਲ ਵੀ ਸਿੱਧ ਕਰਕੇ।

**ਮਹਾਨ ਸੰਚਾਰਕ:** ਉੱਤਮ ਅਧਿਆਪਕ ਸ਼ਾਨਦਾਰ ਸੰਚਾਰਕ ਹੁੰਦੇ ਹਨ ਅਤੇ ਉਹ ਵਿਦਿਆਰਥੀਆਂ ਨਾਲ ਨਵੇਂ ਸਿਰੇ ਤੋਂ ਗੱਲ ਕਰ ਸਕਦੇ ਹਨ ਅਤੇ ਉਹਨਾਂ ਮੁੱਦਿਆਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ ਜਿਨ੍ਹਾਂ ਵਿੱਚੋਂ ਉਹ ਲੰਘ ਸਕਦੇ ਹਨ। ਉਹ ਉਹਨਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

**ਯਤਨ ਕਰਨ ਵਿੱਚ ਬਹੁਤ ਵਧੀਆ:** ਅਧਿਆਪਕ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। 'ਪਰਵਾਹ ਨਾ ਕਰੋ' ਰਵੱਈਏ ਵਾਲੇ ਲੋਕ ਅਸਲ ਵਿੱਚ ਇਸ ਨੂੰ ਅਧਿਆਪਨ ਲਾਈਨ ਵਿੱਚ ਦੂਰ ਨਹੀਂ ਕਰ ਸਕਦੇ ਹਨ। ਦੂਜਿਆਂ ਤੋਂ ਵੱਖਰੇ ਹੋਣ ਅਤੇ ਭੀੜ ਤੋਂ ਵੱਖ ਹੋਣ ਲਈ, ਪ੍ਰਭਾਵਸ਼ਾਲੀ ਅਧਿਆਪਕ ਹਮੇਸ਼ਾ ਕਲਾਸਰੂਮ ਅਤੇ ਵਿਦਿਆਰਥੀਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਵਾਧੂ ਕੋਸ਼ਿਸ਼ ਕਰਦੇ ਹਨ। ਹੁਣ ਜਦੋਂ ਅਸੀਂ ਇੱਕ ਹੁਸ਼ਿਆਰ ਅਧਿਆਪਕ ਦੇ ਗੁਣਾਂ ਨੂੰ ਜਾਣਦੇ ਹਾਂ, ਆਓ ਦੇਖੀਏ ਕਿ ਇੱਕ ਅਧਿਆਪਕ ਵਿਦਿਆਰਥੀ ਦੇ ਜੀਵਨ ਨੂੰ ਕਿਸੇ ਸਕਾਰਾਤਮਕ ਵੱਲ ਕਿਵੇਂ ਪ੍ਰਭਾਵਤ ਕਰ ਸਕਦਾ ਹੈ। ਵਿਦਿਆਰਥੀ ਦੇ ਜੀਵਨ ਵਿੱਚ ਇੱਕ ਅਧਿਆਪਕ ਦੀ ਭੂਮਿਕਾ ਬਹੁਤ ਸਾਰੇ ਮਹੱਤਵਪੂਰਨ ਤਰੀਕੇ ਹਨ ਜਿਨ੍ਹਾਂ ਰਾਹੀਂ ਅਧਿਆਪਕਾਂ ਦਾ ਵਿਦਿਆਰਥੀ ਦੇ ਜੀਵਨ 'ਤੇ ਕਮਾਲ ਦਾ ਪ੍ਰਭਾਵ ਪੈਂਦਾ ਹੈ। ਉਹ ਨਾ ਸਿਰਫ਼ ਰੋਲ ਮਾਡਲ ਹਨ ਬਲਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਰ ਨੂੰ ਬਿਹਤਰ ਭਵਿੱਖ ਵੱਲ ਲਿਜਾਣ ਲਈ ਸਹੀ ਮਾਰਗਦਰਸ਼ਨ ਨਾਲ ਮਦਦ ਕਰਦੇ ਹਨ। ਆਓ ਵਿਸਥਾਰ ਵਿੱਚ ਡੁਬਕੀ ਕਰੀਏ ਅਤੇ ਚਰਚਾ ਕਰੀਏ। ਸਹੀ ਮਾਰਗਦਰਸ਼ਨ ਪ੍ਰਦਾਨ ਕਰੋ ਅਧਿਆਪਕ ਆਪਣੇ ਵਿਦਿਆਰਥੀਆਂ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਮੁਲਾਂਕਣ ਕਰਦੇ ਹਨ ਅਤੇ ਉਹਨਾਂ ਨੂੰ ਵਧੀਆ ਅਭਿਆਸਾਂ ਦੀ ਪਾਲਣਾ ਕਰਨ ਲਈ ਮਾਰਗਦਰਸ਼ਨ ਕਰਦੇ ਹਨ। ਉਹ ਨਾ ਸਿਰਫ ਵਿਦਿਆਰਥੀਆਂ ਤੋਂ ਸਭ ਤੋਂ ਵਧੀਆ ਲਿਆਉਂਦੇ ਹਨ ਬਲਕਿ ਉਹਨਾਂ ਨੂੰ ਜੀਵਨ ਦੇ ਕੀਮਤੀ ਹੁਨਰ ਵੀ ਸਿਖਾਉਂਦੇ ਹਨ ਜਿਵੇਂ ਕਿ ਸੰਚਾਰ, ਹਮਦਰਦੀ, ਸੰਗਠਨ ਅਤੇ ਪੇਸ਼ਕਾਰੀ। ਅਧਿਆਪਕ ਉਹ ਹੁੰਦੇ ਹਨ ਜੋ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਬਿਹਤਰ ਕਰਨ ਲਈ ਪ੍ਰੇਰਿਤ ਕਰਦੇ ਹਨ ਅਤੇ ਜੀਵਨ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਉਨ੍ਹਾਂ ਦੇ ਮਾਰਗਦਰਸ਼ਨ ਦੁਆਰਾ, ਵਿਦਿਆਰਥੀ ਸਹੀ ਅਤੇ ਗਲਤ ਵਿੱਚ ਫਰਕ ਕਰਨਾ ਜਾਣਦੇ ਹਨ।




ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ


ਰੋਲ ਮਾਡਲ ਵਜੋਂ ਕੰਮ ਕਰੋ ਅਧਿਆਪਕ ਵਿਦਿਆਰਥੀ ਦੇ ਜੀਵਨ ਵਿੱਚ ਅੰਤਮ ਰੋਲ ਮਾਡਲ ਹੁੰਦੇ ਹਨ। ਆਪਣੇ ਅਕਾਦਮਿਕ ਜੀਵਨ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਅਧਿਆਪਕ ਮਿਲਦੇ ਹਨ। ਇੱਕ ਮਹਾਨ ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਦਾ ਸਹਿਯੋਗੀ ਅਤੇ ਹਮਦਰਦ ਹੁੰਦਾ ਹੈ ਅਤੇ ਹਰ ਖੇਤਰ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਾ ਹੈ। ਉਨ੍ਹਾਂ ਦਾ ਵਿਦਿਆਰਥੀਆਂ ਨਾਲ ਅਨਮੋਲ ਸਬੰਧ ਹੈ ਅਤੇ ਹਮੇਸ਼ਾ ਉਨ੍ਹਾਂ ਨੂੰ ਬਿਹਤਰ ਕਰਨ ਲਈ ਉਤਸ਼ਾਹਿਤ ਕਰਦੇ ਹਨ। ਅਧਿਆਪਕ ਉਨ੍ਹਾਂ ਦੇ ਰੋਲ ਮਾਡਲ ਹੁੰਦੇ ਹਨ ਜੋ ਹਮੇਸ਼ਾ ਜੀਵਨ ਵਿੱਚ ਇੱਕ ਸਕਾਰਾਤਮਕ ਰਵੱਈਆ ਰੱਖਦੇ ਹਨ ਅਤੇ ਇਸਲਈ ਆਪਣੇ ਵਿਦਿਆਰਥੀਆਂ ਨੂੰ ਉਸੇ ਤਰ੍ਹਾਂ ਦਾ ਪਾਲਣ ਕਰਨ ਵਿੱਚ ਮਦਦ ਕਰਦੇ ਹਨ। ਸਮਾਜ ਨੂੰ ਆਕਾਰ ਦਿਓ ਅਧਿਆਪਕ ਸਮਰਪਿਤ ਸਿਖਿਆਰਥੀ ਹੁੰਦੇ ਹਨ ਜੋ ਨਾ ਸਿਰਫ਼ ਪੜ੍ਹਾ ਸਕਦੇ ਹਨ ਬਲਕਿ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸੁਣ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਯੋਗਤਾ ਅਨੁਸਾਰ ਸਲਾਹ ਦੇਣ ਦੀ ਕੋਸ਼ਿਸ਼ ਕਰਦੇ ਹਨ। ਹੁਨਰਮੰਦ ਅਧਿਆਪਕ ਧੀਰਜ ਨਾਲ ਚੀਜ਼ਾਂ ਨੂੰ ਸੰਭਾਲਦੇ ਹਨ ਅਤੇ ਨੌਜਵਾਨਾਂ ਦੇ ਅਕਾਦਮਿਕ ਟੀਚਿਆਂ ਨੂੰ ਆਕਾਰ ਦੇ ਸਕਦੇ ਹਨ। ਉਹ ਮਾਨਤਾ ਲਈ ਅਜਿਹਾ ਘੱਟ ਹੀ ਕਰਦੇ ਹਨ ਨਾ ਕਿ ਉਹ ਆਪਣੇ ਦਿਲ ਦੀ ਪਾਲਣਾ ਕਰਦੇ ਹਨ! ਸ਼ਕਤੀਸ਼ਾਲੀ ਸਿੱਖਿਆ ਅਤੇ ਵਿਦਿਆਰਥੀਆਂ ਨੂੰ ਕੀਮਤੀ ਹੁਨਰ ਸਿਖਾਉਣ ਦੀ ਧਾਰਨਾ ਸਿੱਧੇ ਅਨੁਪਾਤਕ ਹਨ। ਅਧਿਆਪਕ ਕਾਰਨ ਜਾਣਦੇ ਹਨ ਅਤੇ ਇੱਕ ਬਿਹਤਰ ਕੱਲ ਲਈ ਖਰੀਦਦਾਰੀ ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਬਿਹਤਰ ਲਈ ਜੀਵਨ ਬਦਲੋ ਇਹ ਹਮੇਸ਼ਾ 'ਚੰਗੇ' ਵਿਦਿਆਰਥੀ ਨਹੀਂ ਹੁੰਦੇ ਹਨ ਜਿਨ੍ਹਾਂ ਨਾਲ ਅਧਿਆਪਕ ਰਸਤੇ ਪਾਰ ਕਰਦੇ ਹਨ। ਇਸ ਦੀ ਬਜਾਏ, ਬਹੁਤ ਸਾਰੇ ਉਦੇਸ਼ਹੀਣ ਵਿਦਿਆਰਥੀ ਵੀ ਹਨ ਜੋ ਜੀਵਨ ਪ੍ਰਤੀ ਲਾਪਰਵਾਹ ਹਨ ਅਤੇ ਅਕਾਦਮਿਕਤਾ ਬਾਰੇ ਘੱਟ ਤੋਂ ਘੱਟ ਪਰੇਸ਼ਾਨ ਹਨ। ਇੱਕ ਹੁਸ਼ਿਆਰ ਅਧਿਆਪਕ ਉਨ੍ਹਾਂ ਲਈ ਬਰਾਬਰ ਹਮਦਰਦ ਹੈ ਅਤੇ ਉਨ੍ਹਾਂ ਨੂੰ ਬਿਹਤਰ ਲਈ ਬਦਲਣ ਵਿੱਚ ਮਦਦ ਕਰਦਾ ਹੈ। ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨੀਵੇਂ ਹੋਣ ਦੇ ਦੌਰਾਨ ਭਾਵਨਾ ਨਾਲ ਭਰਪੂਰ ਹੋਣ ਲਈ ਵੀ ਉਤਸ਼ਾਹਿਤ ਕਰਦੇ ਹਨ ਅਤੇ ਇਹ ਵਿਦਿਆਰਥੀਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇੱਕ ਅਧਿਆਪਕ ਕਿਵੇਂ ਬਣਨਾ ਹੈ? ਭਾਰਤ ਵਿੱਚ ਇੱਕ ਅਧਿਆਪਕ ਬਣਨ ਲਈ ਤੁਹਾਨੂੰ ਇੱਕ ਖਾਸ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਲੋੜ ਹੋਵੇਗੀ। ਯੋਗਤਾ ਤੋਂ ਇਲਾਵਾ, ਇੱਕ ਮਹਾਨ ਅਧਿਆਪਕ ਬਣਨ ਲਈ ਤੁਹਾਡੇ ਕੋਲ ਉੱਪਰ ਦੱਸੇ ਗੁਣ ਹੋਣੇ ਚਾਹੀਦੇ ਹਨ। ਭਾਵੇਂ ਤੁਸੀਂ ਕਿਸੇ ਵੀ ਚੀਜ਼ 'ਤੇ ਘੱਟ ਹੋ, ਤੁਸੀਂ ਪ੍ਰਕਿਰਿਆ ਵਿੱਚ ਇਹ ਸਿੱਖੋਗੇ। ਭਾਰਤ ਵਿੱਚ ਅਧਿਆਪਕਾਂ ਦੀਆਂ ਸਭ ਤੋਂ ਆਮ ਕਿਸਮਾਂ ਹਨ: ਪ੍ਰੀ-ਪ੍ਰਾਇਮਰ ਸਕੂਲ ਦੇ ਅਧਿਆਪਕ ਪ੍ਰਾਇਮਰੀ ਸਕੂਲ ਦੇ ਅਧਿਆਪਕ ਸੈਕੰਡਰੀ ਸਕੂਲ ਦੇ ਅਧਿਆਪਕ ਸੀਨੀਅਰ ਸੈਕੰਡਰੀ ਸਕੂਲ ਦੇ ਅਧਿਆਪਕ ਵਿਸ਼ੇਸ਼ ਸਿੱਖਿਅਕ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਸਮਰਪਿਤ ਹੋ ਅਤੇ ਆਪਣੇ ਕੰਮ ਨੂੰ ਪਿਆਰ ਕਰਦੇ ਹੋ। ਭਾਰਤ ਵਿੱਚ ਅਧਿਆਪਕ ਕਿਵੇਂ ਬਣਨਾ ਹੈ ਇਸ ਬਾਰੇ ਇੱਥੇ ਇੱਕ ਸੰਖੇਪ ਗਾਈਡ ਹੈ।

**ਕਦਮ 1:** ਪਹਿਲਾਂ, ਤੁਹਾਨੂੰ ਆਪਣਾ ਟੀਚਾ ਨਿਰਧਾਰਤ ਕਰਨ ਦੀ ਲੋੜ ਹੈ ਅਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਤੁਸੀਂ ਕਿਸ ਵਿਸ਼ੇ ਦੇ ਅਧਿਆਪਕ ਬਣਨਾ ਚਾਹੁੰਦੇ ਹੋ।

**ਕਦਮ 2:** ਸਕੂਲ ਅਧਿਆਪਕ ਬਣਨ ਲਈ ਬੈਚਲਰ ਦੀ ਡਿਗਰੀ ਜ਼ਰੂਰੀ ਹੈ। ਇਸ ਤੋਂ ਇਲਾਵਾ, ਤੁਸੀਂ ਸਬੰਧਤ ਵਿਸ਼ੇ ਵਿੱਚ ਵੀ ਆਪਣੇ ਮਾਸਟਰਜ਼ ਨੂੰ ਪੂਰਾ ਕਰ ਸਕਦੇ ਹੋ।


**ਕਦਮ 3:** ਪ੍ਰੀ-ਪ੍ਰਾਇਮਰੀ ਜਾਂ ਪ੍ਰਾਇਮਰੀ ਵਰਗੇ ਹੇਠਲੇ ਗ੍ਰੇਡ ਦੇ ਉਮੀਦਵਾਰਾਂ ਨੂੰ ਪੜ੍ਹਾਉਣ ਲਈ ਤੁਹਾਡੇ ਕੋਲ ਬੀ.ਐੱਡ ਜਾਂ ਇਸ ਦੇ ਬਰਾਬਰ ਦੀ ਡਿਗਰੀ ਹੋਣੀ ਜ਼ਰੂਰੀ ਹੋਵੇਗੀ। ਉੱਚ ਕਲਾਸਾਂ ਲੈਣ ਲਈ ਤੁਹਾਨੂੰ M.Ed ਜਾਂ ਬਰਾਬਰ ਦੀ ਪੜ੍ਹਾਈ ਕਰਨ ਦੀ ਲੋੜ ਹੁੰਦੀ ਹੈ।

**ਕਦਮ 4:** ਫਿਰ ਦਾਖਲਾ ਪ੍ਰੀਖਿਆਵਾਂ ਦਾ ਨਾਜ਼ੁਕ ਪੜਾਅ ਆਉਂਦਾ ਹੈ। ਬੀ.ਐੱਡ ਜਾਂ ਐੱਮ.ਐੱਡ ਕਰਨ ਤੋਂ ਬਾਅਦ, ਤੁਸੀਂ TET/CTET/STET ਵਰਗੀਆਂ ਪ੍ਰੀਖਿਆਵਾਂ ਲਈ ਬੈਠ ਸਕਦੇ ਹੋ। ਇਹਨਾਂ ਔਖੀ ਇਮਤਿਹਾਨਾਂ ਨੂੰ ਤੋੜਨਾ ਤੁਹਾਨੂੰ ਸਕੋਰਾਂ ਦੇ ਨਾਲ ਵੱਖ-ਵੱਖ ਭਾਰਤੀ ਸਕੂਲਾਂ ਵਿੱਚ ਅਪਲਾਈ ਕਰਨ ਵਿੱਚ ਮਦਦ ਕਰੇਗਾ।

**ਕਦਮ 5:** ਆਖਰੀ ਪਰ ਘੱਟੋ ਘੱਟ ਨਹੀਂ! ਇਮਤਿਹਾਨ ਲਏ ਤੇ ਪਟਾਕੇ, ਸਕੂਲਾਂ ਨੇ ਅਪਲਾਈ ਕੀਤਾ ਤੇ ਮੌਕਾ ਮਿਲ ਗਿਆ! ਆਪਣੇ ਆਲੇ-ਦੁਆਲੇ ਦੇ ਸਭ ਤੋਂ ਪਿਆਰੇ ਵਿਦਿਆਰਥੀਆਂ ਨਾਲ ਆਪਣੀ ਖੂਬਸੂਰਤ ਅਧਿਆਪਨ ਯਾਤਰਾ ਸ਼ੁਰੂ ਕਰੋ। ਇਹ ਕਦਮ ਅਧਿਆਪਕ ਬਣਨ ਦੇ ਤੁਹਾਡੇ ਮਾਰਗ ਨੂੰ ਸਮਝਣ ਦਾ ਸਿਰਫ਼ ਇੱਕ ਸਰਲ ਤਰੀਕਾ ਹਨ। ਜੇਕਰ ਤੁਸੀਂ ਅਧਿਆਪਕ ਬਣਨ ਲਈ ਗੰਭੀਰ ਹੋ ਅਤੇ ਇਸ ਕੈਰੀਅਰ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ 'ਭਾਰਤ ਵਿੱਚ ਅਧਿਆਪਕ ਕਿਵੇਂ ਬਣਨਾ ਹੈ' ਪੜ੍ਹੋ। ਮਾਤਾ-ਪਿਤਾ ਤੋਂ ਬਾਅਦ, ਅਧਿਆਪਕ ਕਿਸੇ ਵੀ ਵਿਦਿਆਰਥੀ ਦੇ ਜੀਵਨ ਵਿੱਚ ਸਭ ਤੋਂ ਵੱਡੇ ਸ਼ੁਭਚਿੰਤਕ ਹੁੰਦੇ ਹਨ ਅਤੇ ਉਹ ਉਹਨਾਂ ਦੀ ਜ਼ਿੰਦਗੀ ਵਿੱਚ ਸਫਲ ਹੋਣ ਵਿੱਚ ਮਦਦ ਕਰਨ ਲਈ ਹਰ ਹੱਦ ਪਾਰ ਕਰ ਸਕਦੇ ਹਨ! ਉਹ ਸਭ ਤੋਂ ਉੱਤਮ ਮਨੁੱਖਾਂ ਵਿੱਚੋਂ ਇੱਕ ਹਨ ਜਿਨ੍ਹਾਂ ਦੇ ਨਾਲ ਰਸਤੇ ਵੀ ਪਾਰ ਕੀਤੇ ਜਾਣਗੇ, ਇਸ ਲਈ ਹਮੇਸ਼ਾ ਉਨ੍ਹਾਂ ਦੀ ਪਾਲਣਾ ਕਰਨਾ ਯਕੀਨੀ ਬਣਾਓ। ਵਿਦਿਆਰਥੀਆਂ ਨੂੰ ਹਮੇਸ਼ਾ ਉਹਨਾਂ ਦੇ ਕੀਮਤੀ ਸੁਝਾਵਾਂ ਨੂੰ ਸੁਣਨਾ ਅਤੇ ਉਹਨਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨਾ ਚਾਹੀਦਾ ਹੈ। ਇਹ ਬਿਹਤਰ ਲਈ ਬਦਲ ਜਾਵੇਗਾ। ਅਧਿਆਪਨ ਇੱਕ ਉੱਤਮ ਪੇਸ਼ਾ ਹੈ ਅਤੇ ਡੋਮੇਨ ਵਿੱਚ ਇੱਕ ਉੱਘੇ ਚਿਹਰਾ ਬਣਨ ਲਈ ਸਾਲਾਂ ਦੀ ਸਖ਼ਤ ਮਿਹਨਤ ਦੀ ਲੋੜ ਹੈ। ਜਦੋਂ ਵਿਦਿਆਰਥੀ ਵੱਡੇ ਹੋ ਕੇ ਉੱਤਮ ਅਤੇ ਸਫਲ ਇਨਸਾਨ ਬਣਦੇ ਹਨ ਅਤੇ ਤੁਹਾਡੀ ਮਿਸਾਲ ਲੈਂਦੇ ਹਨ, ਉੱਥੇ ਹੀ ਸੱਚੀ ਸਫਲਤਾ ਹੈ।

# ਸ਼ੁਰੂ ਹੈ ਜ਼ੁਕਾਮ-ਫਲੂ

*''ਫਲੂ - ਵਾਇਰਸ ਉਦੋਂ ਫੈਲਦੇ ਹਨ ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ 'ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ।ਘੱਟ ਨਮੀ ਵਾਇਰਲ ਟ੍ਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ''- ਅਨਿਲ ਧੀਰ ਕਾਲਮਨਿਸਟ ਥੈਰਾਪਿਸਟ, ਸੋਸ਼ਲ ਐਕਟੀਵਿਸਟ ਹੈਲਥ ਐਜੂਕੇਟਰ ਅਵਾਰਡ ਵਿਜੇਤਾ*







ਨਾਰਥ-ਅਮਰੀਕਾ 'ਚ ਕੋਲਡ-ਫਲੂ ਦਾ ਅਸਰ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ 'ਤੇ ਜਿਆਦਾ ਦੇਖਿਆ ਜਾ ਰਿਹਾ ਹੈ। ਹਰ ਸਾਲ ਪੀਕ ਸਮਾਂ ਨਵੰਬਰ-ਦਸੰਬਰ ਤੋਂ ਫਰਵਰੀ ਦਾ ਹੁੰਦਾ ਹੈ। ਪਰ ਬਦਲ ਰਹੇ ਮੌਸਮ ਦੌਰਾਣ ਅਸਰ ਪਹਿਲਾਂ ਦੇਖਿਆ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ 1 ਬਿਲੀਅਨ ਤੋਂ ਵੱਧ ਲੋਕ ਜ਼ੁਕਾਮ ਦੇ ਸ਼ਿਕਾਰ ਹੋ ਜਾਂਦੇ ਹਨ। ਅੱਠ ਤੋਂ 27% ਫਲੂ ਦੇ ਘੇਰੇ ਵਿਚ ਆ ਜਾਂਦੇ ਹਨ। 2 ਮਿਲੀਅਨ ਤੋਂ ਵੱਧ ਕੇਵਲ ਅਮਰੀਕਾ ਵਿਚ ਸ਼ਿਕਾਰ ਲੋਕ ਹਸਪਤਾਲ ਵਿਚ ਐਡਮਿਟ ਹੁੰਦੇ ਹਨ। ਛੋਟੇ ਬੱਚੇ ਅਤੇ ਕਮਜੋਰ ਇਮੀਉਨਿਟੀ ਵਾਲੇ ਜ਼ੁਕਾਮ ਫਲੂ ਦੇ ਛੇਤੀ ਸ਼ਿਕਾਰ ਹੋ ਜਾਣ ਤੋਂ ਬਾਅਦ ਲੱਖਾਂ ਹੀ ਮੌਤ ਦੇ ਘੇਰੇ ਵਿਚ ਵੀ ਆ ਜਾਂਦੇ ਹਨ।

ਹਰ ਸਾਲ ਲੱਖਾਂ ਕੈਨੇਡੀਅਨ ਫਲੂ ਦੇ ਘੇਰੇ ਵਿਚ ਆਉਂਦੇ ਹਨ, ਮੌਤਾਂ ਦੇ ਬਾਵਜ਼ੂਦ ਹਜਾਰਾਂ ਹੀ ਹਸਪਤਾਲ ਭਰਤੀ ਹੋਣ ਤੋਂ ਬਾਅਦ ਠੀਕ ਵੀ ਹੋ ਜਾਂਦੇ ਹਨ। ਦੋਵੇਂ ਹੀ ਵਾਇਰਸ ਕਾਰਨ ਹੁੰਦੇ ਹਨ। ਫਲੂ ਜਿਆਦਾ ਗੰਭੀਰ ਮੰਨਿਆ ਜਾਂਦਾ ਹੈ। ਵਾਇਰਸ ਦੀ ਪਕੜ 'ਚ ਆਉਣ ਤੋਂ ਬਾਅਦ ਆਮ ਲੱਛਣ 1-4 ਦਿਨ ਵਿਚ ਅਤੇ ਬਿਮਾਰੀ ਸ਼ੁਰੂ ਹੋਣ ਤੋਂ ਬਾਅਦ 5-10 ਦਿਨ ਵਿਚ ਇਨਫੈਕਸ਼ਨ ਵਾਲੇ ਲੱਛਣ ਪੈਦਾ ਹੋ ਜਾਂਦੇ ਹਨ। ਦੇਖਿਆ ਜਾ ਰਿਹਾ ਹੈ ਕਿ ਵੈਕਸੀਨ ਕੋਲਡ


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਯਾਨਿ ਸਰਦੀ ਤੋਂ ਨਹੀਂ ਬਚਾਉਂਦਾ ਬਲਕਿ ਫਲੂ ਤੋਂ ਬਚਾਉਂਦਾ ਹੈ। ਛੇ ਮਹੀਨੇ ਤੋਂ ਵੱਧ ਉਮਰ ਦੇ ਹਰ ਆਦਮੀ ਨੂੰ ਹਰ ਸਾਲ ਫਲੂ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਟੀਕਾਕਰਣ ਨੂੰ ਫਲੂ ਤੋਂ ਬਚਾਅ ਲਈ ਸਰਬੋਤਮ ਸੇਫਟੀ ਮੰਨੀ ਗਈ ਹੈ। ਪਿਛਲੇ 2 ਸਾਲਾਂ ਤੋਂ 163 ਮਿਲੀਅਨ ਤੋਂ 170 ਮਿਲੀਅਨ ਫਲੂ ਟੀਕੇ ਦੀਆਂ ਖੁਰਾਕਾਂ ਸੰਯੁਕਤ ਰਾਜ ਵਿਚ ਉਪਲਬਧ ਹੋਣ ਦੀ ਸੰਭਾਵਨਾ ਹੈ। ਜ਼ੁਕਾਮ ਦੀ ਆਮ ਹਾਲਤ ਵਿਚ ਵਿਅਕਤੀ ਨੱਕ ਬੰਦ, ਸਾਹ ਲੈਣ ਵਿਚ ਮੁਸ਼ਕਲ, ਸੁਆਦ 'ਤੇ ਗੰਧ ਮਹਿਸੂਸ ਨਾ ਹੋਣਾ, ਅੱਖਾਂ ਵਿਚ ਜਲਨ, ਸਾਈਨਸ ਦੀ ਸ਼ਿਕਾਇਤ, ਅਤੇ ਖੰਘ, ਸਿਰ ਦਰਦ, ਦੇ ਨਾਲ ਬੁਖਾਰ ਵੀ ਹੋ ਸਕਦਾ ਹੈ। ਫਲੂ ਜ਼ੁਕਾਮ ਤੋਂ ਅਲੱਗ ਕਿਸਮ ਦਾ 'ਤੇ ਅਚਾਨਕ ਹੋ ਜਾਂਦਾ ਹੈ।ਫਲੂ ਦੀ ਹਾਲਤ ਵਿਚ ਠੰਡ ਮਹਿਸੂਸ ਹੋਣਾ, ਬੁਖਾਰ, ਗਲੇ ਵਿਚ ਖਰਾਸ਼, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਅਤੇ ਸਿਰ-ਦਰਦ ਸ਼ੁਰੂ ਹੋ ਜਾਂਦਾ ਹੈ। ਬੱਚਿਆਂ ਅਤੇ ਸੀਨੀਅਰਜ਼ ਨੂੰ ਉਲਟੀਆਂ, ਦਸਤ ਵੀ ਲੱਗ ਸਕਦੇ ਹਨ।

ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਵਿਚ ਸਾਈਨਸ ਅਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-ਬੈਕਟਰੀਆ ਅਟੈਕ ਨਾਲ ਦਿਲ ਦੀ ਸੋਜ਼ਸ਼, ਦਿਮਾਗ ਦੀ ਕਮਜੋਰੀ ਦੇ ਨਾਲ ਫਲੂ ਬਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲੂ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ। ਜ਼ੁਕਾਮ 50-80% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ ਅਤੇ ਪੈਰਾਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟਰੋਵਾਇਰਸ'ਤੇ ਐਡਨੋਵਾਇਰਸ ਦੁਆਰਾ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦੇ ਹਨ ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ 'ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ।ਘੱਟ ਨਮੀ ਵਾਇਰਲ ਟ੍ਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜਰ ਨਾਲ ਸਰੀਰ ਦਾ ਤਾਪਮਾਨ ਬਿਗੜ ਜਾਂਦਾ ਹੈ।

**ਕੋਲਡ-ਫਲੂ ਦੀ ਆਮ ਹਾਲਤ ਵਿਚ ਆਰਾਮ ਲਈ ਅੱਗੇ ਲਿਖੇ ਉਪਾਅ :**

- ਅਨਰਜ਼ੀ ਲਈ ਗਰਮਾ-ਗਰਮ ਚਿਕਨ ਤੇ ਤਾਜ਼ੀ ਸਬਜ਼ੀਆਂ ਦਾ ਸੂਪ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਊਟ੍ਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਦਿੰਦਾ ਹੈ। ਘੱਟ ਸੋਡੀਅਮ ਵਾਲਾ ਸੂਪ ਸਰੀਰ ਨੂੰ ਹਾਈਡਰੇਟ ਕਰਨ ਵਿਚ ਮਦਦ ਕਰਦਾ ਹੈ।
- ਜ਼ੁਕਾਮ-ਫਲੂ ਅਤੇ ਗਲੇ ਦੀ ਸੌਜ਼ ਦੀ ਹਾਲਤ ਵਿਚ ਆਰਾਮ ਲਈ ਤਾਜ਼ਾ ਜਿੰਜਰ, ਚੁਟਕੀ ਕਾਲੀ ਮਿਰਚ, 1 ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਲੈ ਕੇ ਗਰਮ ਪਾਣੀ ਪੀਓ।
- ਕੋਲਡ-ਫਲੂ ਲਈ ਵਿਟਾਮਿਨ ਸੀ ਸਰੀਰ ਵਾਲੇ ਪਦਾਰਥ ਨਿੰਬੂ, ਆਂਵਲਾ, ਅੰਗੂਰ, ਸੰਤਰਾ, ਸਟਰਾਬਰੀ, ਰਸਬੇਰੀ, ਪੱਤੇਦਾਰ ਸਾਗ, ਬਰੁਕੋਲੀ, ਪਾਲਕ, ਟਮਾਟਰ, ਹਰੀ ਮਿਰਚ, ਅੰਦਰ ਹਰ ਬਿਮਾਰੀ ਨਾਲ ਲੜਨ ਦੀ ਤਾਕਤ ਦਿੰਦਾ ਹੈ। ਸਰਦੀ ਦੇ ਮੌਸਮ ਵਿਚ ਵਿਟਾਮਿਨ ਸੀ ਦੇ ਇਸਤੇਮਾਲ ਨਾਲ ਸਾਹ-ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।
- ਗਲੇ ਦੇ ਦਰਦ ਵਿਚ ਦਿਨ ਵਿਚ 3-4 ਬਾਰ ਨਮਕ-ਪਾਣੀ ਦੇ ਗਾਰਗਲਸ ਕਰੋ ਅਤੇ ਬੰਦ ਨੱਕ ਖੋਲਣ ਲਈ ਭਾਪ ਯਾਨਿ ਸਟੀਮ ਜਰੂਰ ਲਵੋ। ਕਾਟਨ ਬਾਲ (ਰੂਈ) 'ਤੇ ਯੁਕਲਿਪਸ ਈਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ ਇਨਹੇਲ ਕਰਨ ਨਾਲ ਆਰਾਮ ਮਹਿਸੂਸ ਕਰੋ।
- ਕਮਰੇ ਦੇ ਅੰਦਰ ਦੀ ਨਮੀ ਨੂੰ ਦੂਰ ਕਰਨ ਲਈ ਹੁਮਿਡਫਾਇਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਕੋਲਡ-ਫਲੂ ਦੌਰਾਣ ਸਵੇਰੇ-ਸ਼ਾਮ ਗਰਮ ਸ਼ਾਵਰ ਲੈਣ ਨਾਲ ਆਰਾਮ ਮਿਲਦਾ ਹੈ।
- ਸਵੇਰੇ ਸ਼ਾਮ ਆਯੁਰਵੈਦਿਕ ਦੇਸੀ ਚਾਹ ਪੀਓ। ਲੌਂਗ, ਚੋਟੀ ਇਲਾਚੀ 'ਤੇ ਮਿਸਰੀ ਚੂਸਦੇ ਰਹੋ।
- ਹੱਥਾਂ ਦੀ ਸਫਾਈ ਦਾ ਪੂਰਾ ਖਿਆਲ ਰੱਖੋ ਅਤੇ ਗਰਮ ਪਾਣੀ 'ਤੇ ਸਾਬੁਨ ਨਾਲ ਧੋ ਕੇ ਆਪਣੇ ਹੱਥਾਂ ਨੂੰ ਸੇਨੀਟਾਈਜ਼ ਕਰਦੇ ਰਹੋ ਨੱਕ ਦੀ ਸਫਾਈ ਸਾਫਟ ਟਿਸ਼ੂ-ਪੇਪਰ ਨਾਲ ਕਰਨੀ ਚਾਹੀਦੀ ਹੈ।

**ਨੋਟ :** ਫਲੂ-ਕੋਲਡ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਪਾਲਤੂ ਜਾਨਵਰ ਵੀ ਘੇਰੇ 'ਚ ਆ ਸਕਦੇ ਹਨ। ਫਲੂ ਵਾਇਰਸ ਤੋਂ ਬਚਾਅ ਲਈ ਚੰਗੀ ਕੁਆਲਟੀ ਦਾ ਮਾਸਕ ਪਾ ਕੇ ਰੱਖੋ।

# ਗੰਭੀਰ ਰੋਗਾਂ ਤੋਂ ਛੁਟਕਾਰਾ ਦਿਵਾਉਂਦੀ ਹੈ-ਮਾਲਿਸ਼

ਮਾਲਿਸ਼ ਦਾ ਮਹੱਤਵ ਦਿਨ-ਪ੍ਰਤੀਦਿਨ ਵਧਦਾ ਜਾ ਰਿਹਾ ਹੈ। ਇਸ ਨਾਲ ਸਰੀਰ 'ਚ ਫੁਰਤੀ ਅਤੇ ਚਮੜੀ 'ਚ ਕੋਮਲਤਾ ਆਉਂਦੀ ਹੈ। ਦੂਸਰੇ ਸ਼ਬਦਾਂ ਵਿਚ ਇਸੇ ਨੂੰ 'ਮਸਾਜ' ਵੀ ਕਹਿੰਦੇ ਹਨ। ਇਹ ਦਿਨ ਭਰ ਦੀ ਥਕਾਵਟ ਦੂਰ ਕਰਕੇ ਜਿਥੇ ਆਰਾਮ ਦਿਵਾਉਂਦੀ ਹੈ, ਉਥੇ ਗੰਭੀਰ ਰੋਗਾਂ ਤੋਂ ਮੁਕਤੀ ਵੀ ਦਿਵਾਉਂਦੀ ਹੈ। ਅੱਜ ਤੋਂ ਸਦੀਆਂ ਪਹਿਲਾਂ ਜਦੋਂ ਸਾਬਣ ਦੀ ਕਾਢ ਨਹੀਂ ਕੱਢੀ ਗਈ ਸੀ, ਉਦੋਂ ਲੋਕ ਤੇਲ ਨਾਲ ਸਰੀਰ ਦੀ ਮਾਲਿਸ਼ ਅਤੇ ਸਫ਼ਾਈ ਕਰਦੇ ਸਨ। ਪੁਰਾਣੇ ਸਮਿਆਂ ਦੀ ਤਰ੍ਹਾਂ ਆਧੁਨਿਕ ਯੁੱਗ ਵਿਚ ਵੀ ਤੇਲ ਮਾਲਿਸ਼ ਦਾ ਮਹੱਤਵ ਲੋਕਾਂ ਨੇ ਜਾਣ ਲਿਆ ਹੈ ਅਤੇ ਬਿਊਟੀ ਪਾਰਲਰਾਂ 'ਚ ਇਸ ਦੇ ਵਿਸ਼ੇਸ਼ ਟ ?ਰੀਟਮੈਂਟ ਦਿੱਤੇ ਜਾਂਦੇ ਹਨ। ਮਾਲਸ਼ ਦੋ ਤਰ੍ਹਾਂ ਦੀ ਹੁੰਦੀ ਹੈ, ਸੁੱਕੀ ਅਤੇ ਗਿੱਲੀ। ਸੁੱਕੀ ਮਾਲਸ਼ ਜਲੋਦਰ ਰੋਗ ਅਤੇ ਤੇਲੀਆ (ਤੇਲ ਪ੍ਰਭਾਵ ਵਾਲੀ) ਚਮੜੀ ਵਾਲੇ ਲੋਕਾਂ ਲਈ ਉਪਯੋਗੀ ਹੁੰਦੀ ਹੈ। ਗਿੱਲੀ ਮਾਲਿਸ਼ ਤੇਲ ਨਾਲ ਕੀਤੀ ਜਾਂਦੀ ਹੈ। ਇਸ ਨਾਲ ਲਕਵਾ, ਅੰਦਰੂਨੀ ਸੱਟ-ਫੇਟ ਆਦਿ ਠੀਕ ਹੁੰਦੀ ਹੈ। ਮਾਲਿਸ਼ ਦੌਰਾਨ ਅਤੇ ਮਾਲਿਸ਼ ਤੋਂ ਤੁਰੰਤ ਬਾਅਦ ਅਕਸਰ ਨੀਂਦ ਆ ਜਾਂਦੀ ਹੈ ਜੋ ਮਾਨਸਿਕ ਤਣਾਅ ਨੂੰ ਦੂਰ ਕਰਨ 'ਚ ਸਹਾਇਕ ਹੁੰਦੀ ਹੈ।



ਬੱਚਿਆਂ ਦੀ ਮਾਲਿਸ਼

ਬੱਚਿਆਂ ਦੀ ਮਾਲਿਸ਼ ਉਹ ਪ੍ਰਕਿਰਿਆ ਹੈ ਜੋ ਬੱਚੇ ਅਤੇ ਮਾਤਾ ਦੀ ਭਾਵਨਾਤਮਿਕ ਸਾਂਝ ਜੋੜਦੀ ਹੈ। ਬੱਚਿਆਂ ਦੇ ਕਈ ਰੋਗ ਜਿਵੇਂ ਖੁਸ਼ਕੀ ਰੋਗ, ਸੋਕੇ ਦਾ ਰੋਗ, ਪੋਲੀਓ ਆਦਿ 'ਚ ਸਹਾਈ ਹੁੰਦੀ ਹੈ। ਤੇਲ ਮਾਲਿਸ਼ ਨਾਲ ਬੱਚਿਆਂ ਦੀਆਂ ਮਾਸਪੇਸ਼ੀਆਂ 'ਚ ਤਣਾਅ ਆਉਂਦਾ ਹੈ ਅਤੇ ਉਨ੍ਹਾਂ ਦੇ ਸਰੀਰ ਦੀਆਂ ਨਾੜਾਂ ਦੀਆਂ ਗੁੰਝਲਾਂ ਹੌਲੀ-ਹੌਲੀ ਘੱਟ ਹੋ ਜਾਂਦੀਆਂ ਹਨ। ਰੀੜ੍ਹ ਦੀ ਹੱਡੀ ਮਜ਼ਬੂਤ ਹੁੰਦੀ ਹੈ ਅਤੇ ਨਾਲ ਹੀ ਪੂਰੇ ਸਰੀਰ ਨੂੰ ਸ਼ਕਤੀ ਅਤੇ ਚੁਸਤੀ-ਫੁਰਤੀ ਮਿਲਦੀ ਹੈ।

**ਮਾਲਿਸ਼ ਲਈ ਤੇਲ :** ਮਾਲਿਸ਼ ਲਈ ਲਾਭ ਵਾਲੇ ਤੇਲ ਆਯੁਰਵੈਦਿਕ ਜੜ੍ਹੀਆਂ-ਬੂਟੀਆਂ ਤੋਂ ਤਿਆਰ ਕੀਤੇ ਹੁੰਦੇ ਹਨ। ਇਸ 'ਚ ਸਰ੍ਹੋਂ, ਨਾਰੀਅਲ, ਤਿਲ, ਜੈਤੂਨ, ਬਦਾਮ ਆਦਿ ਦੇ ਤੇਲ ਵਧੇਰੇ ਲਾਭਦਾਇਕ ਹਨ। ਮੌਸਮ ਅਨੁਸਾਰ ਤੇਲ ਨੂੰ ਹਲਕਾ ਜਿਹਾ ਗਰਮ ਕਰਕੇ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ। ਮਾਲਿਸ਼ ਉਦੋਂ ਤੱਕ ਕਰਨੀ ਚਾਹੀਦੀ ਹੈ, ਜਦੋਂ ਤੱਕ ਤੇਲ ਸਰੀਰ 'ਚ ਰਚ ਨਾ ਜਾਵੇ। ਇਸ ਨਾਲ ਸਰੀਰ 'ਚ ਖ਼ੂਨ ਦਾ ਪ੍ਰਵਾਹ ਸੁਚਾਰੂ ਰੂਪ ਨਾਲ ਚੱਲਣ ਲੱਗ ਪੈਂਦਾ ਹੈ। ਫਿਰ ਕੁਝ ਦੇਰ ਆਰਾਮ ਕਰਕੇ ਇਸ਼ਨਾਨ ਕਰ ਲੈਣਾ ਚਾਹੀਦਾ ਹੈ।

-ਸੂਰਜ ਪ੍ਰਕਾਸ਼

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਇੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਓ ਝੰਡਿਆ ਰੱਤ ਰੰਗਿਆ....

ਸਾਂਝੀਵਾਲਤਾ ਦਾ ਵੰਡੇ ਤੂੰ ਜਲੌਅ, ਭਰੀ ਜਾਂਵਦਾ ਏਂ ਸਾਡੇ ਅੰਗ-ਸੰਗ ਹੋ,
ਓ ਝੰਡਿਆ ਰੱਤ ਰੰਗਿਆ,
ਸਾਥੀ ਤੁਰ ਪੈਂਦੇ ਦੇਣ ਕੁਰਬਾਨੀਆਂ, ਜਦੋਂ ਤੂੰ ਕਦੇ ਸੀਸ ਮੰਗਿਆ !

ਜਿਹੜੇ ਜਿੰਦਗੀ ਦੇ ਨਿੱਘੇ ਰਸ ਮਾਣਦੇ, ਉੱਚ-ਕਦਰਾਂ ਤਾਂ ਤੇਰੀਆਂ ਹੀ ਜਾਣਦੇ,
ਤੈਨੂੰ ਰੰਗਿਆ ਹੈ ਯੋਧਿਆਂ ਬਹਾਦਰਾਂ, ਉੱਚਾ ਚੁੱਕਿਆ ਹੈ ਸੱਚੇ ਸੁੱਚੇ ਆਦਰਾਂ,
ਸਮਾਂ ਡੱਕੇ ਡੋਲੇ ਖਾਵੇ, ਹੁੰਦੇ ਕਿਰਤਾਂ ਤੇ ਧਾਵੇ, ਜਿੱਥੇ ਬੰਦਾ ਅਜੇ ਸੂਲੀ ਟੰਗਿਆ...

ਏਥੇ ਵਿਹਲੜਾਂ ਨੇ ਗੋਗੜਾਂ ਵਧਾਈਆਂ ਨੇ, ਜ਼ਮੀਂ ਨੱਪ ਲਈ ਹੈ ਮੋਟੇ ਕਸਾਈਆਂ ਨੇ,
ਜੋਕਾਂ ਚੁੰਬੜੀਆਂ ਗੁਰਬੇ ਗਰੀਬਾਂ ਨੂੰ, ਕਾਲੇ ਦੌਰ ਬਹਿ ਗਏ ਚੱਬ ਰਹੇ ਨਸੀਬਾਂ ਨੂੰ
ਤੇਰੀ ਚੜ੍ਹਤ ਨਿਰਾਲੀ, ਬਣੇ ਹਰ ਇੱਕ ਦਾ ਤੂੰ ਵਾਲੀ,ਵੇ ਅੱਗੇ ਅੱਗੇ ਵਧ ਚੰਗਿਆ...

ਸਾਮਰਾਜੀਏ ਨੇ ਕਿਰਤਾਂ ਨੂੰ ਚੂਸਦੇ, ਉੱਤੋਂ ਧਰਮਾਂ ਦੀਆਂ ਅੱਗਾਂ ਤੋਂ ਵੀ ਖਿੱਤੇ ਲੂਸਦੇ,
ਊਚ ਨੀਚ ਦਾ ਪੁਆੜਾ ਅਜੇ ਘਟੇ ਨਾ, ਫ਼ਿਰਕੇਬਾਜ਼ੀ ਵਾਲਾ ਭੂਤ ਪਿੱਛੇ ਹਟੇ ਨਾ,
ਵੱਡੇ ਕਾਫਲੇ ਦੀ ਲੋੜ, ਲਈਏ ਸਿਰ ਸਿਰ ਜੋੜ, ਜਿਹੜਾ ਸਿਆਸਤਾਂ ਨੇ ਡੰਗਿਆ....

ਜੰਗੀ ਯੋਧਿਆਂ ਦੀ ਲੰਬੀ ਬੜੀ ਲੜੀ ਹੈ, ਤੇਰੇ ਵਾਰਸਾਂ ਨੇ ਸੂਹੀ ਲਾਟ ਫੜੀ ਹੈ,
ਜਿਹੜੇ ਕਰਦੇ ਆ ਮੌਤ ਨੂੰ ਮਾਖੌਲ ਨੇ, ਤਾਹੀਓਂ 'ਸਮਾਨ ਤੱਕ ਗੱਜ ਜਾਂਦੇ ਬੋਲ ਨੇ,
ਪੂਰਾ ਲੋਕ-ਪੱਖੀ ਰਾਗ, ਆਇਆ ਚਾਨਣਾ ਦਾ ਰਾਜ, ਵੇ ਜਿੱਥੋਂ ਜਿੱਥੋਂ ਤੂੰ ਲੰਘਿਆ....

ਉੱਠੇ ਲਾਵੇ ਨੇ ਹੀ ਲਹਿਰਾਂ ਬਣ ਜਾਣਾ ਏ, ਦੋਖੀ ਤਾਕਤਾਂ ਨੂੰ ਮੁੱਢੋਂ ਹੀ ਮੁਕਾਣਾ ਏ,
ਮੋਹ ਮਿੱਟੀ ਵਾਲਾ ਸਾਡਾ ਅਜੇ ਜਾਗਦਾ, ਰੋਹ ਆਉਂਦੈ ਆਜਾਦੀ ਨੂੰ ਲੱਗੇ ਦਾਗ ਦਾ,
ਦੇ ਜਾ ਗੁੜਤੀ ਨਿਰਾਲੀ, ਮੁੱਕੇ ਰਾਤ ਬੋਲੀ ਕਾਲੀ, ਸੱਚ ਸਾਡਾ ਰਹਿੰਦਾ ਭੰਗਿਆ...



ਸੁਖਦੇਵ ਸਿੱਧੂ
9888633481

## ਮੈਂ ਕੰਡਿਆਲੀ ਥੋਰ ਨੀ ਮਾਏ !

ਉੱਗੀ ਵਿੱਚ ਬੀਆਬਾਨ
ਪੱਥਰਾਂ 'ਚ ਘਿਰੀ ਮਲੂਕ ਜਾਨ
ਸੂਲਾਂ ਦੀ ਰੋਜ਼ ਸੇਜ ਹੰਢਾਵਾਂ
ਦਿਲ ਦੀ ਪੀੜਾਂ ਦੇ ਲੋਰੀਆਂ ਸੁਲਾਵਾਂ
ਹਾਏ ! ਚੰਦਰੇ ਲੇਖਾਂ ਤੇ ਚੱਲੇ ਨਾ ਜ਼ੋਰ
ਮੈਂ ਕੰਡਿਆਲੀ ਥੋਰ ਨੀ ਮਾਏ!
ਮੈਂ ਕੰਡਿਆਲੀ ਥੋਰ

ਕੈਸੀ ਲਿਖੀ ਉਸ ਸਾਡੀ ਕਹਾਣੀ
ਦੂਰ ਹੋਇਆ ਦਿਲ ਦਾ ਜਾਨੀ
ਗਲ ਲਾ ਉਸਦੀ ਨਿਸ਼ਾਨੀ
ਨੈਣੋਂ ਵੱਗਦਾ ਰੋਜ਼ ਹੀ ਪਾਣੀ
ਹਾਏ! ਭਰਦੇ ਹੌਕੇ ਰਾਤਾਂ ਨੂੰ ਸੰਗ ਮੇਰੇ ਚੰਨ ਚਕੋਰ
ਮੈਂ ਕੰਡਿਆਲੀ ਥੋਰ ਨੀ ਮਾਏ!
ਮੈਂ ਕੰਡਿਆਲੀ ਥੋਰ

ਦਿਲ ਦਾ ਪੰਛੀ ਰੋ ਗੀਤ ਗਾਵੇ
ਸਾਹਵਾਂ ਦੀ ਡੋਰੀ ਟੁੱਟਦੀ ਜਾਵੇ
ਹਿਜ਼ਰ ਉਹਦਾ ਵੱਢ ਵੱਢ ਖਾਵੇ
ਵਾਂਗਰ ਸ਼ੁਦਾਈਆਂ ਉਹਨੂੰ ਬੁਲਾਉਂਦਾ ਜਾਵੇ
ਹਾਏ! ਝੱਲੀਆਂ ਅੱਖੀਆਂ ਨੂੰ ਜਚੇ ਨਾ ਕੋਈ ਹੋਰ
ਮੈਂ ਕੰਡਿਆਲੀ ਥੋਰ ਨੀ ਮਾਏ! ਮੈਂ ਕੰਡਿਆਲੀ ਥੋਰ।

ਰਜਿੰਦਰ ਰੇਨੂੰ

## ਗਜਲ

ਕੌਣ ਕਿਸੇ ਦੇ ਦਿਲ ਦੀ ਜਾਣੇ?
ਵਿਰਲਾ ਦਰਦੀ ਦਰਦ ਪਛਾਣੇ।

ਕੌਣ ਬਣੇ ਦੁੱਖਾਂ ਦਾ ਦਰਦੀ?
ਕੌਣ ਕਿਸੇ ਦੀਆਂ ਖੁਸੀਆਂ ਮਾਣੇ?

ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ?
ਭੋਲੇ ਚਿਹਰੇ ਭਗਵੇਂ ਬਾਣੇ।

ਪਾਪ ਕਪਟ ਦੁਨੀਆਂ ਤੇ ਭਾਰੂ,
ਇਸ਼ਕ ਅਤੇ ਸੱਚ ਬਣੇ ਨਿਤਾਣੇ।

ਕਹਿਰਾਂ ਦੇ ਇਹ ਜ਼ੁਲਮੀ ਝੱਖੜ,
ਰੋਜ ਝਲਾਉਂਦੇ ਹਨ ਜਰਵਾਣੇ।

ਸਾਰੀ ਧਰਤੀ ਜਿੱਤ ਸਕਦੇ ਹਾਂ,
ਜੇਕਰ ਸਾਥੀ ਹੋਣ ਸਿਆਣੇ।

ਜਿਸ ਯਾਰੀ 'ਤੇ ਮਾਣ ਬੜਾ ਸੀ,
ਉਸ ਨੇ ਕੀਤੇ ਬੇ-ਪਹਿਚਾਣੇ।

ਤੂੰ ਹੀ ਅੱਖਾਂ ਫੇਰ ਗਿਆ ਹੈਂ,
ਮੈਂ ਤੇਰੇ ਸਨ ਬੋਲ ਪੁਗਾਣੇ।

ਮੇਰੀ ਮਜ਼ਬੂਰੀ ਹੈ ਸੰਧੂ!
ਗਲ ਪਏ ਪੈਂਦੇ ਢੋਲ ਬਜਾਣੇ।



ਭੁਪਿੰਦਰ ਸੰਧੂ ਬਠਿੰਡਾ

## ਪਗੜੀ

ਪੱਗ, ਪਾਗ ਕਿਤੇ ਪਏ ਕਹਿਣ ਸਾਫਾ
ਨਾਮ ਸਾਂਝਾ ਜਿਹਾ ਪ੍ਰਵਾਨ ਪਗੜੀ

ਚੰਦ ਗਜ ਦਾ ਸਿਰ ਤੇ ਕੱਪੜਾ ਨਈਂ
ਮੱਧ-ਏਸ਼ੀਆ ਦਾ ਇੱਜ਼ਤ-ਮਾਨ ਪਗੜੀ

ਵੱਖੋ ਵੱਖ ਸੱਭੇ ਭਾਈਚਾਰਿਆਂ ਵਿੱਚ
ਬੰਨ੍ਹੀ ਜਾਂਦੀ ਏ ਵਿੱਚ ਹਿੰਦੁਸਤਾਨ ਪਗੜੀ

ਲੜ ਛੱਡਵੀਂ ਜਾਟ ਹਰਿਆਣਵੀ ਦੀ
ਬਹੁਰੰਗੀ ਹੈ ਵਿੱਚ ਰਾਜਸਥਾਨ ਪਗੜੀ

ਖਾਸ ਮੌਕਿਆਂ ਤੇ ਹਿੰਦੂ ਧਰਮ ਵਾਲੇ
ਸਾਰੇ ਬੰਨ੍ਹਦੇ ਮੁੱਖ ਮਹਿਮਾਨ ਪਗੜੀ

ਜਿੰਨੇ ਮੋਹਤਬਰ ਸਭਾ, ਸੁਸਾਇਟੀਆਂ ਦੇ
ਸਿਰ ਸਾਜਦੇ ਨੇ ਮੁਸਲਮਾਨ ਪਗੜੀ

ਹੱਦਾਂ ਟੱਪੀਏ ਤਾਂ ਕਿੰਨੇ ਹੀ ਖਿੱਤਿਆਂ ਵਿੱਚ
ਦਿੱਸ ਪੈਂਦੀ ਹੈ ਵਿੱਚ ਪਾਕਿਸਤਾਨ ਪਗੜੀ

ਅੱਗੇ ਹੋਰ ਜੇ ਥੋੜਾ ਕੁ ਨਜ਼ਰ ਮਾਰੋ
ਹਿੱਸਾ ਬਾਣੇ ਦਾ ਮੰਨਣ ਅਫਗਾਨ ਪਗੜੀ

ਐਪਰ ਦਿੱਖ ਦਾ ਕਰੋ ਮੁਕਾਬਲਾ ਜੇ
ਬੱਸ ਪੰਜਾਬੀ ਦੀ ਕਰੇ ਹੈਰਾਨ ਪਗੜੀ

ਘੜਾਮੇਂ ਵਾਲੇ ਦਾ ਅੱਡਿਆ ਮੂੰਹ ਰਹਿ ਗਿਆ
ਜਦੋਂ ਰੋਮੀ ਨੇ ਧਰੀ ਧਿਆਨ ਪਗੜੀ

ਰੋਮੀ ਘੜਾਮੇਂ ਵਾਲਾ
98552-81105

## ਕਵਿਤਾ

ਜਦ ਵੀ ਦਿਲ 'ਤੇ ਵੱਜਣ ਸੱਟਾਂ
ਸੋਨਾ ਬਣ ਕੇ ਕਵਿਤਾ ਆਉਂਦੀ

ਕਿਉਂ ਹੋਣੀ ਅਣ ਹੋਣੀ ਪਰਖੇਂ
ਜਿਹੜੀ ਰੱਬ ਦੇ ਮਨ ਨੂੰ ਭਾਉਂਦੀ

ਦੁਨੀਆਂ ਤਾਂ ਬੱਸ ਖੇਖਣ ਕਰਦੀ
ਮਾਂ ਸੀਨੇ ਲਾ ਚੁੱਪ ਕਰਾਉਂਦੀ

ਅੱਖਾਂ ਦੇ ਵਿੱਚ ਕਾਲਾ ਜਾਦੂ
ਉਂਗਲਾਂ ਉੱਤੇ ਫਿਰੇ ਨਚਾਉਂਦੀ

ਸਨਮਾਨਾਂ ਦੀ ਦੁਨੀਆਂ ਭੁੱਖੀ
ਫਿਰਦੀ ਫੁੱਲੀ ਨਹੀਂ ਸਮਾਉਂਦੀ

ਭੋਲੀ ਸੂਰਤ ਕਰੇ ਦਿਖਾਵਾ
ਹੱਥੀਂ ਲਾ ਕੇ ਪੈਰ ਬੁਝਾਉਂਦੀ

ਹਰ ਇੱਕ ਅੱਖ ਨੂੰ ਨਮ ਕਰ ਦੇਂਦੀ
ਗੀਤ ਜਦੋਂ ਬਿਰਹੋਂ ਦੇ ਗਾਉਂਦੀ

ਪੀੜਾਂ ਝੋਲੀ ਭਰ ਭਰ ਡੁੱਲ੍ਹਣ
'ਪ੍ਰੀਤ' ਹਮੇਸ਼ਾ ਹੈ ਮੁਸਕਾਉਂਦੀ



ਪਰਮ ਪ੍ਰੀਤ

## ਪਟਵਾਰਨ

ਨਾ ਕੋਈ ਇਹਨੇ ਛੱਡਿਆ ਮਹਿਕਮਾ ਲੀਡਰ ਖੂੰਜੇ ਲਾ ਤੇ
ਵੋਟਾਂ ਪਾ ਕੇ ਕੰਡੇ ਬੀਜ ਲਈ ਸਭ ਦੇ ਸਾਹ ਸੁਕਾ ਤੇ
ਕੰਨ ਖੋਲ ਕੇ ਗੱਲ ਸੁਣੀਂ ਤੈਨੂੰ ਤਾ ਹੀ ਰਹੀ ਸਮਝਾ ਮਾਹੀਆ
ਛੱਡਦੇ ਐਸ਼ ਬਹਾਰਾਂ ਤੇ ਮੈਂ ਵੀ ਖਰਚੇ ਲਏ ਘਟਾ ਮਾਹੀਆ।

"ਕੈਰੋਂ" ਵਾਂਗਜੇ ਆ ਗਿਆ ਅੜੀ ਤੇ ਭਾਂਡੇ ਮਾਂਜ ਕੇ ਧਰ ਦੇਊ
ਨਾ ਅੱਖ 'ਚ ਪਾਏ ਟੀਚਰ ਰੜਕੇ ਫੜ ਫੜ ਜੇਲ੍ਹਾਂ ਭਰ ਦੇਊ
ਦਿੱਲੀ ਵਾਲਾ ਲਾਲਾ ਕੰਜਰ ਸਭ ਕੁਝ ਰਿਹਾ ਸਿਖਾ ਮਾਹੀਆ
ਛੱਡਦੇ ਐਸ਼ ਸਹਾਰਾਂ ਤੇ ਮੈਂ ਵੀ ਖਰਚੇ....

ਛੱਡ ਦਿੱਤਾ ਮੈਂ ਸ਼ਹਿਰ ਜਾਣਾ ਹੁਣ ਨਾ ਕੋਈ ਸੂਟ ਮੈਂ ਲੈਣਾ
ਈਡੀ ਦਾ ਜੇ ਪੈ ਗਿਆ ਛਾਪਾ ਨਾ ਪੱਲੇ ਕੁਝ ਰਹਿਣਾ
ਲੈ ਜਾ ਚਾਬੀ ਲਾਕਰ ਦੀ ਤੂੰ ਸੋਨਾ ਕਿਤੇ ਲੁਕਾ ਮਾਹੀਆ
ਛੱਡਦੇ ਐਸ਼ ਬਹਾਰਾਂ ਤੇ ਮੈਂ ਵੀ ਖਰਚੇ...

ਪੈ ਜਾਵੇ ਜੀਹਨੂੰ ਆਦਤ ਮਾੜੀ ਰੱਸਾ ਰਹਿੰਦੇ ਦੱਬਦੇ
ਵਿਜੀਲੈਂਸ ਦੇ ਪੈਣ ਤਰੀਕਾਂ ਫਿਰ ਰਹਿਣ ਬਹਾਨੇ ਘੜਦੇ
ਚਿਕਨ ਵਗੈਰਾ ਛੱਡ ਪਰਾਂ ਹੁਣ ਦਾਲ ਤੂੰ ਸਬਜ਼ੀ ਖਾ ਮਾਹੀਆ
ਛੱਡਦੇ ਐਸ਼ ਬਹਾਰਾਂ ਤੇ ਮੈਂ ਵੀ ਖਰਚੇ...

ਅੱਕੇ ਪਏ ਵਿਦੇਸ਼ੀ ਸਾਰੇ ਸਭ ਦਾ ਮੂੰਹ ਇਥੋਂ ਮੁੜ ਗਿਆ
ਤਾਂ ਹੀ 'ਦੇਵ ਘੋਲੀਆ' ਵੇਚ ਵੱਟ ਕੇ ਉਹ ਅਮਰੀਕਾ ਤੁਰ ਗਿਆ
ਰਿਸ਼ਵਤ ਹੁੰਦੀ ਰਾਹ ਰਾਹ ਦੀ ਸਾਰਾ ਜੱਗ ਦਿੱਤਾ ਤੜਫਾ ਮਾਹੀਆ
ਛੱਡਦੇ ਮੌਜ ਬਹਾਰਾਂ ਤੇ ਮੈਂ ਵੀ ਖਰਚੇ ਲਏ ਘਟਾ ਮਾਹੀਆ



ਗੀਤਕਾਰ
ਦੇਵ ਘੋਲੀਆ ਖੁਰਦ
559-232-7764

## ਧੰਨਿਆਂ

ਕਾਹਤੋਂ ਖਾਂਦਾ ਏਂ ਸ਼ਰੀਕਾਂ ਨਾਲ਼ ਖਾਰ ਧੰਨਿਆਂ।
ਹਾਏ ਏਨਾ ਵੀ ਨਾ ਕਹਿਰ ਗੁਜ਼ਾਰ ਧੰਨਿਆਂ।
ਕਿਹੜਾ ਦੁਨੀਆਂ ਚ ਆਉਣਾ ਬਾਰ ਬਾਰ ਧੰਨਿਆਂ।
ਕੁਝ ਸੋਚ ਲੈ ਤੇ ਕਰਲੈ ਵਿਚਾਰ ਧੰਨਿਆਂ।

ਕੱਲੀ ਜਿੰਦ ਨੂੰ ਸਿਆਪੇ ਕਈਂ ਹਜ਼ਾਰ ਧੰਨਿਆਂ।
ਪਾਪਾਂ ਵਾਲ਼ਾ ਲੈ ਡੁੱਬੇ ਨਾ ਉਧਾਰ ਧੰਨਿਆਂ।
ਕਿਸੇ ਕੰਮ ਦਾ ਨਾਂ ਛੱਡਦਾ ਹੰਕਾਰ ਧੰਨਿਆਂ।
ਏਥੇ ਜਿੱਤਣ ਵਾਲ਼ਾ ਵੀ ਜਾਂਦਾ ਹਾਰ ਧੰਨਿਆਂ।

ਖੁਸ਼ੀ ਖੁਸ਼ੀ ਪਾਲ਼ ਲੈ ਤੂੰ ਪਰਿਵਾਰ ਧੰਨਿਆਂ।
ਧੰਦੇ ਕੂੜ ਵਾਲ਼ੇ ਸੱਭੇ ਹੀ ਬੇਕਾਰ ਧੰਨਿਆਂ।
ਵੱਡੇ ਵੱਡੇ ਤੁਰੇ ਹੋ ਹੋ ਹੱਕਦਾਰ ਧੰਨਿਆਂ।
ਤੈਥੋਂ ਕੀਤੇ ਸੀ ਜੋ ਅੱਗੇ ਹੁਸ਼ਿਆਰ ਧੰਨਿਆਂ।

ਖ਼ਾਕੇ ਰੁੱਖੀ ਮਿਸੀ ਲਵੀਂ ਡੰਗ ਸਾਰ ਧੰਨਿਆਂ।
ਕਰ ਦਿੱਲੋਂ ਸਭ ਦਾ ਹੀ ਸਤਿਕਾਰ ਧੰਨਿਆਂ।
ਮਨ ਅਪਣੇ ਨੂੰ ਲਵੀਂ ਜਰਾ ਮਾਰ ਧੰਨਿਆਂ।
ਕਰ ਕਲਮ ਦੀ ਤਿੱਖੀ ਹੋਰ ਧਾਰ ਧੰਨਿਆਂ।

ਛੱਡ ਇਹ ਤਾਂ ਬਹੁ-ਰੰਗਾ ਸੰਸਾਰ ਧੰਨਿਆਂ।
ਏਥੇ ਕੱਟਣ ਆਇਆ ਏਂ ਦਿਨ ਚਾਰ ਧੰਨਿਆਂ।
ਖ਼ੁਸ਼ੀ ਵਿੱਚੋਂ ਹੀ ਓ ਲੱਭਲੈ ਪਿਆਰ ਧੰਨਿਆਂ।
ਉਸ ਡਾਢੇ ਸੰਗ ਜੋੜ ?ਲੈ ਤੂੰ ਤਾਰ ਧੰਨਿਆਂ।



ਧੰਨਾ ਧਾਲੀਵਾਲ
9878235714

## ਕਵਿਤਾ

ਮੈਂ ਅੱਖਰਾਂ ਨਾਲ ਗੱਲਾਂ ਕਰਦੀ, ਉਹ ਸਨ ਸੱਧਰਾਂ ਪਾਲ
ਅਕਸਰ ਮੈਥੋਂ ਦੂਰ ਹੀ ਰਹੀਆਂ ਕੁੜੀਆਂ ਮੇਰੇ ਨਾਲ ਦੀਆ

ਸੁੰਨ ਸਰਾਂ ਹਨੇਰੇ ਅੰਦਰ ਕੋਈ ਦੀਪ ਇਸ਼ਕ ਦਾ ਬਾਲ ਗਿ
ਲਿਖਣ ਵੇਲੇ ਫੇਰ ਲਿਖ ਨਾ ਹੋਈਆਂ ਘੜੀਆਂ ਓਸੇ ਹਾਲ



ਹੰਢੇ ਬੀਤੇ ਓ ਗੀਤ ਕਸੈਲੇ ਤੇ ਕੁਝ ਯਾਦਾਂ ਗੁਜਰੇ ਸਾਲ ਦੀਆਂ,
ਗਿਣਦੇ ਗਿਣਦੇ ਕੀ ਗਿਣ ਬੈਠੀ ਪੈੜਾਂ ਵਕਤ ਦੀ ਚਾਲ ਦੀਆਂ।

ਓ ਖ਼ੂਨੀ ਚਿਹਰੇ, ਮੌਤ ਦਹਾਕੇ ਕਰ ਚੇਤੇ ਦੀਦੇ ਗਾਲ ਦੀਆਂ,
ਜ਼ਖ਼ਮ ਅਜੇ ਵੀ ਅੱਲ੍ਹੇ ਹੀ ਨੇ ਉਂਝ ਉਮਰ ਲੱਗੀ ਸੰਭਾਲਦਿਆਂ।

ਅੱਜ ਵੀ ਦਿਲ ਨੂੰ ਹੋਕੇ ਦੇ-ਦੇ ਉਸ ਰਾਹੇ ਜਾਣੋਂ ਟਾਲ ਦੀਆਂ,
ਘਰ ਨਹੀ ਵੱਸਦੇ ਜਿੱਥੇ ਅੱਜ ਕੱਲ੍ਹ ਉਮੀਦਾਂ ਸਿਰਫ ਜੰਗਾਲ ਦੀਆਂ।

ਗੁੱਤ ਵਿੱਚ ਗੁੰਦੀ ਸਬਰ ਪਰਾਂਦੀ ਦਿਲ ਦੱਸੇ ਬੇਹਾਲ ਦੀਆਂ,
ਵਾਲਾਂ ਵਰਗੇ ਉਲਝੇ ਲੋਕੀ ਬਸ ਗੀਤਾਂ ਚੱਲਣ ਬਵਾਲ ਦੀਆਂ।

ਮੌਤ ਮੁਹੱਬਤ ਕਹਿੰਦੈ ਓ ਗੱਲਾਂ ਕਰਦੈ ਬੜੇ ਕਮਾਲ ਦੀਆਂ,
ਮੈਂ ਲਾ-ਲਾ ਰੀਝ ਉਡੀਕਾਂ ਉਹਦੇ ਅਗਲ ਸਵਾਲ ਦੀਆਂ।

ਸਿਮਰਨਜੀਤ ਕੌਰ ਸਿਮਰ

## ਅੰਮ੍ਰਿਤ -ਨਾਮਾ

ਆਪਣੇ ਸਮੇਂ ਦੀ ਔਰਤ ਨਾਲੋਂ ਸੋਚ ਚਾਲੀ ਸਾਲ ਸੀ ਅੱਗੇ
ਪੰਜਾਬੀ ਸਾਹਿਤ ਚ ਅੰਮ੍ਰਿਤਾ ਪ੍ਰੀਤਮ ਨਾਂ ਦਾ ਅੰਮ੍ਰਿਤ ਵੱਗੇ
ਔਰਤ ਮਨ ਦੇ ਰੰਗ ਹਜ਼ਾਰਾਂ ਭਰ ਗਈ ਵਿੱਚ ਤਸਵੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਸੰਨ ਉੱਨੀ ਸੌ ਉੱਨੀ ਨੂੰ ਕਰਤਾਰ ਸਿੰਘ ਦੇ ਘਰ ਜੰਮੀ
ਗੁੱਜਰਾਂਵਾਲਾ ਪਾਕਿ ਚ ਖੇਡੀ ਲਾ ਗਈ ਦੌੜ ਸਲੰਮੀ
ਸਿੱਖੇ ਕਾਫ਼ੀਏ ਰਦੀਫ਼ ਪਿਤਾ ਤੋਂ ਮਾਂ ਵਿਛੜੀ ਤਕਦੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਅੱਠਵੀਂ ਤੇ ਵਿਦਵਾਨੀ ਕਰਕੇ ਕੀਤੀ ਪਾਸ ਗਿਆਨੀ
ਯੂਨਿਵਰਸਿਟੀ ਲਾਹੌਰ ਤੋਂ ਦਸਵੀਂ ਹੋ ਗਈ ਨਾਲ ਆਸਾਨੀ
ਕਈਂ ਭਾਸ਼ਾਵਾਂ ਦੀ ਮਾਹਿਰ ਨੇ ਬਦਲ ਲਈਆਂ ਤਦਬੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਸੋਲ੍ਹਾਂ ਸਾਲ ਦੀ ਉਮਰ ਚ ਅੰਮ੍ਰਿਤਾ -ਪ੍ਰੀਤਮ ਨਾਲ ਵਿਆਹੀ
ਵਿਆਹ ਤੋਂ ਨਾਖੁਸ਼ ਸਾਰੀ ਉਮਰ ਪਰ ਨਹੀਂ ਤਖੁਲਸ ਲਾਹੀ
ਬੰਦਾ ਬਦਲੇ ਨਹੀਂ ਬਦਲ ਦੀਆਂ ਮੱਥੇ ਦੀਆਂ ਲਕੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਵੀਹਵੀਂ ਸਦੀ ਦੀ ਅਹਿਮ ਕਵਿਤਰੀ ਨਾਵਲ ਲਿਖੇ ਕਹਾਣੀ
ਸੌ ਤੋਂ ਵੱਧ ਕਿਤਾਬਾਂ ਲਿਖ ਕੇ ਬਣ ਬੈਠੀ ਪਟਰਾਣੀ
ਨਾਗਮਣੀ ਤੋਂ ਸ਼ੁਰੂ ਹੋਈਆਂ ਕਵਿਤਾਵਾਂ ਬਣ ਤਕਰੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਕਾਵਿ ਸੁਨੇਹੜੇ, ਕਾਗਜ਼ ਤੇ ਕੈਨਵਸ ਦੇ ਕਰ ਚਿਤਕਾਰੇ
ਵੰਡੀਆਂ ਪਈਆਂ ਮੁਲਕ ਦੀਆਂ ਫ਼ੇਰ ਵੈਣ ਰੱਬ ਨੂੰ ਮਾਰੇ
ਵਾਰਿਸ ਸ਼ਾਹ ਨੂੰ ਪੈ ਗਈ ਜਦ ਲੁੱਟ ਲਏ ਕਫ਼ਨ ਤੇ ਚੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਧੁੱਪ ਦੀ ਕਾਤਰ, ਪਿੰਜ਼ਰ, ਰੰਗ ਦਾ ਪੱਤਾ, ਇੱਕ ਅਨੀਤਾ
ਕੱਚੀ ਸੜਕ, ਹਵੇਲੀ ਪੱਕੀ, ਅੰਮ੍ਰਿਤ ਲਹਿਰਾਂ ਫੀਤਾ ਫੀਤਾ
ਕੁੰਜੀਆਂ, ਖ਼ਤ ਆਖ਼ਰੀ, ਮਘੀਆਂ ਅੱਗ ਦੀਆਂ ਲਕੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਪਿਆਰ ਵੀ ਖੱਟਿਆ ਨਾਲੇ ਮਿਲੀਆਂ ਅੰਤ ਦੀਆਂ ਰੁਸਵਾਈਆਂ
ਅੰਮ੍ਰਿਤ ਪੱਲੇ ਆਈਆਂ ਯਾਦਾਂ ਅਫਵਾਹਾਂ ਤਨਹਾਈਆਂ
ਪੂਰੋ ਅਤੇ ਰਸ਼ੀਦ ਜਾਣਦੇ ਹੋਣ ਕੀ ਚੁੱਪ ਦੀਆਂ ਚੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਮਾਣ ਸੀ ਕੀਤੇ ਦਿਲੋਂ ਇਸ਼ਕ ਦਾ ਨਹੀਂ ਹੁਨਰ ਦੀਆਂ ਚਾਵਾਂ
ਟਾਹਣਿਓਂ ਟੁੱਟੇ ਪਤਿਆਂ ਨੂੰ ਜਿਉਂ ਲੈ ਉੱਡ ਜਾਣ ਹਵਾਵਾਂ
ਉਮਰਾਂ ਭਰ ਦੇ ਵੱਗ ਚਰਾਕੇ ਮਿਲੀਆਂ ਚੂਰੀਆਂ ਖੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਅੰਮ੍ਰਿਤ -ਸਾਹਿਰ -ਇਮਰੋਜ਼ -ਪ੍ਰੀਤਮ ਆਪਣੀ ਆਪਣੀ ਥਾਵੇਂ
ਬਲਦੀ ਅੱਗ ਦਾ ਸੇਕ ਹੁੰਦਾ ਪਰ ਨਾ ਫੜ ਹੁੰਦੇ ਪਰਛਾਂਵੇ
ਕੁੱਲੀਆਂ ਦੀ ਹਾਲਤ ਕਦ ਜਾਣੀ ਮਹਿਲਾਂ ਯਾਰ ਅਮੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਆਪਣੀ ਬਾਤ ਮੁਕਾ ਕੇ ਬੈਠੀ ਮੰਨਿਆ ਇਸ਼ਕ ਇਬਾਦਤ
ਚੰਦ ਲਫ਼ਜ ਹੀ ਲਿਖ ਦਿੰਦੇ ਨੇ ਉਮਰਾਂ ਜਿਹੀ ਇਬਾਦਤ
ਰਵਿਦਾਸ ਦੀ ਚੇਲੀ ਬਣ ਗਈ ਜਿਉਂ ਪਟਰਾਣੀ ਮੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਸਾਹਿਤ ਅਕੈਡਮੀ ਪੁਰਸਕਾਰ ਤੇ ਪਦਮ ਸ੍ਰੀ ਪਿਆ ਝੋਲੀ
ਲੱਖ ਦੁਨੀਆ ਤੇ ਤਗ਼ਮੇ ਜਿੱਤ ਕੇ ਬਿਲਕੁਲ ਕੱਖੋਂ ਹੌਲ਼ੀ
ਯਾਦਗਾਰੀ ਉਹ ਘਰ ਵੀ ਵਿਕਿਆ ਰਹੀ ਮਨਾਉਂਦੀ ਪੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ

ਖਿੰਡੀ ਹੋਈ ਸਖਸ਼ੀਅਤ ਅੰਮ੍ਰਿਤ ਮੁੱਕ ਗਈ ਬਣ ਕੇ ਗੁੱਛਾ
ਮੈਂ ਮਰ ਜਾਣਾ 'ਹਰੀਸ਼' ਲਿਖਾਂ ਕੀ ਮੇਰੀ ਸਮਝ ਹੈ ਤੁੱਛਾ
ਇਸ਼ਕ ਮਾਮਲੇ ਜਾਣ ਸਕੇ ਮਾਰੂਥਲ ਨਾ ਜੰਡ ਕਰੀਰਾਂ
ਅੱਜ ਵੀ ਗੂੰਜਣ ਅੰਮ੍ਰਿਤ ਲਿਖੀਆਂ ਵਾਰਸ ਸ਼ਾਹ ਨੂੰ ਹੀਰਾਂ



ਹਰੀਸ਼ ਪਟਿਆਲਵੀ

## ਵ.ਫ਼ਾ ਦੀ ਕਦਰ

ਰੀਝਾਂ ਨਾਲ ਖੜ੍ਹੀ ਸੀ ਜੋ ਕੀਤੀ ਉਹ ਬਸਤੀ ਜਲਾ ਦਿੱਤੀ,
ਸਾਲ ਬਾਅਦ ਚ ਹੀ ਉਸਨੇ ਮੇਰੀ ਹਸਤੀ ਮਿਟਾ ਦਿੱਤੀ ।

ਵ.ਫ਼ਾ ਦੀ ਚੰਗੀ ਕਦਰ ਪਾਈ ਉਸ ਰੱਬ ਦੇ ਰੱਬੀ ਰੂਪ ਨੇ,
ਮੇਰੀ ਈਮਾਨਦਾਰੀ ਦੀ ਕੀਮਤ ਬੜੀ ਸਸਤੀ ਲਗਾ ਦਿੱਤੀ।

ਸ਼ਰਤਾਂ ਨਾਲ ਨਹੀਂ ਨਿਭਾਏ ਜਾਂਦੇ ਅੱਜ ਦਿਲਾਂ ਦੇ ਰਿਸ਼ਤੇ,
ਇਨ੍ਹਾਂ ਵਿਚ ਕਦੇ ਉਸ ਨੂੰ ਮੇਰੀ ਵਫਾਈ ਨਜ਼ਰ ਨਹੀਂ ਦਿੱਤੀ।

ਪਤਾ ਨੀ ਕੀ ਸੋਚ ਕੇ ਚਲੇ ਸੀ ਸਭ ਕੁਝ ਛੱਡ ਕੇ ਨਾਲ ਮੇਰੇ,
ਅਖੀਰ 'ਚ ਆ ਕੇ ਹੱਥ ਮੇਰੇ ਉਨ੍ਹਾਂ ਪੋਚੀ ਫੱਟੀ ਹੀ ਫੜਾ ਦਿੱਤੀ।

ਕੋਈ ਚੰਗਾ ਪੁੰਨ ਕੀਤਾ ਹੋਇਆ ਲਗਦਾ ਪਿਛਲੀ ਉਮਰੇ,
ਸ਼ੁਕਰ ਹੈ ਰੱਬਾ ਮੇਰੇ ਈਮਾਨ ਤੇ ਤੂੰ ਕਾਲਖ਼ ਨਾ ਮਲਣ ਦਿੱਤੀ।

ਜਸਪਾਲ ਸਿੰਘ ਮਹਿਰੋਕ,
ਸਨੌਰ (ਪਟਿਆਲਾ)

## ਨਹੁੰ ਮਾਸ ਦਾ ਰਿਸ਼ਤਾ

ਇੱਕ ਵਾਰ ਸੋਚੀਂ ਕਿਉਂ ਮੈਥੋਂ ਐਨਾ ਦੂਰ ਹੋਇਆ?
ਮਿਲਣਾ ਹੋਇਆ ਔਖਾ ਕਿਉਂ ਮਜਬੂਰ ਹੋਇਆ?

ਕਦੇ ਪੈਰੀਂ ਮੇਰੇ ਲਾ ਕੇ ਲੀੜੇ ਤਨ ਤੇ ਪਾਉਂਦਾ ਸੀ
ਕਿਉਂ ਆਪਣੇ ਆਪ ਚ ਐਨੇ ਹੁਣ ਮਗਰੂਰ ਹੋਇਆ?

ਐਸ ਵਾਰ ਵੀ ਰੱਖੜੀ ਫੇਰ ਖਰੀਦ ਕੇ ਰੱਖੀ ਮੈਂ
ਆਸ ਦਾ ਸੁਪਨਾ ਫੇਰ ਸੀ ਚਕਨਾਚੂਰ ਹੋਇਆ!!

ਸਾਡਾ ਵੀ ਹੋਇਆ ਵਿਆਹ ਪੁੱਤਰਾਂ ਵਾਲੇ ਆ
ਤੈਨੂੰ ਦਸ ਫੇਰ ਕਿਉਂ ਬਹੁਤਾ ਗਰੂਰ ਹੋਇਆ!!

ਨਹੁੰ ਮਾਸ ਦਾ ਰਿਸ਼ਤਾ ਹੁੰਦਾ ਭੈਣ ਭਰਾਵਾਂ ਦਾ
ਫੇਰ ਆਪਣਾ ਰਿਸ਼ਤਾ ਐਨਾ ਕਿਉਂ ਨਾਸੂਰ ਹੋਇਆ!!

ਵੱਡਾ ਏ ਤਾਂ ਬਾਪੂ ਵਾਂਗਰ ਸਾਇਆ ਈ ਮੰਗਿਆ ਸੀ
ਸ਼ਾਇਦ ਇਹੀ ਮੰਗ ਕੇ ਮੈਥੋਂ ਕੋਈ ਕਸੂਰ ਹੋਇਆ!!

ਮੈਂ ਨਹੀਂ ਮੰਗਦੀ ਸੂਟ ਨਾ ਪੈਸੇ ਧੇਲੇ ਵੇ ਵੀਰਾ
ਮੇਰੇ ਜਿਉਂਦੇ ਜੀਅ ਮਿਲ ਜਾਵੀਂ ਜੇ ਭਾਬੀ ਨੂੰ ਮਨਜ਼ੂਰ ਹੋਇਆ!!

ਇੱਕ ਵਾਰ ਹੀ ਫੇਰਾ ਪਾ ਜਾਈ ਜੇ ਰੁੱਸਾ ਤੇਰਾ ਦੂਰ ਹੋਇਆ॥

**ਸਰਬਜੀਤ ਕੌਰ ਹਾਜੀਪੁਰ**
**ਸ਼ਾਹਕੋਟ**

## ਜ਼ਖ਼ਮ....

ਜ਼ਖ਼ਮ ਜਿਹੜੇ ਹੋਏ ਅੰਦਰ,
ਉਹ ਹੌਲੀ ਹੌਲੀ ਰਿੱਸਦੇ ਨੇ।
ਫੋੜਿਆਂ ਵਾਂਗੂੰ ਧੁੱਖਦੇ ਰਹਿੰਦੇ,
ਹੱਥ ਲਾਇਆਂ ਵੀ ਫਿੱਸਦੇ ਨੇ।
ਆਪੋ-ਆਪਣੇ ਹਰ ਕੋਈ ਜਾਣੇ,
ਗਮ ਕਿੰਨੇ ਹਿੱਸੇ ਕਿੱਸਦੇ ਨੇ।
ਹਾਸਿਆਂ ਉੱਤੇ ਕਬਜ਼ਾ ਕਾਹਦਾ,
ਸਾਂਭੇ ਜਿਹੜਾ ਬੱਸ ਤਿੱਸਦੇ ਨੇ।
ਸੂਲਾਂ ਉੱਤੇ ਜਨਮ ਜਿਨ੍ਹਾਂ ਦਾ,
ਕੰਡਿਆਂ ਉੱਪਰ ਘਿੱਸਦੇ ਨੇ।
ਕੌਣ ਜਾਣੇ ਇਹ ਭੇਤ ਵੇ ਸੱਜਣਾਂ,
ਕਿੰਝ ਫੁੱਲ ਖਿੜੇ ਹੋਏ ਦਿੱਸਦੇ ਨੇ?
ਕਣਕ ਨਾਲ ਘੁਣ ਵਾਂਗਰਾਂ,
ਕਈ ਨਿੱਤ ਦਿਹਾੜੀ ਪਿੱਸਦੇ ਨੇ।
ਪੁੱਛੇ ਕੌਣ ਭਲਾ ਦੱਸੋ ਬਈ,
ਹੱਕ ਕਿੱਥੇ ਗੁਆਚੇ ਇਸਦੇ ਨੇ?
ਹੱਕ ਕਿੱਥੇ ਗੁਆਚੇ ਇਸਦੇ ਨੇ?



**ਮਨਜੀਤ ਕੌਰ ਧੀਮਾਨ**
**9464633059**

## ਸਵੇਰਾ ਹੋ ਗਿਆ

ਗ਼ਮਾਂ ਦਾ ਦੂਰ ਹਨੇਰਾ ਹੋ ਗਿਆ।
ਉਹ ਜਦ ਆਏ ਸਵੇਰਾ ਹੋ ਗਿਆ।

ਸੂਰਜ ਮੂਹਰੇ ਅੱਖਾਂ ਬੰਦ ਕਰਕੇ,
ਮੂਰਖ ਕਹਿੰਦਾ ਹਨੇਰਾ ਹੋ ਗਿਆ।

ਤੂੰ ਕਾਤਿਲ ਅਤੇ ਮਕਤੂਲ ਹਾਂ ਮੈਂ,
ਮੇਰਾ ਕੱਦ ਉਚੇਰਾ ਹੋ ਗਿਆ।

ਦਿਲ ਦੇ ਪਿੱਛੇ ਲੱਗ ਕੇ ਸੱਜਣਾ,
ਬੜਾ ਨੁਕਸਾਨ ਤੇਰਾ ਹੋ ਗਿਆ।

ਹੁਣ ਨਾ ਕੋਈ ਬੇਗਾਨਾ ਰਹਿਆ,
ਸਾਰਾ ਜੱਗ ਹੀ ਮੇਰਾ ਹੋ ਗਿਆ।

ਦਈ ਜਾਉ ਗ਼ਮ ਗ਼ਮਾਂ ਦੇ ਦੇਵਤਿਓ,
ਮੈਂ ਕਦ ਕਹਿਆ ਬਥੇਰਾ ਹੋ ਗਿਆ।



**ਡਾ.**

## ਦੀਪ ਜਗਾ ਲੈ....

ਪੀ ਲੈ ਖਾਹ ਲੈ।
ਮੌਜ ਮਨਾ ਲੈ।

ਦੋ ਘੜੀਆਂ ਬਹਿ,
ਚਿੱਤ ਪ੍ਰਚਾ ਲੈ।

ਇੱਕ ਦੂਜੇ ਨਾਲ,
ਪਿਆਰ ਵੰਡਾ ਲੈ।

ਨਾਮ ਗੁਰਾਂ ਦਾ,
ਦਿਲ 'ਚ ਵਸਾ ਲੈ।

ਗਊ ਗਰੀਬ ਦਾ,
ਭਲਾ ਤਕਾ ਲੈ।

ਸੱਚਾ ਸੁੱਚਾ,
ਇਸ਼ਕ ਕਮਾ ਲੈ।

ਕੱਲਾ ਨਾ ਰਹਿ,
ਯਾਰ ਬਣਾ ਲੈ।

'ਬੁਜਰਕ' ਪਿਆਰ ਦਾ,
ਦੀਪ ਜਗਾ ਲੈ।



**ਹਰਮੇਲ ਸਿੰਘ ਧੀਮਾਨ**

## ਹੁਣ ਘਰ ਦਾ

ਨਿੱਕਾ ਨਿੱਕਾ ਕਣ ਵੀ
ਮੈਨੂੰ ਵੱਢ ਖਾਣ ਨੂੰ ਪੈਂਦਾ ਹੈ,
ਏਦਾਂ ਲੱਗਦਾ ਹੈ
ਕਿ ਜਿਵੇਂ ਮੈਂ ਬੋਝ ਹੋ ਗਈ ਹੋਵਾਂ।
ਕਦੇ ਕਿਸੇ ਨਸ 'ਚੋਂ ਚੀਸ ਉੱਠਦੀ ਹੈ
ਤੇ ਕਦੇ ਕਿਸੇ 'ਚੋਂ
ਤਾਨਿਆਂ ਦੀਆਂ ਸਿਲਵਟਾਂ ਤੇ
ਪਈ ਨੂੰ ਅੰਦਰੋਂ ਭਾਂਬੜ ਤੰਗ ਕਰਦਾ ਹੈ...
ਗਰਜਣਾ ਚਾਹੁੰਦੀ ਹਾਂ ਮੈਂ
ਵਰ ਜਾਣਾ ਚਾਹੁੰਦੀ ਹਾਂ ...
ਤੇ ਕਹਿ ਦਿੰਦੀ ਹਾਂ ਉੱਚੇ ਸੁਰ ਵਿੱਚ
ਕਿ ਕੱਢ ਦਿਓ ਬਾਹਰ ਮੈਨੂੰ ਇਸ ਘੁੱਟਣ ਵਿਚੋਂ
ਮਨ ਹੀ ਮਨ ਸੋਚਦੀ ਹਾਂ
ਕਿ ਅਗਲੇ ਪੜਾਅ ਵਿਚ ਦਾਖ਼ਲ ਹੋ
ਸ਼ਾਇਦ ਮੈਂ ਸੌਖੀ ਹੋ ਜਾਵਾਂਗੀ।
ਪਰ ਜਿਵੇਂ ਛੋਟੇ ਬੱਚੇ ਨੂੰ ਪਹਿਲਾਂ ਪਹਿਲ
ਮੁਹਾਰਣੀ ਔਖੀ ਲੱਗਦੀ ਹੈ
ਜਿਵੇਂ ਅਗਲੀ ਜਮਾਤ ਵਿਚ
ਪਹੁੰਚ ਕੇ ਪਤਾ ਲੱਗਦਾ ਹੈ
ਕਿ ਪਿਛਲੀ ਜਮਾਤ ਦਾ ਕੰਮ ਸੌਖਾ ਸੀ
ਇਵੇਂ ਹੀ ਮੈਂ ਔਖੇ ਪੜਾਅ ਵੱਲ ਵੱਧਦੀ ਜਾਂਦੀ ਹਾਂ।
ਹਰ ਚੀਜ਼ ਔਖੀ ਲੱਗਦੀ,
ਜਦੋਂ ਮੈਂ ਉਸ ਨੂੰ ਹੰਢਾ ਰਹੀਂ ਹੁੰਦੀ
ਸੌਖਾਂ ਤਾਂ ਜਨਮ ਲੈਣਾ ਵੀ ਨਹੀਂ ਸੀ
ਜਦੋਂ ਵੀਰਜ ਦੌੜ ਲਾ ਰਹੇ ਸੀ ਤਾਂ
ਮੈਂ ਸਾਹੋ ਸਾਹੀ ਹੋ
ਉਹਨਾਂ ਨਾਲ ਲੜ ਕੇ
ਅੱਗੇ ਵੱਧ ਰਹੀ ਸੀ
ਬੜੀ ਜੱਦੋਜਹਿਦ ਕਰਨੀ ਪਈ ਮੈਨੂੰ
ਗਰਬ ਦੇ ਅੰਦਰ ਦਾਖ਼ਲ ਹੋਣ ਨੂੰ
ਆਖ਼ਰ ਹੋ ਹੀ ਗਈ ਸੀ ਮੈਂ ਕਾਮਯਾਬ
ਪਰ ਅਗਲੇ ਪੜਾਅ ਵਿਚ ਪ੍ਰਵੇਸ਼ ਕਰਕੇ ਪਤਾ ਲੱਗਾ
ਕਿ ਪਿੱਛਲੇ ਪੜਾਅ ਨੂੰ ਜਿੱਤਣਾ ਤਾਂ ਸੌਖਾ ਹੀ ਸੀ
ਪਰ ਇਹ ਪੁੱਠਾ ਲਟਕਣਾ ਬੜਾ ਔਖਾ
ਏਦਾਂ ਲੱਗ ਰਿਹਾ ਕਿ
ਜਿਵੇਂ ਮੈਂ ਕਿਸੇ ਤਗੜੇ ਗੁਨਾਹ ਦੀ ਸਜ਼ਾ ਪਾ ਰਹੀਂ ਹੋਵਾਂ
ਏਦਾਂ ਹੀ ਪੜਾਅ ਦਰ ਪੜਾਅ
ਬੀਤ ਜਾਂਦੇ ਨੇ....
ਢਲਾਣ ਵੱਲ ਜਾਣ ਲਈ
ਉਚਾਈ ਤੇ ਤਾਂ ਚੜਣਾ ਹੀ ਪੈਂਦਾ ਹੈ।



**ਜੋਬਨਰੂਪ ਛੀਨਾ**

## ਧੀ

ਕਿਵੇਂ ਕੋਈ ਮਨਚਲਾ ਫ਼ਬਤੀਆ ਕਸਦਾ
ਕਿਸੇ ਸੁਨੱਖੀ ਮੁਟਿਆਰ ਤੇ

ਕਿਵੇਂ ਖਾ ਜਾਣ ਵਾਲੀਆਂ ਨਜ਼ਰਾਂ
ਨਾਲ ਪੀ ਜਾਣਾ ਚਾਹੁੰਦਾ ਉਸਦੇ ਰੂਪ ਨੂੰ

ਕਿਵੇਂ ਰੋਲ ਦਿੱਤੀ ਜਾਂਦੀ ਪੱਤ ਕਿਸੇ
ਅਣਭੋਲ ਬਾਲੜੀ ਦੀ

ਕਿਵੇਂ ਤੋਰਿਆ ਜਾਂਦਾ ਉਸਨੂੰ
ਪਰਾਏ ਘਰ
ਦੇ ਕੇ ਕਰਜ਼ੇ ਤੇ ਲਿਆ ਸਮਾਨ

ਕਿਵੇਂ ਨਜ਼ਰ ਅੰਦਾਜ਼ ਕੀਤੀਆਂ ਜਾਂਦੀਆ
ਉਸ ਦੀਆਂ ਬਦਸਲੂਕੀ ਦੀਆਂ ਸ਼ਿਕਾਇਤਾਂ

ਕਿਵੇਂ ਤਰਲਿਆਂ ਦੇ ਬਾਵਜੂਦ
ਛੱਡ ਦਿੱਤਾ ਜਾਂਦਾ ਸਹੁਰਿਆਂ ਦੇ
ਰਹਿਮੋ ਕਰਮ ਤੇ

ਕਿਵੇਂ ਮੰਗਦੇ ਹਾਂ ਇਨਸਾਫ਼
ਉਸਦੇ ਸੜ ਮਰਨ ਤੋਂ ਬਾਦ

ਕਿਵੇਂ ਥਾਣੇ ਮੂਹਰੇ ਬਹਿ ਜਾਂਦੇ
ਲੈ ਕੇ ਉਸਦੀ ਲਾਸ਼

ਧੀਆਂ ਕਿਤੇ ਭਾਰੀਆਂ ਹੁੰਦੀਆਂ
ਬਸ ਭਾਰੇ ਹੁੰਦੇ
ਉਹਨਾਂ ਦੇ ਦੁੱਖ

ਧੀਆਂ ਤਾਂ ਧਿਰਾਂ ਹੁੰਦੀਆਂ
ਪਰ ਜੇ
ਜੰਮਣ ਦਿੱਤੀਆਂ ਜਾਣ!!



**ਹਰਪ੍ਰੀਤ ਕੌਰ ਸੰਧੂ**

## ਦੱਲੇ

ਦੱਲਿਆਂ ਦੀ ਦੱਲੇ ਇੱਜ਼ਤ ਕਰਦੇ,
ਇੱਜ਼ਤਦਾਰ ਬੇਇੱਜ਼ਤ ਹੋਵੇ।
ਗੱਲ ਕਹੀ ਮੇਰੀ ਕੌੜੀ ਲੱਗੂ,
ਪਰ ਭੱਠਲ 'ਨਾ ਸੱਚ ਲੁਕੋਵੇ।
ਸੱਚ ਬੋਲਣ ਤੇ ਮਾਰ ਦੇਵੋ ਮੈਨੂੰ,
ਏਡਾ ਵੀ ਮੈਥੋਂ ਪਾਪ ਨੀ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਨੇਫੇ ਨੂੰ ਹੱਥ ਪਾ ਲੈਂਦੇ,
ਮਜਬੂਰ ਕਿਸੇ ਦੀ ਧੀ ਜੇ ਹੋਵੇ।
ਅਣਖ ਜਾਗ ਪੈਂਦੀ ਏ ਆਪਣੀ
ਜੇ ਮੁੰਡੇ ਕੋਲ ਖੜ੍ਹੀ ਵੀ ਹੋਵੇ।
ਜਦੋਂ ਕਿਸੇ ਦੀ ਇੱਜ਼ਤ ਲੁੱਟੀ,
ਅਣਖ ਦਾ ਉਦੋਂ ਅਹਿਸਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਆਪ ਬਿਗਾਨੀਆਂ ਇੱਜ਼ਤਾਂ ਤੱਕੋ,
ਆਪਣੀ ਨਾ ਦਰੋਂ ਬਾਹਰ ਖਲੋਵੇ।
ਤੇਰਾ ਦਿਲ ਵੀਰੇ ਮੋਹਵੇ ਬੇਗਾਨੀ,
ਧੀ ਤੇਰੀ ਦਿਲ ਕਿਸੇ ਦਾ ਮੋਹਵੇ।
ਆਪਣੀ ਤੱਕਦਿਆਂ ਵੇਖ ਕਿਸੇ ਨੂੰ,
ਗੁੱਸਾ ਕਾਹਤੋਂ ਸ਼ਾਂਤ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਜੰਮਣ ਵਾਲੀ ਥਾਂ ਫੜਦੇ ਓ,
ਥੋਡੇ ਲਈ ਕੋਈ ਹਾਰ ਪਰੋਵੇ ।
ਗਾਲ੍ਹ ਲੈਣ ਤੇ ਤੇਲ ਚੋਂਦਾ ਕੋਈ,
ਥੋਡੇ ਲਈ ਜੋ ਅਗਲਾ ਚੋਵੇ।
ਮਾਂ ਦੀ ਗਾਲ੍ਹ ਲੈ ਚੁੱਪ ਕਰ ਜਾਏ,
ਮਤਾ ਐਸਾ ਕੋਈ ਪਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਕਈ ਕਹਿੰਦੇ ਕੁੜੀ ਲੱਚਰ ਲਿਖਦੀ,
ਸੱਚ ਕਈਆਂ ਨੂੰ ਲੱਚਰ ਲੱਗਦਾ।
ਮੇਰੀ ਕਲਮ ਤਾਂ ਉਹੀ ਲਿਖਦੀ,
ਜਿਹੜਾ ਵੀਰੇ ਸੱਚ ਹੈ ਅੱਜ ਦਾ।
ਮਾਂ ਨੇ ਧੀ ਆਸ਼ਕ ਲਈ ਮਾਰੀ ,
ਅਜੇ 'ਵੀਰਪਾਲ' ਕੁਝ ਖ਼ਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

**ਵੀਰਪਾਲ ਕੌਰ ਭੱਠਲ**

## ਬਿਸਕੁਟਾਂ ਵਾਲਾ ਪੀਪਾ

ਨਾਨੀ ਮੇਰੀ ਬਿਸਕੁਟ ਲਿਆਈ,
ਦੇਸੀ ਘਿਓ ਵਿੱਚ ਪਾਇਆ।
ਮੈਥੋਂ ਚਾਅ ਨਾ ਜਾਵੇ ਚੁੱਕਿਆ,
ਸੀ ਜਦੋਂ ਸਕੂਲੋਂ ਆਇਆ।
ਆਉਣ ਸਾਰ ਬਸਤਾ ਰੱਖਿਆ,
ਪੀਪੇ ਵੱਲ ਨੂੰ ਝਾਕਾਂ।
ਅੰਦਰ ਮੇਰੀ ਨਾਨੀ ਬੈਠੀ ਸੀ,
ਮੈਨੂੰ ਮਾਰੇ ਹਾਕਾਂ।
ਜਦ ਮੈਂ ਵੇਖਿਆ ਨਾਨੀ ਵੱਲ ਨੂੰ,
ਝੋਲਾ ਸੀ ਉਸ ਕੋਲੇ।
ਫੇਰ ਮੈਨੂੰ ਡਰ ਵੀ ਕੀਹਦਾ,
ਮੈ ਦੋਵੇਂ ਝੱਟ ਫਰੋਲੇ।
ਮੰਮੀ ਨੇ ਮੇਰੀ ਵਰਦੀ ਲਾਹੀ,
ਨਾਲੇ ਮੈਨੂੰ ਸਮਝਾਇਆ।
ਵੇਖੋ ਬੇਟਾ ਏਦਾਂ ਨੀਂ ਕਰੀਦਾ,
ਜਦ ਹੋਵੇ ਕੋਈ ਆਇਆ।
ਨਾਲੇ ਖੇਡਾਂ ਨਾਲੇ ਕੱਪੜੇ,
ਕੋਟ ਪੈਂਟ ਤੇ ਟਾਈ।
ਬੜਾ ਕੁਝ ਸੀ ਝੋਲੇ ਅੰਦਰ,
ਨਾਨੀ ਮੇਰੀ ਲਿਆਈ।
ਮੈਂ ਵੇਖ ਵੇਖ ਖ਼ੁਸ਼ ਹੋਈ ਜਾਵਾਂ,
ਕਿੰਨੀਆਂ ਸਾਰੀਆਂ ਚੀਜ਼ਾਂ।
ਨਾਨੀ ਮੇਰੀ ਜਦ ਵੀ ਆਵੇ,
ਪੂਰੀਆਂ ਕਰਦੀ ਰੀਝਾਂ।
ਮੈਨੂੰ ਆਪਣੇ ਕੋਲ ਬਿਠਾ ਕੇ,
ਨਾਲੇ ਸੁਣਾਵੇ ਬਾਤਾਂ।
ਦਿਨ ਵੀ ਲੰਘਣ ਚਾਈਂ ਚਾਈਂ,
ਵਧੀਆ ਲੰਘਣ ਰਾਤਾਂ।
ਨਾਲ ਦੇ ਮੇਰੇ ਹਾਣੀ ਆਖਣ,
ਨਾਨੀ ਦੇ ਦੇ ਉਧਾਰੀ।
ਪੱਤੋ, ਨੇ ਝੱਟ ਮਨਾ ਸੀ ਕੀਤਾ,
ਇਹ ਕੋਈ ਨੀਂ ਯਾਰੀ।

**ਹਰਪ੍ਰੀਤ ਪੱਤੋ**
**94658-21417**

## ਅਉਧ!

ਹਕੀਕਤ ਐਨੀ ਕਿ,
ਸਫ਼ਰ ਤੇਰੇ ਨਾਲ,
ਉਮਰ ਭਰ ਦਾ ਰਿਹਾ।
ਤੇਰੀਆਂ ਅੱਖਾਂ 'ਚ,
ਅੰਮ੍ਰਿਤ,
ਛਲਕਦਾ ਹੀ ਰਿਹਾ।

ਸਿਜਦਾ ਰੱਬ ਨੂੰ,
ਕਰਾਂ ਜਾਂ,
ਪਿਆਰ ਨੂੰ ਤੇਰੇ।
ਤੇਰੀਆਂ ਅੱਖਾਂ 'ਚ,
ਸੂਰਜ,
ਮਘਦਾ ਹੀ ਰਿਹਾ।

ਬੰਦ ਰਹੀਆਂ ਜਾਂ ਖੁੱਲ੍ਹੀਆਂ,
ਜਦ ਵੀ ਅੱਖੀਆਂ।
ਨਸ਼ਾ ਪਿਆਰ ਦਾ,
ਤੇਰਾ,
ਪਲਮਦਾ ਹੀ ਰਿਹਾ।

ਖ਼ਾਮੋਸ਼ ਹੋ ਜਾਈਏ,
ਇਕੱਠਿਆਂ,
ਮਿਹਰ ਕਰੇ ਜੇ ਕੁਦਰਤ।
ਸਾਵਣ ਪਿਆਰ ਦਾ,
ਅਜ਼ਲਾਂ ਤੋਂ,
ਬਰਸਦਾ ਹੀ ਰਿਹਾ।

ਤਮੰਨਾ ਹੋਰ,
ਹੁਣ ਕਿਹੜੀ,
ਅਉਧ ਪੁਗਾ ਲਈ ਸਾਰੀ।
ਸਿਜਦਾ ਆ,
ਹੁਣ ਕਰੀਏ,
ਜੋ ਅੰਦਰ,
ਧੜਕਦਾ ਹੀ ਰਿਹਾ।



**ਜਸਪਾਲ ਜੱਸੀ**

## ਜੀਵਨ ਮਨੋਰਥ

ਦੁਨੀਆਂ ਵਾਲ਼ੇ ਦੇਖ ਰਹੇ ਜੋ ਤੂੰ ਕਰਦਾ ਹੈਂ,
ਫਸਕੇ ਮਾਇਆ ਤਿਲ ਤਿਲ ਤੂੰ ਮਰਦਾ ਹੈਂ।
ਪਾਪਾਂ ਦੀ ਪੰਡ ਸਿਰ ਚੁੱਕੀ ਹੈ ਖ਼ਬਰ ਨ੍ਹੀਂ,
ਹੁੱਬ ਹੁੱਬ ਬੈਠੀ ਜਾਨਾਂ ਅੰਦਰੋਂ ਖਰਦਾ ਹੈਂ।

ਵੈਰੀ ਤੇਰੇ ਨਫਰਤ,ਨਿੰਦਿਆ,ਚੁਗਲੀ ਨੇ,
ਵਿਸਾਹ ਕੇ ਧੋਖੇ ਦੇਣੋਂ ਨਹੀ ਤੂੰ ਟਲ਼ਦਾ ਹੈਂ,
ਹੁੱਕਾ-ਪਾਣੀ ਬੰਦ ਕਰਕੇ ਬਦਖੋਹੀਆਂ ਦੇ,
ਹੱਕ-ਹਲਾਲ ਦੀ ਛੱਡਕੇ ਨਿੱਤ ਛਲ਼ਦਾ ਹੈਂ।

ਕਰਦੈਂ ਚਤੁਰਾਈ ਸਮਝਕੇ ਬੁੱਧੂ ਲੋਕਾਂ ਨੂੰ,
ਬੁੱਝੇ ਉਹ ਤੇਰੀਆਂ ਕਾਲ਼ੀਆਂ ਕਰਤੂਤਾਂ ਨੂੰ।
ਕਬੂਤਰ ਵਾਂਗਰ ਅੱਖਾਂ ਮੀਟੀ ਤੂੰ ਬੈਠਾ ਹੈਂ,
ਸਾਂਭੀ ਜੰਤਾ ਫਿਰਦੀ ਹੈ ਸਮੂਹ ਸਬੂਤਾਂ ਨੂੰ।

ਹੋ ਜੇਂ ਸ਼ਾਂਤ ਵਾਂਗ ਝੀਲ ਦੇ ਜਦੋਂ ਸੱਜਣਾ ਤੂੰ,
ਅਸਲੀ ਚੇਹਰਾ ਸ਼ੀਸ਼ੇ ਵਾਗਰਾਂ ਦਿਸਦਾ ਹੈ।
ਲੱਖ ਛੁਪਾ ਲਏਂ ਔਗੁਣ ਅਪਣੇ ਜੱਗ ਕੋਲੋਂ,
ਡਰ ਗੁਨਾਹ ਦਾ ਨਸੂਰ ਬਣਕੇ ਰਿਸਦਾ ਹੈ।

ਸਾਫ਼ਗੋਈ ਦੀ ਚਾਦਰ ਤਨ 'ਤੇ ਪਹਿਨ ਲਵੇਂ,
ਬਣਕੇ ਨਿਮਰ-ਦਲੇਰ ਜੀਉਣਾ ਜੇ ਆ ਜਾਵੇ।
ਨੰਗਾ ਪੁੱਤ ਚੋਰਾਂ ਵਿੱਚ ਜੀਅ ਜੀਅ ਕੇ ਖੇਲ੍ਹੇ,
ਜਨਮ ਸੁਹੇਲਾ ਨਾਲ਼ ਈਮਾਨ ਜੇ ਨਿਭ ਜਾਵੇ।

ਯਾਦ ਰੱਖੇਗੀ ਖ਼ਲਕ ਰਹਿੰਦੀ ਦੁਨੀਆਂ ਤੱਕ,
ਇਨਸਾਨਾਂ ਦੇ ਦੁੱਖ ਦਰਦ ਕਿਤੇ ਘਟਾ ਜਾਵੇਂ।
ਵਿੱਚ ਹੰਕਾਰ ਦੇ ਅੰਨ੍ਹਾ ਹੋ ਫਿਰਨਾ ਛੱਡ ਦੇਹ,
ਕਰਕੇ ਭਲਾ ਸਰਬੱਤ ਦਾ ਹੁਕਮ ਵਜਾ ਜਾਵੇਂ।

**ਸੇਵਾ ਸਿੰਘ "ਨੂਰਪੁਰੀ"**

## ਸੱਚ ਸੁਣੋ

ਕਿਸੇ ਨੇ ਤੇਰੀ ਉਮਰ ਨਾ ਲਿਖੀ
ਕਿਸੇ ਨਾ ਲਿੱਖੇ ਲੇਖ

ਰੱਬੀ ਭਰਮ ਦੀ ਧਰਮ ਰੰਗਲੀ
ਪੱਟੀ ਖੋਲ ਕੇ ਵੇਖ

ਤੇਰੇ ਹੱਥ ਵਿੱਚ ਜ਼ਿੰਦਗੀ ਤੇਰੀ
ਠੋਕ ਅਕਲ ਵਿੱਚ ਮੇਖ

ਰੂੜੀਵਾਦੀ ਤੰਦ ਦਾ ਬੁਣਿਆ
ਲਾਹ ਧਰਮ ਦਾ ਭੇਖ

ਕਿਸਮਤ ਤੇ ਨਾ ਛੱਡੀ ਜ਼ਿੰਦਗੀ
ਅੱਗੇ ਪਿੱਛੇ ਦੇਖ

ਰੱਖ ਭਰੋਸਾ ਖ਼ੁਦ ਤੇ ਬਿੰਦਰਾ
ਜੀਣ ਦੇ ਲਿਖ ਉਲੇਖ



**ਬਿੰਦਰ ਸਾਹਿਤ ਕਨੇਡਾ**

## ਮੈਂ ਤੇ ਮੇਰੀ ਸ਼ਰਾਬ!

ਖ਼ੂਨ ਮੇਰੇ ਵਿੱਚ ਰਚ ਗਈ ਦਾਰੂ
ਅੰਗ ਅੰਗ ਤੇ ਹੋ ਗਈ ਭਾਰੂ
ਹੁਣ ਜੇ ਪੀਵਾਂ ਤਾਂ ਵੀ ਮਰਦਾ
ਨਾ ਪੀਵਾਂ ਤਾਂ ਤਿਲ ਤਿਲ ਮਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਸੀ ਜਦ ਬਾਪੂ ਕੰਮ ਤੋਂ ਆਉਂਦਾ
ਆਪਣੀ ਬੋਤਲ ਨਾਲ ਲਿਆਉਂਦਾ
ਕੋਲ੍ਹ ਜਾਕੇ ਮੈਂ ਬਹਿ ਜਾਂਦਾ ਸੀ
ਜਦ ਨਮਕੀਨ ਮੇਜ ਤੇ ਧਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਸੀਗਾ ਬਚਪਨ ਮਸਾਂ ਹੰਢਾਇਆ
ਪਹਿਲਾ ਵਿਆਹ ਚਾਚੇ ਦਾ ਆਇਆ
ਤਾਏ, ਫੁੱਫੜ ਵੇਖ ਵੇਖਕੇ
ਪੀ ਬੈਠਾ ਘੁੱਟ ਡਰਦਾ ਡਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਇੱਕ ਦਿਨ ਵੋਟਾਂ ਵਾਲੇ ਆ ਗਏ
ਪੂਰੀ ਬੋਤਲ ਇੱਕ ਫੜਾ ਗਏ
ਇੱਕ ਗਏ ਫਿਰ ਦੂਜੇ, ਤੀਜੇ........
ਉਹ ਗਏ ਵੰਡਦੇ ਮੈਂ ਰਿਹਾ ਫੜਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਪੀ ਪੀ ਮੁਫ਼ਤ ਦੀ ਹੋ ਗਿਆ ਆਦੀ
ਸ਼ੁਰੂ ਹੋਈ ਧਨ ਦੀ ਬਰਬਾਦੀ
ਫਿਰ ਠੇਕੇ ਗੇੜੇ ਤੇ ਗੇੜਾ
ਹੋਕੇ ਨਿੱਤ ਟੱਲੀ ਘਰ ਵੜਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਦੇਸੀ, ਇੰਗਲਿਸ਼, ਘਰ ਦੀ ਕੱਢੀ
ਸਹੁੰ ਰੱਬ ਦੀ ਫਿਰ ਕੋਈ ਨਾ ਛੱਡੀ
ਪਊਏ ਤੋਂ ਅਧੀਆ ਫਿਰ ਬੋਤਲ
ਲਿਹਾ ਨਾ ਥੱਲੇ ਗਿਆ ਹੀ ਚੜ੍ਹਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਬਹੁਤ ਚੰਗਾ ਵਿਦਿਆਰਥੀ ਸੀ ਮੈਂ
ਨੇਕ ਕੰਮਾਂ ਦਾ ਸਾਰਥੀ ਸੀ ਮੈਂ
ਕਹਿੰਦੇ ਲੋਕ ਸੀ 'ਗੁਣਾ ਦੀ ਗੁੱਥਲੀ'
ਜ਼ੀਰੋ ਅੱਜ ਸ਼ਰਾਬ ਨੇ ਕਰਤਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਰੋਮੀ ਪੱਕਾ ਹੋਇਆ ਪਿਅੱਕੜ
ਹੁੰਦੀ ਜਿਵੇਂ 'ਬਾਂਸ ਦੀ ਲੱਕੜ'
'ਛਾਲ੍ਹ ਮਾਰ ਉਠ ਜਾਂਦੇ ਕੀੜੇ'
ਜਦ ਵੀ ਪਿੰਡ ਘੜਾਮੇਂ ਵੜਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ

ਖ਼ੂਨ ਮੇਰੇ ਵਿੱਚ ਰਚ ਗਈ ਦਾਰੂ
ਅੰਗ ਅੰਗ ਤੇ ਹੋ ਗਈ ਭਾਰੂ
ਹੁਣ ਜੇ ਪੀਵਾਂ ਤਾਂ ਵੀ ਮਰਦਾ
ਨਾ ਪੀਵਾਂ ਤੇ ਤਿਲ ਤਿਲ ਮਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ
ਲੋਕ ਕਹਿਣ ਮੈਂ ਚੋੜਾਂ ਕਰਦਾ



**ਰੋਮੀ ਘੜਾਮੇਂ ਵਾਲਾ**
**98552-81105**

## ਕਵਿਤਾ

ਦੋ ਕਣੀਆਂ ਬਰਸਾਤ ਕੀ ਪਈ,
ਦਿਲ ਮਰ ਜਾਣਾ ਕੱਢ ਬੈਠਾ ਏ,
ਯਾਦਾਂ ਵਾਲੀ ਫੇਰ ਪੁਰਾਣੀ ਵਹੀ।

ਉਹ ਕਾਲਜ ਦੀ ਕੰਟੀਨ ਚ ਬੈਠੇ,
ਚਾਹ ਦੀ ਚੁਸਕੀ ਲੈਂਦੇ ਲੈਂਦੇ,
ਜਦ ਉਸਨੇ ਗੱਲ ਸੀ ਦਿਲ ਦੀ ਕਹੀ।

ਥੋੜਾ ਜਿਹਾ ਹੈਰਾਨ ਤਾਂ ਮੈਂ ਵੀ ਹੋਇਆ ਸੀ,
ਅੰਦਰੋਂ ਖ਼ੁਸ਼ੀ ਵੀ ਸਾਂਭੀ ਨਹੀਂ ਸੀ ਜਾਂਦੀ,
ਸੱਧਰਾਂ ਨੱਚਣ ਲੱਗੀਆਂ ਕਈ।

ਪਰ ਵਕਤ ਦੇ ਅੱਗੇ ਚੱਲਦਾ ਜ਼ੋਰ ਨਹੀਂ,
ਆਖ਼ਿਰ ਬਦਲ ਗਏ ਸੀ ਰਾਹ ਸਾਡੇ,
ਅਜੇ ਵੀ ਦਿਲ ਚੋਂ ਪੀੜ ਨਾ ਗਈ।

**ਵਿਕਰਮ ਚੀਮਾ**

Dosanjh Family
AUTO GROUP

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD